ਅਕਤੂਬਰ 2024

# ਗੁਰਮਤਿ ਵਿਰਸਾ
# GURMAT VIRSA ਗੁਰਮਤਿ ਵਿਰਸਾ

ਸਚ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

Year-6, Issue-3, October 2024, Ludhiana gurmatvirsa@gmail.com Multilingual Price 25/-

## ਸੇਵਾ ਤੇ ਸਿਮਰਨ ਦੀ ਮੂਰਤ ਸ੍ਰੀ ਗੁਰੂ ਅਮਰ ਦਾਸ

ਗੁਰਦੁਆਰਾ
ਗੋਇੰਦਵਾਲ
ਸਾਹਿਬ




## ਸਿੱਖ ਰਹਿਤ ਮਰਿਯਾਦਾ ਦੀ ਮਹਾਨਤਾ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ


ਕੇਂਦਰ ਜੰਮੂ ਦੇ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ


ਕੇਂਦਰ ਜੰਮੂ ਦੇ ਗੁਰਦੁਆਰਾ ਸਾਹਿਬ ਮਮਕਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ


ਕੇਂਦਰ ਜੰਮੂ ਦੇ ਗੁਰਦੁਆਰਾ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ


ਕੇਂਦਰ ਤਰਨਤਾਰਨ ਦੇ ਪਿੰਡ ਕੋਟਦਾਤਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਕੇਂਦਰ ਤਰਨਤਾਰਨ ਦੇ ਪਿੰਡ ਸੁਹਾਵਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਕੇਂਦਰ ਤਰਨਤਾਰਨ ਦੇ ਸ.ਸ.ਸ.ਸ. ਹਰੀ ਸਿੰਘ ਸਕੂਲ ਨੰਦਪੁਰ ਵਿਖੇ ਲੱਗ ਰਹੀ ਗੁਰਮਤਿ ਕਲਾਸ।


ਕੇਂਦਰ ਪਰਿੰਗੜੀ ਵਿਖੇ ਲੱਗ ਰਹੀਆਂ ਬੱਚਿਆਂ ਧਾਰਮਿਕ ਕਲਾਸ।


ਕੇਂਦਰ ਤਰਨਤਾਰਨ ਦੇ ਪਿੰਡ ਰੂੜੇਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਕੇਂਦਰ ਕਾਲੇਵਾਲ ਲੱਲੀਆਂ ਵਿਖੇ ਪਿੰਡ ਵਾਸੀਆਂ ਅਤੇ ਪ੍ਰਬੰਧਕ ਵੀਰਾਂ ਨਾਲ ਕਲਾਸ ਲਗਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।


ਕੇਂਦਰ ਗੁੱਜਰਵਾਲ ਵਲੋਂ ਸ.ਸ.ਸ.ਸ ਸਕੂਲ ਡੇਹਲੋਂ ਵਿਖੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਗੁਰਮਤਿ ਕਲਾਸ ਲਗਾਉਂਦੇ ਹੋਏ।

# ਗੁਰਮਤਿ ਵਿਰਸਾ

**ਅਕਤੂਬਰ 2024** **(ਮਾਸਿਕ ਮੈਗਜ਼ੀਨ)**



**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ



ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਅੱਸੂ-ਕੱਤਕ ਮਹੀਨੇ ਦੇ ਖਾਸ ਦਿਹਾੜੇ

| | |
|---|---|
| - ਮੇਲਾ ਬੀੜ ਬਾਬਾ ਬੁੱਢਾ ਜੀ | : 21 ਅੱਸੂ (5 ਅਕਤੂਬਰ) |
| - ਪ੍ਰਕਾਸ਼ ਪਾਤਸ਼ਾਹੀ ਚੌਥੀ | : 25 ਅੱਸੂ (9 ਅਕਤੂਬਰ) |
| - ਗੁਰਗੱਦੀ ਪਾਤਸ਼ਾਹੀ ਅੱਠਵੀਂ | : 6 ਕੱਤਕ (20 ਅਕਤੂਬਰ) |
| - ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | : 6 ਕੱਤਕ (20 ਅਕਤੂਬਰ) |
| - ਜੋਤੀ-ਜੋਤਿ ਪਾਤਸ਼ਾਹੀ ਸੱਤਵੀਂ | : 6 ਕੱਤਕ (20 ਅਕਤੂਬਰ) |
| - ਜੋਤੀ-ਜੋਤਿ ਗੁਰੂ ਗੋਬਿੰਦ ਸਿੰਘ ਜੀ | : 7 ਕੱਤਕ (21 ਅਕਤੂਬਰ) |
| - ਸਾਕਾ ਪੰਜਾ ਸਾਹਿਬ | : 14 ਕੱਤਕ (28 ਅਕਤੂਬਰ) |


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act


**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 11 |
| ਸਿੱਖੀ ਅਤੇ ਸਿੱਖ ਕੌਮ ਦੇ ਸਰਬਨਾਸ਼ ਦੇ ਅਸਲ ਗੁਨਾਹਗਾਰ | 12 |
| ਸਚੁ ਦਾ ਸਾਖਿਆਤਕਾਰ- ਗੁਰੂ ਨਾਨਕ | 14 |
| ਸੇਵਾ ਤੇ ਸਿਮਰਨ ਦੀ ਮੂਰਤ ਸ੍ਰੀ ਗੁਰੂ ਅਮਰ ਦਾਸ | 16 |
| ਧੰਨੁ ਧੰਨੁ ਰਾਮਦਾਸ ਗੁਰ | 17 |
| ਬਣੇ ਹਾਲਾਤ ਮੁਤਾਬਕ ਸਿੱਖ ਪੰਥ ਦਾ ਭਾਰਤ ਨਾਲ ਰਹਿਣ ਦਾ... | 19 |
| ਗਿ. ਜਗਤਾਰ ਸਿੰਘ ਜਾਚਕ ਦੀ ਪੁਸਤਕ 'ਪਾਠ-ਭੇਦ ਗਾਥਾ... | 21 |
| ਨੰਨੇ ਵਾਰਸ | 22 |
| ਸਾਡਾ ਇਤਿਹਾਸ ਨੰ. 2 | 24 |
| ਚੱਲਦੀ ਫਿਰਦੀ ਸੰਸਥਾ ਵਰਗੀ ਸ਼ਖਸੀਅਤ ਸਨ... | 29 |
| ਕਾਵਿ ਕਿਆਰੀ | 30 |
| ਥਾਣੇਦਾਰ ਦੇ ਹਾਵ-ਭਾਵ | 31 |
| Guru Ramdas Ji | 33 |
| **ਧਨ੍ਨੁ ਧਨ੍ਨੁ ਰਾਮਦਾਸ ਗੁਰੂ** | **34** |
| ਸਿਹਤ ਸੰਭਾਲ | 37 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਅਗਸਤ ਮਹੀਨੇ ਦੀਆਂ ਸਰਗਰਮੀਆਂ | 41 |


## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ



# ਸਿੱਖ ਰਹਿਤ ਮਰਿਯਾਦਾ ਦੀ ਮਹਾਨਤਾ

**ਸਿੱਖ ਮਰਿਯਾਦਾ ਦੀ ਲੋੜ**

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਇੱਕ ਸਭਿਅਕ ਸਮਾਜ ਠੋਸ ਨਿਯਮਾਂ ਤਹਿਤ ਚਲਦਾ ਹੈ।ਸਮਾਜ ਦੀ ਨਿਰਧਾਰਤ ਕੀਤੀ ਨਿਯਮਾਂਵਲੀ ਨੂੰ ਮਰਿਯਾਦਾ ਕਿਹਾ ਜਾਂਦਾ ਹੈ। ਮਰਿਯਾਦਾ ਇਕ ਅਜੇਹਾ ਸੂਤਰ ਹੈ ਜੋ ਧਾਰਮਿਕ ਏਕਤਾ, ਇਕਸੁਰਤਾ, ਇਕਸਾਰਤਾ ਦੀ ਜਾਮਨੀ ਭਰਦਾ ਹੈ। ਸਿੱਖ ਰਹਿਤ ਮਰਿਯਾਦਾ ਛੋਟਾ ਜੇਹਾ ਦਸਤਾਵੇਜ਼ ਹੈ ਜਿਸ ਵਿੱਚ ਸਿੱਖ ਦੀ ਨਿੱਜੀ ਜ਼ਿੰਦਗੀ, ਸਿੱਖ ਫਲਸਫਾ, ਪ੍ਰੰਪਰਾਵਾਂ, ਸਮਾਜਿਕ ਬੰਧਾਨ ਤੇ ਧਾਰਮਿਕ ਰਹੁਰੀਤੀ ਨੂੰ ਸਰਲ ਤੇ ਸਾਦੇ ਢੰਗ ਨਾਲ ਅੰਕਤ ਕੀਤਾ ਗਿਆ ਹੈ।




ਮਾਰਚ 1900 ਈ. ਨੂੰ ਅਖ਼ਬਾਰ 'ਆਮ' ਦੇ ਸੰਪਾਦਕ ਨੇ ਸਿੱਖ ਧਰਮ ਦੀ ਨਿੰਦਿਆਂ ਕਰਦਿਆਂ ਮਸਲਾ ਉਠਾਇਆ ਸੀ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਦੇ ਪੜ੍ਹਨੇ ਤੇ ਭੀ ਸਿੱਖਾਂ ਦੀ ਰਾਹੇ ਰਸਮ ਅਤੇ ਕਾਰ-ਵਿਹਾਰ ਦਾ ਕੋਈ ਕਥਨ ਨਹੀਂ ਮਿਲਦਾ। ਇਸ ਦੇ ਪ੍ਰਤੀਕਰਮ ਵਿੱਚ ਗਿਆਨੀ ਦਿੱਤ ਸਿੰਘ ਜੀ ਨੇ 'ਖਾਲਸਾ ਅਖ਼ਬਾਰ' ਲਾਹੌਰ ਵਿੱਚ ਮਿਤੀ 6 ਅਪ੍ਰੈਲ 1900 ਈ. ਨੂੰ ਉੱਤਰ ਦਿੱਤਾ ਕਿ-

"ਜਦ ਅਸੀਂ ਹਿੰਦੂਆਂ ਦੇ ਵੇਦਾਂ ਨੂੰ ਭੀ ਦੇਖਦੇ ਹਾਂ ਤਦ ਵੀ ਏਹੋ ਪਾਉਂਦੇ ਹਾਂ ਕਿ ਉਨ੍ਹਾਂ ਵਿੱਚ ਭੀ ਹਿੰਦੂਆਂ ਦੀ ਰਾਹੋ ਰਸਮ ਦਾ ਕੋਈ ਕਥਨ ਨਹੀਂ ਹੈ, ਪ੍ਰੰਤੂ ਵੇਦਾਂ ਦੇ ਮਗਰੋਂ ਮਨੂੰ ਜੈਸੇ ਰਿਖੀਆਂ ਨੇ ਧਰਮ ਸ਼ਾਸਤ੍ਰ ਬਨਾਏ ਜਿੰਨ੍ਹਾਂ ਤੇ ਸਾਰੇ ਕਾਰ-ਵਿਹਾਰ ਅੱਜ ਚਲ ਰਹੇ ਹਨ—ਪਰ ਜਦੋਂ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਦਾ ਵਿਚਾਰਦਾ ਹੈ ਤਾਂ ਸਾਰੀ ਸਮਝ ਆ ਜਾਂਦੀ ਹੈ। ਫਿਰ ਵੀ ਨਿੱਜੀ, ਸਮਾਜਿਕ, ਧਾਰਮਿਕ ਬੰਧਾਨ ਲਈ ਅਜੇਹਾ ਦਸਤਾਵੇਜ਼ ਚਾਹੀਦਾ ਸੀ ਜਿਹੜਾ ਸੌਖੇ ਢੰਗ ਨਾਲ ਸਿੱਖ ਸਿਧਾਂਤ ਦੀ ਵਿਆਖਿਆ ਕਰਦਾ ਹੋਵੇ। ਨਿਰਸੰਦੇਹ ਸਿੱਖ ਰਹਿਤ ਮਰਿਯਾਦਾ ਦਾ ਬੀਜ ਏਥੋਂ ਪੁੰਗਰਨਾ ਸ਼ੁਰੂ ਹੋ ਗਿਆ ਸੀ"।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਸਿੱਖ ਰਹਿਤ ਮਰਿਯਾਦਾ ਦਾ ਜਨਮ**

ਮਾਰਚ 1915 ਵਿਚ ਚੀਫ਼ ਖ਼ਾਲਸਾ ਦੀਵਾਨ ਵਲੋਂ 1915 ਵਿੱਚ ਪ੍ਰਕਾਸ਼ਿਤ ਗੁਰਮਤਿ ਪ੍ਰਕਾਸ਼ ਭਾਗ-ਸੰਸਕਾਰ ਨਾਮ ਦੀ ਪੁਸਤਕ ਛਾਪੀ ਗਈ ਇਸ ਦੀ ਭੂਮਿਕਾ ਵਿੱਚ ਇਸ ਦਾ ਮਕਸਦ ਅਤੇ ਸੰਖੇਪ ਸਿੱਖ ਇਤਿਹਾਸ ਵਰਣਨ ਕੀਤਾ ਗਿਆ ਸੀ। ਇਸ ਮੁਤਾਬਿਕ ਸਾਰੇ ਪੰਥ ਲਈ ਇੱਕ ਰਹਿਤ ਮਰਿਯਾਦਾ ਦੀ ਲੋੜ ਅਤੇ ਉਪਰਾਲੇ ਬਾਰੇ ਪਤਾ ਲੱਗਦਾ ਹੈ।

ਸਿੱਖ ਰਹਿਤ ਮਰਿਯਾਦਾ ਸਾਡਾ ਕੌਮੀ ਕਾਨੂੰਨ ਹੈ ਜੋ ਇਕ ਸੰਵਿਧਾਨ ਦੀ ਤਰ੍ਹਾਂ ਹੈ। ਇਸ ਦੀ ਇਕ ਇਕ ਸਤਰ ਵਿਚ ਬਹੁਤ ਸਾਰੀਆਂ ਰਮਜ਼ਾਂ ਹਨ। ਅਕਾਲ ਤਖ਼ਤ ਦੀ ਛੱਤਰ ਛਾਇਆ ਹੇਠ ਸਿੱਖ ਰਹਿਤ ਮਰਿਯਾਦਾ ਦੀ ਤਿਆਰੀ 1925 ਵਿਚ ਅਰੰਭ ਹੋਈ ਤੇ 1936 ਵਿਚ ਇਸ ਨੂੰ ਪੰਥ ਦੀ ਪ੍ਰਵਾਨਗੀ ਮਿਲੀ ਫਿਰ ਵੀ ਧਰਮ ਪ੍ਰਚਾਰ ਕਮੇਟੀ ਨੇ ਕਈ ਇਕੱਤ੍ਰਤਾਵਾਂ ਕਰਕੇ 1945 ਵਾਲਾ ਸਵਰੂਪ ਕੌਮ ਦੇ ਸਾਹਮਣੇ ਲਿਆਂਦਾ। ਪੜਾਅ-ਦਰ-ਪੜਾਅ ਇਕੱਤ੍ਰਤਾਵਾਂ ਹੁੰਦੀਆਂ ਰਹੀਆਂ। 7 ਜਨਵਰੀ 1945 ਨੂੰ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤ੍ਰਤਾ ਵਿਚ 28 ਜੁਲਾਈ 1944 ਦੁਆਰਾ ਪ੍ਰਵਾਨ ਕੀਤਾ ਮਤਾ ਦੁਬਾਰਾ ਪੇਸ਼ ਹੋ ਕੇ ਸਿੱਖ ਰਹਿਤ ਮਰਿਯਾਦਾ ਵਿਚ ਵਾਧੇ ਘਾਟੇ ਕਰਨ ਦੀ ਸਿਫ਼ਾਰਸ਼ ਕੀਤੀ ਗਈ। ਇਸ ਵਿਚ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਜੱਥੇਦਾਰ ਅਕਾਲ ਤੱਖਤ ਸਾਹਿਬ, ਭਾਈ ਸਾਹਿਬ ਭਾਈ ਅੱਛਰ ਸਿੰਘ ਜੀ ਹੈੱਡ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ, ਪ੍ਰੋ. ਤੇਜਾ ਸਿੰਘ ਜੀ, ਪ੍ਰਿੰ. ਗੰਗਾ ਸਿੰਘ ਜੀ, ਗਿਆਨੀ ਲਾਲ ਸਿੰਘ ਜੀ, ਪ੍ਰੋ. ਸ਼ੇਰ ਸਿੰਘ ਜੀ ਬਾਬਾ ਪ੍ਰੇਮ ਸਿੰਘ ਹੋਤੀ ਅਤੇ ਗਿਆਨੀ ਬਾਦਲ ਸਿੰਘ ਜੀ ਸ਼ਾਮਿਲ ਹੋਏ।

3 ਫਰਵਰੀ 1945 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤ੍ਰਤਾ ਨੇ ਮਤਾ ਨੰਬਰ 97 ਰਾਹੀਂ ਰਹਿਤ ਮਰਿਯਾਦਾ ਵਿੱਚ ਅਹਿਮ ਸੋਧਾਂ ਦੀ ਪ੍ਰਵਾਨਗੀ ਦਿੱਤੀ।

ਸਮਝਿਆ ਜਾ ਸਕਦਾ ਹੈ ਕਿ ਸਿੱਖ ਰਹਿਤ ਮਰਿਯਾਦਾ ਦੀ ਤਿਆਰੀ ਸਮੁੱਚੇ ਪੰਥਕ ਵਿਦਵਾਨਾਂ ਨੇ ਪੂਰੀ ਗੰਭੀਰਤਾ ਨਾਲ ਕੀਤੀ। ਸ਼੍ਰੋਮਣੀ ਕਮੇਟੀ ਨੇ ਪੂਰੇ ਸਾਧਨ ਪ੍ਰਦਾਨ ਕਰਕੇ ਵਿਦਵਾਨਾਂ ਦੀਆਂ ਸੇਵਾਵਾਂ ਲੈ ਕੇ ਰਹਿਤ ਮਰਿਯਾਦਾ ਦਾ ਖਰੜਾ (ਦਸਤਾਵੇਦ) ਤਿਆਰ ਕਰਵਾਇਆ ਤੇ ਫਿਰ ਜਨਰਲ ਇਜਲਾਸ ਵਿਚੋਂ ਪਾਸ ਕਰਵਾਇਆ।

ਸਿੱਖ ਰਹਿਤ ਮਰਿਯਾਦਾ ਦੀ ਮਹਾਨਤਾ ਨੂੰ ਸਮਝਣ ਲਈ ਦੋ ਵਾਕਿਆ ਦਾ ਜ਼ਿਕਰ ਕਰਾਂਗੇ—

**ਮਰਿਯਾਦਾ ਨਾਲ ਛੇੜ ਛਾੜ ਜੋ ਪ੍ਰਵਾਨ ਨਾ ਹੋ ਸਕੀ--**

ਸਿੱਖ ਰਹਿਤ ਮਰਿਯਾਦਾ ਸਬੰਧੀ ਇਕ ਅਜੇਹਾ ਮਤਾ ਵੀ ਆਇਆ ਜਿਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰੱਦ ਕਰ ਦਿੱਤਾ।

28 ਅਪ੍ਰੈਲ 1985 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤ੍ਰਤਾ ਸਿੱਖ ਰਹਿਤ ਮਰਿਯਾਦਾ ਵਿਚ ਕੁਝ ਸੋਧਾਂ ਦਾ ਮਤਾ ਪਾਸ ਕੀਤਾ ਗਿਆ।

"ਸਿੱਖ ਰਹਿਤ ਮਰਿਯਾਦਾ ਦੇ ਪੰਨਾ 9 ਅਤੇ ਪੰਨਾ 26 ਉੱਪਰ ਨਿੱਤਨੇਮ ਦੀਆਂ ਬਾਣੀਆਂ ਵਿੱਚ ਇਸ ਤਰ੍ਹਾਂ ਸੋਧ ਕਰ ਦਿੱਤੀ ਜਾਏ: ਜਪੁ, ਜਾਪੁ, 10 ਸਵੱਯੇ (ਸ੍ਰਾਵਗ ਸੁਧ ਵਾਲੇ) ਬੇਨਤੀ ਚੌਪਈ ਤੇ ਅਨੰਦੁ"

ਪਰ ਨਾ ਇਹ ਫੈਸਲਾ ਅਮਲ ਵਿਚ ਹੀ ਆਇਆ ਤੇ ਨਾ ਹੀ ਸਿੰਘ ਸਾਹਿਬਾਨ ਵੱਲੋਂ ਇਸ ਬਾਰੇ ਕੋਈ ਅਗਲੀ ਕਾਰਵਾਈ ਕੀਤੀ ਗਈ।

ਇਕ ਵਾਰ ਫਿਰ 29 ਮਾਰਚ 1988 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਦੀ ਦਰਸ਼ਨੀ ਡਿਉਢੀ ਵਿੱਚ ਇਕੱਤ੍ਰਤਾ ਹੋਈ ਇਸ ਵਿੱਚ ਤਿੰਨ ਮਤੇ ਪ੍ਰਵਾਨ ਕੀਤੇ ਗਏ ਤੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਜਾਰੀ ਕੀਤੀ ਕਿ ਉਹ ਇਸ ਨੂੰ ਲਾਗੂ ਕਰੇ। ਇਸ ਦਾ ਵੇਰਵਾ ਸ੍ਰ ਕੁਲਵੰਤ ਸਿੰਘ ਸਾਬਕਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਪੁਸਤਕ ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ ਦੇ ਪੰਨਾ 155-56 'ਤੇ ਦਿੱਤਾ ਹੈ—

1. ਪੁਰਤਨ ਪੰਜ ਗ੍ਰੰਥੀ ਵਿੱਚ ਜੋ ਭਾਈ ਮਨੀ ਸਿੰਘ ਜੀ ਵਾਲੀ ਸੰਪੂਰਨ ਰਹਿਰਾਸ ਸਾਹਿਬ ਹੈ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੜ੍ਹੀ ਜਾਵੇ।

2. ਰਹਿਰਾਸ ਸਾਹਿਬ ਜੀ ਦੇ ਭੋਗ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖਵਾਕ ਲਿਆ ਜਾਵੇ।

3. ਮੂਲ ਮੰਤ੍ਰ ਸਾਹਿਬ ਜੀ ਦਾ ਮੰਗਲਾਚਰਨ ਨਾਨਕ ਹੋਸੀ ਭੀ ਸਚੁ ਤਕ ਉਚਾਰਨ ਕੀਤਾ ਜਾਵੇ।

**ਮਰਿਯਾਦਾ ਦਾ ਪੁਰਾਣਾ ਰੂਪ ਹੀ ਬਹਾਲ ਰਿਹਾ**

ਦੋ ਵਾਰ ਇਹ ਤਬਦੀਲੀ ਕੀਤੀ ਗਈ ਸੀ ਜਿਹੜੀ ਪ੍ਰਵਾਨ ਨਹੀਂ ਚੜ੍ਹ ਸਕੀ ਕਿਉਂਕਿ ਇਹ ਤਬਦੀਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤ੍ਰਤਾ 30-5-1988 ਨੂੰ ਅੰਮ੍ਰਿਤਸਰ ਵਿਖੇ ਹੋਈ ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ "ਸ੍ਰੀ ਦਰਬਾਰ ਸਾਹਿਬ ਅੰਦਰ ਪਹਿਲੀ ਮਰਿਯਾਦਾ ਹੀ ਲਾਗੂ ਰਹੇਗੀ। ਉਸ ਵਿੱਚ ਕੋਈ ਤਬਦੀਲੀ ਕਰਨ ਤੋਂ ਪਹਿਲਾਂ ਸਿੰਘ ਸਭਾਵਾਂ, ਸਿੱਖ ਸੰਪਰਦਾਵਾਂ, ਬੁੱਧੀਜੀਵੀਆਂ, ਸਿੱਖ ਸੰਸਥਾਵਾਂ ਦੀ ਰਾਏ ਲਈ ਜਾਵੇਗੀ। (ਹੁਕਨਾਮੇ ਆਦੇਸ਼ ਸੰਦੇਸ਼, ਰੂਪ ਸਿੰਘ ਪੰਨਾ 127"

ਇਸ ਦਾ ਅਰਥ ਹੈ ਕਿ ਸਿੱਖ ਰਹਿਤ ਮਰਿਯਾਦਾ ਕੋਈ ਆਮ ਦਸਤਾਵੇਜ਼ ਨਹੀਂ ਹੈ ਜਿਹੜਾ ਮਰਜ਼ੀ ਉੱਠ ਕੇ ਬਦਲ ਲਏ ਇਹ ਸਮੁੱਚੇ ਪੰਥ ਨੂੰ ਪਿਆਰ ਕਲਾਵੇ ਵਿਚ ਲੈਂਦਾ ਹੈ।

ਦੂਲੇ ਪੰਥ ਵਿਚ ਗੁਰ-ਬਿਲਾਸ ਵਰਗੀਆਂ ਪੁਸਤਕਾਂ ਹੋਂਦ ਵਿਚ ਆਉਣ ਨਾਲ ਨਿਆਰੇਪਨ ਨੂੰ ਢਾਹ ਲੱਗਣੀ ਸ਼ੁਰੂ ਹੋਈ। ਵੱਖ ਵੱਖ ਰਹਿਤਨਾਮਿਆਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਮਿਲਦੀਆਂ ਹਨ ਜਿਹੜੀਆਂ ਗੁਰਬਾਣੀ ਦੀ ਕਸਵੱਟੀ 'ਤੇ ਪੂਰੀਆਂ ਨਹੀਂ ਉੱਤਰਦੀਆਂ ਹਨ। ਇਹ ਮੰਨਣਾ ਪਏਗਾ ਕਿ ਬਿਪਰੀ ਸੋਚ 1708 ਉਪਰੰਤ ਬਹੁਤ ਹੀ ਸ਼ਾਤਰ ਚਾਲ ਨਾਲ ਸਿੱਖੀ ਵਿਚ ਘੁੱਸਪੈਠ ਕਰਨ ਦਾ ਯਤਨ ਕੀਤਾ ਸੀ ਜਿਸ ਦਾ ਸਿੱਖ ਰਹਿਤ ਮਰਿਯਾਦਾ ਨੇ ਨਿਖੇੜਾ ਕੀਤਾ।

**ਸ਼੍ਰੋਮਣੀ ਕਮੇਟੀ ਤੇ ਪੰਥਕ ਵਿਦਵਾਨਾਂ ਵਲੋਂ ਉਪਰਾਲੇ**

ਰਹਿਤ ਮਰਿਯਾਦਾ ਦੀ ਲੋੜ ਨੂੰ ਮਹਿਸੂਸ ਕਰਦਿਆਂ 15 ਮਾਰਚ 1927 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤ੍ਰਤਾ ਹੋਈ ਜਿਸ ਵਿਚ ਮਤਾ ਪਾਸ ਕੀਤਾ ਗਿਆ ਕਿ ਪੰਥਕ ਵਿਦਵਾਨਾਂ ਕੋਲੋਂ ਪੰਥ ਲਈ ਵਿਧੀ ਵਿਧਾਨ ਤਿਆਰ ਕਰਾਇਆ ਜਾਏ ਜਿਹੜਾ ਖਾਲਸਈ ਸ਼ਾਨ ਨੂੰ ਨਿਖਾਰਦਾ ਹੋਵੇ।

27 ਵਿਦਵਾਨਾਂ ਦੀ ਕਮੇਟੀ ਬਣੀ 27 ਫਰਵਰੀ 1933 ਨੂੰ ਬਾਬੂ ਮੱਲ ਸਿੰਘ ਵਲੋਂ ਭਾਈ ਰਣਧਰਿ ਸਿੰਘ ਦਾ ਨਾਂ ਸ਼ਾਮਿਲ ਕੀਤਾ ਗਿਆ। ਇੰਝ ਕੁੱਲ ਗਿਣਤੀ 29 ਹੋ ਗਈ। 3-4 ਅਕਤੂਬਰ 1931, 3 ਜਨਵਰੀ 1932, 31 ਜਨਵਰੀ 1932 ਨੂੰ ਅਕਾਲ ਤੱਖਤ 'ਤੇ ਇਕੱਤ੍ਰਤਾਵਾਂ ਹੁੰਦੀਆਂ ਰਹੀਆਂ।

ਕਰਦਿਆਂ ਕਤਰਦਿਆਂ 30 ਦਸੰਬਰ 1933 ਦੀ ਇਕੱਤ੍ਰਤਾ ਦੌਰਾਨ ਸਾਹਮਣੇ ਆਏ ਵਿਚਾਰਾਂ ਨੂੰ ਧਿਆਨ ਵਿਚ ਰੱਖਦਿਆਂ ਪਹਿਲੇ ਖਰੜੇ ਵਿਚ ਸੋਧਾਂ, ਹੋਰ ਰਾਵਾਂ ਲਈ ਇਸ ਦੀਆਂ ਕਾਪੀਆਂ ਵੰਡੀਆਂ ਗਈਆਂ।

**ਸਿੱਖ ਰਹਿਤ ਮਰਿਯਾਦਾ ਨੂੰ ਪ੍ਰਵਾਨਗੀ**

**ਬਹੁਤ ਸਾਰੇ ਡੇਰੇ ਤੇ ਉਨ੍ਹਾਂ ਵਲੋਂ ਥਾਪੇ ਵਿਦਵਾਨਾਂ ਵਲੋਂ ਅੱਜ ਤੱਕ ਇਹ ਰੌਲਾ ਪਵਾਇਆ ਜਾ ਰਿਹਾ ਹੈ ਕਿ ਜੀ ਇਹ ਤਾਂ ਇਕ ਖਰੜਾ ਹੈ ਇਸ ਨੂੰ ਤਾਂ ਪ੍ਰਵਾਨਗੀ ਹੀ ਨਹੀਂ ਮਿਲੀ ਜਦ ਕਿ ਇਸ ਦਸਤਾਵੇਜ਼ ਨੂੰ ਪ੍ਰਵਾਨਗੀ ਮਿਲੀ ਹੋਈ ਹੈ। ਤਰੀਕਾਂ ਸਾਹਿਤ ਪੂਰਾ ਵੇਰਵਾ ਹੇਠਾਂ ਅੰਕਤ ਹੈ।**

**ਪੌਣੇ ਤਿੰਨ ਸਾਲ ਵਿਚਾਰ ਵਟਾਂਦਰਾ ਹੁੰਦਾ ਰਿਹਾ ਅਖੀਰ ਸੋਧੇ ਹੋਏ ਖਰੜੇ ਨੂੰ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਨੇ ਆਪਣੀ ਇਕੱਤ੍ਰਤਾ 1-8-1936 ਮਤਾ ਨੰਬਰ 1 ਰਾਹੀਂ ਇਸ ਨੂੰ ਪਾਸ ਕਰ ਦਿੱਤਾ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਇਕੱਤ੍ਰਤਾ 12-10-1936 ਨੂੰ ਮਤਾ ਨੰਬਰ 149 ਰਾਹੀਂ ਇਸ ਨੂੰ ਪ੍ਰਵਾਨਗੀ ਦੇ ਦਿੱਤੀ ਅਤੇ ਅਕਾਲ ਤੱਖਤ ਦੇ ਜੱਥੇਦਾਰ ਵਲੋਂ ਪੰਥ ਦੇ ਨਾਮ ਜਾਰੀ ਕੀਤੀ।**

ਕੁਝ ਸੰਪਰਦਾਵਾਂ ਨੇ ਟਿੰਡ ਵਿਚ ਕਾਨਾ ਪਾਇਆ ਸੀ ਜਿਸ ਕਰਕੇ 7 ਜਨਵਰੀ 1944 ਨੂੰ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੇ ਧਾਰਮਿਕ ਸਲਾਹਕਾਰ ਕਮੇਟੀ ਵਲੋਂ ਕੁਝ ਵਾਧਾ ਘਾਟਾ ਕਰਨ ਲਈ ਵਿਚਾਰ ਵਟਾਂਦਰਾ ਹੋਇਆ। **ਧਾਰਮਿਕ ਸਲਾਕਾਰ ਕਮੇਟੀ ਦੀ ਸਿਫਾਰਸ਼ ਨੂੰ ਸ਼੍ਰੋਮਣੀ ਕਮੇਟੀ ਦੀ ਵਿਸ਼ੇਸ਼ ਜਨਰਲ ਇਕੱਤ੍ਰਤਾ 3 ਫਰਵਰੀ 1945 ਨੇ ਮਤਾ ਨੰਬਰ 97 ਰਾਹੀਂ ਵੀਚਾਰ ਕੇ ਪ੍ਰਵਾਨਗੀ ਦਿੱਤੀ।**

**1) ਸਿੱਖ ਰਹਿਤ ਮਰਿਯਾਦਾ ਦੀ ਮਹਾਨਤਾ-**

ਰਹਿਤ ਮਰਿਯਾਦਾ ਦੀ ਸਭ ਤੋਂ ਪਹਿਲੀ ਖ਼ੂਬੀ ਹੈ ਕਿ ਇਹ ਕੌਮ ਨੂੰ ਇਕ ਗ੍ਰੰਥ, ਇਕ ਪੰਥ, ਇਕ ਮਰਿਯਾਦਾ ਦੇ ਸੂਤਰ ਵਿਚ ਪਰੋਂਦੀ ਹੈ। ਕੌਮ ਨੂੰ ਇਕਸਾਰਤਾ ਵਿੱਚ ਰੱਖਣ ਲਈ ਰਹਿਤ ਮਰਿਯਾਦਾ ਦਾ ਸਭ ਤੋਂ ਵੱਡਾ ਸੂਤਰ ਹੈ। ਗੁਰੂ ਨਾਨਕ ਸਾਹਿਬ ਜੀ ਚੱਕੀ ਤੇ ਦਾਣਿਆਂ ਦੀ ਵਿਚਾਰ ਦੇ ਕੇ ਸਮਝਾਉਂਦੇ ਹਨ ਕਿ ਜਿਹੜੇ ਦਾਣੇ ਚੱਕੀ ਦੇ ਧੁਰੇ ਨੇੜੇ ਪਏ ਰਹਿੰਦੇ ਹਨ ਉਹ ਪੀਸਣ ਤੋਂ ਬਚ ਜਾਂਦੇ ਹਨ ਤੇ ਜਿਹੜੇ ਧੁਰੇ ਦਾ ਸਾਥ ਛੱਡ ਜਾਂਦੇ ਹਨ ਉਹ ਆਟਾ ਬਣ ਜਾਂਦੇ ਹਨ।

**ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥**
**ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥1॥ (142)**

ਅਤੇ

**ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥**
**ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥1॥ (319)**

**2) ਸਿੱਖ ਰਹਿਤ ਮਰਿਯਾਦਾ ਦੁਬਿਧਾਵਾਂ ਨੂੰ ਖਤਮ ਕਰਦੀ ਹੈ—**

ਡੇਰੇਦਾਰਾਂ ਵਲੋਂ ਆਮ ਹੀ ਕਿਹਾ ਜਾਂਦਾ ਹੈ ਕਿ ਜੀ ਮਿਸ਼ਨਰੀ ਦੁਬਿਧਾ ਖੜੀ ਕਰਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਮਿਸ਼ਨਰੀ ਤਾਂ ਗੁਰੂ ਗ੍ਰੰਥ ਸਾਹਿਬ ਦੀ ਸਿਰਮੌਰਤਾ ਅਤੇ ਸਿੱਖ ਰਹਿਤ ਮਰਿਯਾਦਾ ਨੂੰ ਮੰਨ ਕੇ ਚੱਲਦੇ ਹਨ। ਇਹ ਸਵਾਲ ਤਾਂ ਉਨ੍ਹਾਂ ਨੂੰ ਕਰਨਾ ਬਣਦਾ ਹੈ ਜਿਹੜੇ ਰਹਿਤ ਮਰਿਯਾਦਾ ਨੂੰ ਮੰਨਦੇ ਹੀ ਨਹੀਂ ਹਨ। ਦੁਬਿਧਾ ਤਾਂ ਉਹ ਡੇਰੇ ਖੜੀ ਕਰਦੇ ਹਨ ਜਿਹੜੇ ਸਿੱਖ ਰਹਿਤ ਮਰਿਯਾਦਾ ਤੋਂ ਪੂਰੀ ਤਰ੍ਹਾਂ ਮੁਨਕਰ ਹਨ। ਸਿੱਖ ਰਹਿਤ ਮਰਿਯਾਦਾ ਨੇ ਮੰਗਲਾ ਚਰਨ ਦਾ ਰੂਪ ਸਭ ਦੇ ਸਾਹਮਣੇ ਰੱਖਿਆ ਹੈ ਪਰ ਡੇਰੇ ਵਾਲੇ ਆਖਦੇ ਹਨ ਕਿ ਹੋਸੀ ਭੀ ਤਕ ਹੈ। ਫਿਰ ਇਹ ਵਿਚਾਰ ਕਰਨੀ ਬਣਦੀ ਹੈ ਵਿਰੋਧ ਕੌਣ ਕਰਦਾ ਹੈ? ਇਹ ਬਿਲਕੁਲ ਠੀਕ ਹੈ ਇਨ੍ਹਾਂ ਡੇਰਿਆਂ ਦੀ ਮਰਿਯਾਦਾ ਆਪੋ ਆਪਣੀ ਹੈ ਇਨ੍ਹਾਂ ਡੇਰਿਆਂ ਦੀ ਆਪਸ ਵਿਚ ਕਿਸੇ ਦੀ ਵੀ ਨਹੀਂ ਬਣਦੀ। ਪਰ ਸਿੱਖ ਰਹਿਤ ਮਰਿਯਾਦਾ ਦਾ ਵਿਰੋਧ ਕਰਨ ਲਈ ਇਹ ਸਾਰੇ ਇਕੱਠੇ ਹੋ ਜਾਂਦੇ ਹਨ। ਇਹ ਸੰਪਟ ਲਾ ਕੇ ਪਾਠ ਕਰਨ ਗੁਟਕੇ ਤਿਆਰ ਕਰਨ ਤਾਂ ਕੋਈ ਦੁਬਿਧਾ ਪੈਦਾ ਨਹੀਂ ਹੁੰਦੀ ਜੇ ਮਿਸ਼ਨਰੀ ਕਾਲਜ ਸਿੱਖ ਰਹਿਤ ਮਰਿਯਾਦਾ ਨੂੰ ਸਮਝਾਉਣ ਦਾ ਯਤਨ ਕਰਨ ਝੱਟ ਇਕੱਠੇ ਹੋ ਜਾਂਦੇ ਹਨ ਕਿ ਜੀ ਇਹ ਕੌਮ ਵਿਚ ਦੁਬਿਧਾ ਖੜੀ ਕਰਦੇ ਹਨ।

ਸਿੱਖੀ ਭੇਸ ਵਿਚ ਬਹੁਤ ਸਾਰੇ ਡੇਰੇ ਤੇ ਸੰਪਰਦਾਵਾਂ ਰਹਿਤ ਮਰਿਯਾਦਾ ਦੀ ਧਾਰਾ ਨਾਲੋਂ ਟੁਟ ਕੇ ਆਪਣੀ ਆਪਣੀ ਰਹਿਤ ਮਰਿਯਾਦਾ ਬਣਾਈ ਫਿਰਦੇ ਹਨ। ਕਈ ਡੇਰਿਆਂ ਨੇ ਪੁਰਾਤਨਤਾ ਦਾ ਨਾਂ ਦੇਕੇ ਆਪਣੇ ਆਪ ਨੂੰ ਸਥਾਪਿਤ ਕੀਤਾ ਹੋਇਆ ਹੈ। ਸਿੱਖ ਰਹਿਤ ਮਰਿਯਾਦਾ ਤੋਂ ਮੁਨਕਰ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਬਿਪਰਵਾਦੀ ਸੋਚ ਪ੍ਰਭਵਸ਼ਾਲੀ ਢੰਗ ਨਾਲ ਪ੍ਰਫੁੱਲਤ ਹੋਈ ਹੈ ਇਹ ਇਕ ਸੋਚਣ ਵਾਲਾ ਮੁੱਦਾ ਹੈ ਕਿ ਰਹਿਤ ਮਰਿਯਾਦਾ ਨੂੰ ਨਾ ਮੰਨਣ ਕਰਕੇ ਪੰਥ ਵਿਚ ਦੁਬਿਧਾਵਾਂ ਖੜੀਆਂ ਕਿਸ ਨੇ ਕੀਤੀਆਂ ਹਨ?

ਪਾਣੀ ਹਮੇਸ਼ਾਂ ਦੋ ਕੰਢਿਆਂ ਦੇ ਵਿਚਕਾਰ ਚੱਲ ਕੇ ਸੁਮੰਦਰ ਤਕ ਦੀ ਦੂਰੀ ਤਹਿ ਕਰਦਾ ਹੈ। ਕਈ ਵਾਰੀ ਹੜ੍ਹ ਆਉਣ ਨਾਲ ਦਰਿਆਵਾਂ ਦਾ ਪਾਣੀ ਕੰਢਿਆਂ ਤੋਂ ਬਾਹਰ ਚਲਿਆ ਜਾਂਦਾ ਹੈ। ਅਜੇਹਾ ਪਾਣੀ ਛੱਪੜੀ ਦਾ ਰੂਪ ਧਾਰਨ ਕਰ ਜਾਂਦਾ ਹੈ। ਖਲੋਤੇ ਪਾਣੀ ਵਿਚ ਸੜ੍ਹਾਂਦ ਪੈਦਾ ਹੋ ਜਾਂਦੀ ਹੈ। ਜੇ ਪਾਣੀ ਵਿਚ ਰਵਾਨਗੀ ਰਹੇਗੀ ਤਾਂ ਉਹ ਨਿਰਮਲ ਜਲ ਅਖਵਾਉਂਦਾ ਹੈ ਧਾਰਾ ਨਾਲੋਂ ਟੁੱਟ ਜਾਏ ਤਾਂ ਛੱਪੜੀ ਅਖਵਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਤੇ ਭਰੋਸਾ ਰੱਖਣ ਵਾਲਾ ਰਹਿਤ ਮਰਿਯਾਦਾ ਦੇ ਬੰਧਾਨ ਵਿਚ ਚੱਲਣ ਵਾਲਾ ਇਕਸਾਰਤਾ ਵਿਚ ਰਹਿੰਦਾ ਹੈ। ਗੁਰਬਾਣੀ ਵਾਕ ਹੈ—

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥**
**ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥**

**ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥ (646)**

**3) ਸਾਦੇ ਜੀਵਨ ਦੀ ਪ੍ਰੋੜਤਾ–**

ਰਹਿਤ ਮਰਿਯਾਦਾ ਦੀ ਤੀਜੀ ਖੂਬੀ ਬੜੀ ਮਹੱਤਵ ਪੂਰਨ ਹੈ ਕਿ ਇਹ ਸਾਦੇ ਜੀਵਨ ਦੀ ਵਿਆਖਿਆ ਕਰਦੀ ਹੈ। ਇਹ ਹੁਣ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸਾਂ ਸਾਦਾ ਰਹਿਣਾ ਹੈ ਜਾਂ ਉਝੜਨਾ ਹੈ। ਅਨੰਦ ਕਾਰਜ ਦੇ ਸਿਰਲੇਖ ਹੇਠ ਕ ਭਾਗ ਵਿਚ ਲਿਖਿਆ ਹੈ ਕਿ ਅਨੰਦ ਕਾਰਜ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕਿਰਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ। ਅਨੰਦ ਕਾਰਜ ਦੇ ਕੱਕਾ ਭਾਗ ਨੂੰ ਅਸਾਂ ਸਾਦਾ ਰਹਿਣ ਨਹੀਂ ਦਿੱਤਾ। ਸਾਡੇ ਅਨੰਦ ਕਾਰਜ ਵੱਖ ਵੱਖ ਧਰਮਾਂ ਦੇ ਰੀਤੀ ਰਿਵਾਜਾਂ ਦੀ ਭੇਟ ਚੜ੍ਹ ਗਏ ਹਨ। ਪਹਿਲਾਂ ਰੋਕ, ਰਿੰਗ ਸੈਰੇਮਨੀ, ਸ਼ਗਨ, ਚੁੰਨੀ ਚੜ੍ਹਾਉਣੀ ਤੇ ਫਿਰ ਅਨੰਦ ਕਾਰਜ। ਰਹਿਤ ਮਰਿਯਾਦਾ ਨੇ ਤਾਂ ਸਾਦੇ ਵਿਆਹ ਦੀ ਤਾਗ਼ੀਦ ਕੀਤੀ ਸੀ ਪਰ ਅਸੀਂ ਆਪ ਹੀ ਮਹਿੰਗੇ ਪਾਸੇ ਤੁਰ ਪਏ ਹਾਂ। ਲੜਕੇ ਦੇ ਸਗਨ ਦੀ ਵਿਚਾਰ ਤਾਂ ਆਉਂਦੀ ਪਰ ਹੁਣ ਬਰਾਬਰਤਾ ਦੇ ਨਾਂ ਹੇਠ ਲੜਕੀ ਨੂੰ ਵੀ ਓਸੇ ਤਰ੍ਹਾਂ ਸਗ਼ਨ ਦੀ ਰਸਮ ਅਦਾ ਕੀਤੀ ਜਾ ਰਹੀ ਹੈ ਜੋ ਕਿ ਰਹਿਤ ਮਰਿਯਾਦਾ ਵਿਚ ਅੰਕਤ ਨਹੀਂ ਹੈ। ਪੰਜਾਬ ਵਿਚ ਮੈਰਿਜ ਪੈਲਿਸ ਦੇ ਸਭਿਅਚਾਰ ਨੇ ਰਹਿਤ ਮਰਿਯਾਦਾ ਨੂੰ ਬਹੁਤ ਵੱਡਾ ਖੋਰਾ ਲਾਇਆ ਹੈ। ਜੇ ਰਹਿਤ ਮਰਿਯਾਦਾ ਵਿਚਲੇ ਅਨੰਦ ਕਾਰਜ ਦੀ ਮਹੱਤਤਾ ਨੂੰ ਸਮਝਿਆ ਜਾਂਦਾ ਤਾਂ ਨਿਰ ਸੰਦੇਹ ਅਸੀਂ ਫਜ਼ੂਲ ਦੇ ਖਰਚੇ ਤੋਂ ਬਚ ਸਕਦੇ ਹਾਂ। ਅਨੰਦ ਕਾਰਜ ਦੀ ਮਰਿਯਾਦਾ ਸਾਰੇ ਸਿੱਖ ਜਗਤ ਨੂੰ ਬਰਾਬਰਤਾ ਤੇ ਏਕੇ ਵਿਚ ਜੋੜਦੀ ਹੈ।

**4) ਜਾਤ–ਪਾਤ ਤੇ ਛੂਤ–ਛਾਤ–**

ਦੇਖਿਆ ਸਮਝਿਆ ਜਾਏ ਤਾਂ ਸਿੱਖ ਧਰਮ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਧ ਝੰਡਾ ਬਰਦਾਰ ਹੈ ਜਿੱਥੇ "ਸਭੇ ਸਾਂਝੀਵਾਲ ਸਦਾਇਨਿ" ਦਾ ਨਾਅਰਾ ਬੁਲੰਦ ਕੀਤਾ। ਇਕ ਸਰੋਵਰ, ਇਕ ਬਉਲੀ, ਇਕ ਪੰਗਤ ਇਕ ਸੰਗਤ ਵਿਚ ਸਭ ਨੂੰ ਬਰਾਬਰ ਦੇ ਅਧਿਕਾਰ ਪਰਦਾਨ ਹੁੰਦੇ ਹਨ। ਜਦੋਂ ਇਕੋ ਬਾਟੇ ਵਿਚੋਂ ਖੰਡੇ ਦੀ ਪਹੁਲ ਪ੍ਰਾਪਤ ਹੁੰਦੀ ਹੈ ਤਾਂ ਜਾਤ ਵੰਡ ਤੇ ਛੂਤ ਛਾਤ ਵਰਗੀਆਂ ਬਿਮਾਰੀਆਂ ਰਹਿ ਹੀ ਨਹੀਂ ਜਾਂਦੀਆਂ। ਹੁਣ ਕੋਈ ਕਹਿੰਦਾ ਹੈ ਮੈਂ ਜੱਟ, ਤਰਖਾਣ, ਖੱਤਰੀ ਹਾਂ ਜੇ ਇਹ ਕਹਿਣਾ ਸ਼ੁਰੂ ਹੋਵੇ ਕਿ ਮੈਂ ਸਰਦਾਰ ਹਾਂ ਤਾਂ ਸਾਡੀਆਂ ਜਾਤ ਪਾਤ ਛੂਤ ਛਾਤ ਵਰਗੀਆਂ ਬਿਮਾਰੀਆਂ ਆਪਣੇ ਆਪ ਖਤਮ ਹੋ ਜਾਂਦੀਆਂ ਹਨ।

ਜਟ ਬੂਟ ਕਹੇ ਜਗ ਮਾਹੀ।
ਬਾਣੀਏ ਕਿਰਾੜ ਖੱਤਰੀ ਸਦਾਹੀ।
ਲੋਹਾਰ ਤਰਖਾਨ ਹੋਤ ਜਾਤ ਕਮੀਨੀ।
ਪੀਪੀ ਕਲਾਲ ਨੀਚਨ ਪਹਿ ਕਿਰਪਾ ਕੀਨੀ
ਗੁਜਰ, ਗੁਆਰ ਹੀਰ ਕਮਜਾਤ।
ਕਮਯੋ ਸ਼ੂਦਰ ਕੋਈ ਪੂਛੇ ਨਾ ਬਾਤ।
ਝੀਵਰ, ਨਾਈ, ਰੋੜੇ, ਘੁਮਿਆਰ।
ਸੈਣੀ, ਸੁਨਿਆਰ, ਚੂਹੜੇ, ਚਮਿਆਰ।
ਬੱਟ ਔ ਬ੍ਰਾਹਮਣ ਹੋਤ ਮੰਗਵਾਰ।
ਬਹੁਰੂਪੀਏ ਲਬਾਨੇ ਔ ਘੁਮਿਆਰ।
ਇਨ ਗਰੀਬ ਸਿੱਖਨ ਕੋ ਦਿਓ ਪਾਤਸ਼ਾਹੀ।
ਏਹ ਯਾਦ ਰੱਖੇ ਹਮਰੀ ਗੁਰਿਆਈ।
ਪੰਥ ਪ੍ਰਕਾਸ਼ ਭਾਈ ਰਤਨ ਸਿੰਘ ਭੰਗੂ।

**5) ਕਰਮ–ਕਾਂਡ–**

ਨਿਰ ਸੰਦੇਹ ਗੁਰਬਾਣੀ ਉਪਦੇਸ਼ ਬਿੱਪਰੀ ਕਰਮ ਕਾਡਾਂ ਤੋਂ ਸਾਡਾ ਖਹਿੜਾ ਛਡਾਉਂਦੀ ਹੈ, ਸਿੱਖ ਰਹਿਤ ਮਰਿਯਾਦਾ ਵਿਚ ਗੁਰਮਤਿ ਦੀ ਰਹਿਣੀ ਸਿਰਲੇਖ ਹੇਠ ਵਿਸਥਾਰ ਨਾਲ ਕਰਮਕਾਡਾਂ ਦਾ ਜ਼ਿਕਰ ਆਉਂਦਾ ਹੈ। ਸਭ ਤੋਂ ਪਹਿਲਾਂ ਇਕ ਅਕਾਲ ਪੁਰਖ ਤੋਂ ਇਲਾਵਾ ਕਿਸੇ ਦੇਵੀ ਦੇਵਤੇ ਨੂੰ ਕੋਈ ਮਾਨਤਾ ਨਹੀਂ ਹੈ। ਜੰਤ੍ਰ ਮੰਤ੍ਰ ਤੰਤ੍ਰ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤ੍ਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿੱਖਾ, ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ, ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ, ਪੂਜਾ ਅਦਿ ਦੇ ਭਰਮ–ਰੂਪੀ ਕਰਮਾਂ ਉੱਤੇ ਨਿਸਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਛੁਟ ਕਿਸੇ ਅਨ–ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।



**ਰਹਿਤ ਮਰਿਯਾਦਾ ਵਿਚ ਗੁਰਦੁਆਰੇ ਦੇ ਸ ਸਿਰਲੇਖ ਹੇਠ ਲਿਖਿਆ ਹੈ ਕਿ ਹਾਂ ਸਥਾਨ ਨੂੰ ਸੁੰਗਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ ਹਨ ਪਰ ਅਸਾਂ ਖੁੱਲ੍ਹ ਹੀ ਲੈ ਲਈ ਹੁਣ ਲੋਕ ਦਿਖਾਵੇ ਵਾਲੇ ਪਾਸੇ ਹੋ ਤੁਰੇ ਹਾਂ। ਚਾਰ ਚਾਰ ਕ੍ਰੋੜ ਰੁਪਏ ਦੇ ਫੁੱਲਾਂ ਦੀ ਵਰਤੋਂ ਕਰਨਾ ਇਹ ਵੀ ਕੋਈ ਦਿਆਨਤਦਾਰੀ ਨਹੀਂ ਹੈ। ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ ਜਦੋਂ ਅਕਾਲ ਤੱਖਤ ਦੇ ਜੱਥੇਦਾਰ ਸਨ ਉਹਨਾਂ ਕੋਲ ਰਾਂਚੀ ਦੇ ਗੁਰਸਿੱਖ ਸਰਦਾਰ ਫੁਲੇਲ ਸਿੰਘ ਆਏ ਤੇ ਕਹਿਣ ਲੱਗੇ ਕਿ ਮੇਰੀ ਇੱਛਾ ਹੈ ਕਿ ਮੈ ਦਰਬਾਰ ਸਾਹਿਬ ਬਹੁਤ ਸੁੰਦਰ ਇਕ ਪਾਲਕੀ ਭੇਂਟ ਕਰਾਂ। ਬੇਬਾਕ ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ ਕਹਿਣ ਲੱਗੇ ਕਿ, "ਸ੍ਰ. ਸਾਹਿਬ ਕੀ ਤੁਹਾਨੂੰ ਨਹੀਂ ਲਗਦਾ ਕਿ ਤੁਹਾਡੇ ਤੋਂ ਪਹਿਲਾਂ ਇੱਥੇ ਕੋਈ ਸਿਆਣਾ ਅਤੇ ਤੁਹਾਡੇ ਤੋਂ ਵੱਧ ਧਨਾਢ ਸਿੱਖ ਆਇਆ ਹੋਵੇਗਾ? ਜੇ ਕਰ ਦਰਬਾਰ ਸਾਹਿਬ ਫਿਰ ਵੀ ਪਾਲਕੀ ਨਹੀਂ ਹੈ ਤਾਂ ਇਹ ਸਮਝਣ ਦੀ ਲੋੜ ਹੈ ਕਿ ਕਿਉਂ ਨਹੀਂ? ਇਸ ਦੇ ਬਾਅਦ ਜੱਥੇਦਾਰ ਸਾਹਿਬ ਨੇ ਇਸ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਦੀ ਤਸੱਲੀ ਕਰਵਾ ਦਿੱਤੀ।**

**6) ਨਿਰਮਲ ਪੰਥ ਦੀ ਨਿਰਲਮਤਾ–**

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਮਾਰਿਆ ਸਿੱਕਾ ਜਗਤ੍ਰ ਵਿਚ ਨਾਨਕ ਨਿਰਮਲ ਪੰਥ ਚਲਾਇਆ, ਗੁਰੂ ਨਾਨਕ ਸਾਹਿਬ ਜੀ ਪੁਰਾਣੇ ਰਾਹਾਂ 'ਤੇ ਨਹੀਂ ਗੁਰੂ ਨਾਨਕ ਸਾਹਿਬ ਜੀ ਤੁਰੇ ਹਨ ਤਾਂ ਰਾਹ ਬਣਿਆ। ਕੁਝ ਪ੍ਰਮਾਣਾਂ ਨੂੰ ਸਮਝਾਂਗੇ—

ਜਨੇਊ ਵਾਲੀ ਘਟਨਾ—

**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥**
**ਸਿਖਾ ਕੰਨ ਚੜਾਈਆ ਗੁਰੁ ਬ੍ਰਾਹਮਣੁ ਥਿਆ॥ 471॥**

ਅਤੇ ਕਬੀਰ ਸਾਹਿਬ ਜੀ ਨੇ ਪੂਰਾ ਵਿਸਥਾਰ ਹੀ ਦੇ ਦਿੱਤਾ।

**ਹਮਰਾ ਝਗਰਾ ਰਹਾ ਨ ਕੋਊ ॥**
**ਪੰਡਿਤ ਮੁਲਾਂ ਛਾਡੇ ਦੋਊ ॥1॥ ਰਹਾਉ॥**
**ਬੁਨਿ ਬੁਨਿ ਆਪ ਆਪੁ ਪਹਿਰਾਵਉ ॥**
**ਜਹ ਨਹੀ ਆਪੁ ਤਹਾ ਹੋਇ ਗਾਵਉ ॥2॥**
**ਪੰਡਿਤ ਮੁਲਾਂ ਜੋ ਲਿਖਿ ਦੀਆ ॥**
**ਛਾਡਿ ਚਲੇ ਹਮ ਕਛੂ ਨ ਲੀਆ॥3॥ (1159)**

ਰਹਿਤ ਮਰਿਯਾਦਾ ਵਿਚ ਹੋਰ ਵਿਸਥਾਰ ਦਿੱਤਾ ਹੈ—

ਪੀਰ, ਬ੍ਰਾਹਮਣ, ਪੁਛਣਾ, ਸੁੱਖਣਾ, ਸ਼ੀਰਨੀ, ਵੇਦ ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ, ਆਦਿ ਉੱਤੇ ਨਿਸ਼ਚਾ ਨਹੀਂ ਕਰਨਾ। ਹਾਂ ਆਮ ਵਾਕਫੀਅਤ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ। ਏਥੇ ਇਕ ਖੂਬਸੂਰਤ

ਗੱਲ ਕੀਤੀ ਹੈ ਕਿ ਜੇ ਖਾਲਸਾ ਆਪਣੇ ਆਪ ਨੂੰ ਨਿਆਰਾ ਸਮਝਦਾ ਹੈ ਤਾਂ ਕਿਸੇ ਦਾ ਦਿਲ ਨਾ ਦੁਖਾਵੇ।

**7) ਨਸ਼ਿਆਂ ਸਬੰਧੀ–**

ਰਹਿਤ ਮਰਿਯਾਦਾ ਵਿਚ ਤਮਾਕੂ ਨੂੰ ਬੱਜਰ ਕੁਹਿਰਤ ਮੰਨਿਆ ਗਿਆ ਹੈ, ਗੁਰਮਤਿ ਰਹਿਣੀ ਵਿਚ (ਙ) ਸਿਰਲੇਖ ਹੇਠ ਭੰਗ, ਅਫੀਮ, ਸ਼ਰਾਬ ਤੇ ਅੰਮ੍ਰਿਤ ਸੰਸਕਾਰ ਵਿੱਚ ਤਨਖਾਹੀਏ ਮੰਨਿਆ ਗਿਆ ਹੈ। ਸਿਰਲੇਖ ਹੇਠ ਨੰਬਰ 6 ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿ ਵਰਤਣ ਵਾਲਾ ਤਨਖਾਹੀਆ ਮੰਨਿਆ ਗਿਆ। ਬੱਜਰ 'ਤੇ ਤਨਖਾਹੀਏ ਵਿਚ ਫਰਕ ਹੈ। ਬੱਜਰ ਕੁਰਹਿਤ ਹੋ ਜਾਂਦੀ ਹੈ ਤਾਂ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਦੁਬਾਰਾ ਅੰਮ੍ਰਿਤ ਛੱਕਣਾ ਪੈਂਦਾ ਹੈ। ਜਦ ਕਿ ਤਨਖਾਹੀਆ ਨੂੰ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰਕੇ ਤਨਖਾਹ ਬਖਸ਼ਾਉਣੀ ਪੈਂਦੀ ਹੈ। ਇਸ ਬਰੀਕੀ ਵਿਚ ਬਹੁਤ ਖੁੱਲ੍ਹਾ ਪੱਖ ਰੱਖਿਆ ਗਿਆ ਹੈ।

**8) ਦੇਗ ਤੇਗ ਫਤਿਹ–**

ਦੇਗ ਤੇਗ ਨੂੰ ਅਰਦਾਸ ਵਿਚ ਦੋ ਵਾਰ ਵਰਤਿਆ ਹੈ। ਇਕ ਵਾਰ ਜਿੰਨ੍ਹਾਂ ਦੇਗ ਚਲਾਈ ਤੇਗ ਵਾਹੀ ਦੂਜੀ ਵਾਰ ਦੇਗ ਤੇਗ ਫਤਹਿ ਜੋ ਕਿ ਇਹ ਸਾਡਾ ਕੌਮੀ ਤਰਾਨੇ ਦਾ ਰੂਪ ਧਾਰ ਚੁੱਕਾ ਹੈ। ਦੇਗ ਦਾ ਖੇਤਰ ਬਹੁਤ ਵਿਸਾਲ ਤੇ ਮੁਕਮੰਲ ਸੰਸਥਾ ਹੈ, ਕਿਰਤੀ ਤੇ ਕਿਰਤ ਦੇ ਸਾਧਨ ਪੈਦਾ ਕਰਨ ਤੋਂ ਹੈ। ਦੇਗ ਕਿਸੇ ਨੂੰ ਭੁੱਖਾ ਨਹੀਂ ਸੌਣ ਦਿੰਦੀ। ਸੰਸਾਰ ਵਿਚ ਕਿਤੇ ਵੀ ਕੋਈ ਆਫ਼ਤ ਆਉਂਦੀ ਹੈ ਦੇਗ ਪ੍ਰਗਟ ਹੋ ਕੇ ਆਪਣਾ ਪ੍ਰਤੱਖ ਰੂਪ ਦਿਖਾਉਂਦੀ ਹੈ। ਦੇਗ ਦਾ ਸਿੱਧਾ ਸਬੰਧ ਆਰਥਿਕ ਪੱਖ, ਖੁਸ਼ਹਾਲਤਾ ਤੇ ਮਿਹਨਤ ਤੋਂ ਹੈ।

ਤੇਗ–ਖ਼ੁਦ–ਮੁਖ਼ਤਿਆਰੀ ਨੂੰ ਜਨਮ ਦੇ ਕੇ ਅਜ਼ਾਦੀ ਦਾ ਬਿਗਲ ਵਜਾਉਂਦੀ ਹੈ। ਤੇਗ ਅਜ਼ਾਦੀ ਦਾ ਰਾਹ ਪੱਧਰਾ ਕਰਕੇ ਗ਼ੁਲਾਮੀ ਦੀਆਂ ਜੜ੍ਹਾਂ ਵੱਢਦੀ ਹੈ। ਤੇਗ ਨੂੰ ਅਜ਼ਾਦ ਹੋਂਦ ਦਾ ਪ੍ਰਤੱਖ ਪ੍ਰਤੀਕ ਮੰਨਿਆ ਗਿਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਕਥਨ ਹੈ, ਦੇਗ ਤੇਗ ਫਤਿਹ ਦਾ ਸਿੱਧਾ ਅਰਥ ਹੈ ਸਿੰਘਾਂ ਦੀ ਕ੍ਰਿਪਾਨ ਅਤੇ ਕੜਛੀ ਹਿਲਦੀ ਰਹਿਣੀ ਚਾਹੀਦੀ ਹੈ। ਇਨ੍ਹਾਂ ਨੂੰ ਜੰਗਾਲ਼ ਨਹੀਂ ਲਗਣਾ ਚਾਹੀਦਾ। ਸਪੂਰਨ ਤੌਰ 'ਤੇ ਰਾਜ–ਭਾਗ ਦੀ ਸ਼ਕਤੀ ਹਾਸਲ ਕਰਨ ਲਈ ਸੁਚੇਤ ਹੋਣਾ, ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਦਿਆਂ ਜਾਨ ਦੀ ਬਾਜ਼ੀ ਲਾ ਦੇਣੀ, ਮਜ਼ਲੂਮ ਦੀ ਰੱਖਿਆ ਤੇ ਇਨਸਾਫ਼ ਲਈ ਡੱਟਣ ਦਾ ਗਹਿਰਾ ਸੁਨੇਹਾ ਹੈ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਜਿਹੜਾ ਪਹਿਲਾ ਸਿੱਕਾ ਜਾਰੀ ਕੀਤਾ ਉਸ 'ਤੇ ਇਹ ਅੱਖਰ ਉਕਰੇ ਹੋਏ ਸਨ—

ਦੇਗੋ ਤੇਗੋ ਫ਼ਤਿਹ ਓ ਨਸਰਤ ਬੇ–ਦਿਰੰਗ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਲੰਗਰ, ਸ਼ਸਤ੍ਰ ਸਫਲਤਾ ਅਤੇ ਬੇਰੋਕ ਜਿੱਤ ਨਾਨਕ ਗੁਰੂ ਗੋਬਿੰਦ ਸਿੰਘ ਦੇ ਮਿਹਰ ਸਦਕਾ ਹੈ।

**9) ਸਖ਼ਤ ਚਿਤਾਵਨੀ–**

ਜਿਉਂਦਾ ਸਮਾਜ ਬੱਝਵੀਂ ਨਿਯਮਾਵਲੀ 'ਤੇ ਖੜਾ ਹੈ। ਸਮਾਜ ਨੂੰ ਖੁਲ੍ਹਾ ਨਹੀਂ ਛੱਡਿਆ ਜਾ ਸਕਦਾ। ਖੁਲ੍ਹਾ ਸਮਾਜ ਪਸ਼ੂ ਤਲ 'ਤੇ ਆ ਜਾਂਦਾ ਹੈ। ਨਿਰੋਏ ਸਮਾਜ ਦੀ ਸਿਰਜਣਾ ਲਈ ਸਿੱਖ ਰਹਿਤ ਮਰਿਯਾਦਾ ਵਿਚ ਚਾਰ ਅਜੇਹੀਆਂ ਮੱਦਾਂ ਹਨ ਜਿਨ੍ਹਾਂ ਨੂੰ ਬੱਜਰ ਕੁਹਿਰਤਾਂ ਕਿਹਾ ਗਿਆ ਹੈ। ਇਨ੍ਹਾਂ ਨੂੰ ਸਖ਼ਤ ਚਿਤਾਵਨੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਇਨ੍ਹਾਂ ਬੱਜਰ ਕੁਰਹਿਤਾਂ ਵਿਚੋਂ ਕੋਈ ਇਕ ਕੁਰਹਿਤ ਹੋ ਜਾਂਦੀ ਹੈ ਤਾਂ ਉਹ ਸਿੱਖ ਭਾਈਚਾਰੇ ਵਿਚੋਂ ਆਪਣੇ ਆਪ ਹੀ ਬਾਹਰ ਹੋ ਜਾਂਦਾ ਹੈ। ਕੇਸਾਂ ਦੀ ਬੇ ਅਦਬੀ ਕੁੱਠਾ ਨਹੀਂ ਖਾਣਾ, ਪਰ ਪੁਰਸ਼ ਜਾਂ ਪਰ ਇਸਤ੍ਰੀ ਦਾ ਗ਼ਮਨ ਕਰਨਾ ਤੇ ਚੌਥਾ ਤਮਾਕੂ ਦਾ ਵਰਤਣਾ। ਤਮਾਕੂ ਜਗਤ ਝੂਠ ਹੈ ਕਿਉਂ ਕਿ ਤਮਾਕੂ ਦਾ ਧੂੰਆਂ ਕੋਲ ਬੈਠੈ ਸਾਰੇ ਲੋਕਾਂ ਦੇ ਸਾਹ ਵਿਚ ਚਲਾ ਜਾਂਦਾ ਹੈ। ਸਿੱਖੀ ਵਿਚ ਮਾਸ ਖਾਣ ਦੀ ਕੋਈ ਮਨਾਹੀ ਨਹੀਂ ਹੈ ਜਦ ਕਿ ਕੁਝ ਲੋਕ ਕੇਵਲ ਮਾਸ ਖਾਣ ਦੀ ਮਨਾਹੀ ਹੀ ਕਹੀ ਜਾ ਰਹੇ ਹਨ ਜੋ ਕਿ ਸਿਧਾਂਤਿਕ ਤੌਰ 'ਤੇ ਗਲਤ ਹੈ। ਕੁਠੇ ਦਾ ਭਾਵ ਵੀ ਬਲੀ ਤੋਂ ਸੀ ਜਿਹੜਾ ਸਿੱਖ ਨੂੰ ਪਰਵਾਨ ਨਹੀਂ ਹੈ। 1935 ਈ. ਨੂੰ ਜੰਡਿਆਲਾ ਸ਼ੇਰ ਖਾਂ ਝਟਕਾ ਕਾਨਫ੍ਰੰਸ ਦੋ ਦਿਨ ਹੁੰਦੀ ਰਹੀ ਜਿਸ 25 ਇਕ ਦਿਨ ਤੇ 25 ਦੂਜੇ ਦਿਨ ਬੱਕਰੇ ਝਟਕਾਏ ਗਏ ਕਿਉਂਕਿ ਸਾਡੀ ਅਣਖ਼ ਦਾ ਸਵਾਲ ਸੀ। ਅੱਜ ਵੀ ਸਿੱਖੀ ਦਿਖ ਵਿਚ ਬਣੇ ਡੇਰੇ ਮਾਸ ਨਾ ਖਾਣ ਦੀ ਬੇ–ਲੋੜੀ ਵਕਾਲਤ ਕਰਦੇ ਹਨ ਇਨ੍ਹਾਂ ਨੂੰ ਪਛਾਨਣ ਦੀ ਲੋੜ ਹੈ।

**10 ਰਹਿਤ ਮਰਿਯਾਦਾ ਦੀ ਵਿਲੱਖਣਤਾ**

ਪੰਥਕ ਰਹਿਣੀ ਵਿਚ ਸਥਾਨਿਕ ਫੈਸਲਿਆਂ ਦੀ ਅਪੀਲ ਆਉਂਦੀ ਹੈ। ਇਸ ਸਤਰ ਵਿਚ ਕਮਾਲ ਦੀ ਵਿਆਖਿਆ ਆਉਂਦੀ ਹੈ। ਸਥਾਨਿਕ ਗੁਰ–ਸੰਗਤ ਦੇ ਫੈਸਲਿਆਂ ਦੀ ਅਪੀਲ ਅਕਾਲ ਤੱਖਤ ਸਾਹਿਬ ਪਾਸ ਹੋ ਸਕਦੀ ਹੈ। ਇਸ ਵਿਚ ਦੋ ਸ਼ਬਦ ਵਿਚਾਰਨ ਵਾਲੇ ਹਨ ਗੁਰ–ਸੰਗਤ ਤੇ ਅਪੀਲ, ਇਸ ਦਾ ਅਰਥ ਹੈ ਕਿ ਸਥਾਨਿਕ ਸੰਗਤ ਨੂੰ ਜਦੋਂ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਸਥਾਨਿਕ ਤੌਰ ਤੇ ਹੀ ਹੱਲ ਹੋਣਾ ਚਾਹੀਦਾ ਹੈ। ਪ੍ਰਬੰਧਕ ਕਮੇਟੀਆਂ ਨਿਰਪੱਖ ਪੰਜਾਂ ਪਿਆਰਿਆਂ ਦੀ ਚੋਣ ਕਰਕੇ ਫੈਸਲੇ ਕਰਾ ਸਕਦੀ ਹੈ। ਸਿਰਫ ਅਪੀਲ ਹੀ ਅਕਾਲ ਤੱਖਤ ਤੇ ਆਉਣੀ ਚਾਹੀਦੀ ਹੈ।

**11 ਸੁਚੇਤ ਹੋਣ ਦੀ ਜ਼ਰੂਰਤ ਹੈ**

ਰਹਿਤ ਮਰਿਯਾਦਾ ਵਿਚ ਗੁਰਦੁਆਰੇ ਦੇ ਸ ਸਿਰਲੇਖ ਹੇਠ ਲਿਖਿਆ ਹੈ ਕਿ ਹਾਂ ਸਥਾਨ ਨੂੰ ਸੰਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ ਹਨ ਪਰ ਅਸਾਂ ਖੁੱਲ੍ਹ ਹੀ ਲੈ ਲਈ ਹੁਣ ਲੋਕ ਦਿਖਾਵੇ ਵਾਲੇ ਪਾਸੇ ਹੋ ਤੁਰੇ ਹਾਂ। ਚਾਰ ਚਾਰ ਕ੍ਰੋੜ ਰੁਪਏ ਦੇ ਫੁੱਲਾਂ ਦੀ ਵਰਤੋਂ ਕਰਨਾ ਇਹ ਵੀ ਕੋਈ ਦਿਆਨਤਦਾਰੀ ਨਹੀਂ ਹੈ। ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ ਜਦੋਂ ਅਕਾਲ ਤੱਖਤ ਦੇ ਜੱਥੇਦਾਰ ਸਨ ਉਹਨਾਂ ਕੋਲ ਰਾਂਚੀ ਦੇ ਗੁਰਸਿੱਖ ਸਰਦਾਰ ਫੁਲੇਲ ਸਿੰਘ ਆਏ ਤੇ ਕਹਿਣ ਲੱਗੇ ਕਿ ਮੇਰੀ ਇੱਛਾ ਹੈ ਕਿ ਮੈ ਦਰਬਾਰ ਸਾਹਿਬ ਬਹੁਤ ਸੁੰਦਰ ਇਕ ਪਾਲਕੀ ਭੇਂਟ ਕਰਾਂ। ਬੇਬਾਕ ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ ਕਹਿਣ ਲੱਗੇ ਕਿ, "ਸ੍ਰ. ਸਾਹਿਬ ਕੀ ਤੁਹਾਨੂੰ ਨਹੀਂ ਲਗਦਾ ਕਿ ਤੁਹਾਡੇ ਤੋਂ ਪਹਿਲਾਂ ਇੱਥੇ ਕੋਈ ਸਿਆਣਾ ਅਤੇ ਤੁਹਾਡੇ ਤੋਂ ਵੱਧ ਧਨਾਢ ਸਿੱਖ ਆਇਆ ਹੋਵੇਗਾ? ਜੇ ਕਰ ਦਰਬਾਰ ਸਾਹਿਬ ਫਿਰ ਵੀ ਪਾਲਕੀ ਨਹੀਂ ਹੈ ਤਾਂ ਇਹ ਸਮਝਣ ਦੀ ਲੋੜ ਹੈ ਕਿ ਕਿਉਂ ਨਹੀਂ? ਇਸ ਦੇ ਬਾਅਦ ਜੱਥੇਦਾਰ ਸਾਹਿਬ ਨੇ ਇਸ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਦੀ ਤਸੱਲੀ ਕਰਵਾ ਦਿੱਤੀ।

ਅੱਜ ਤਕ ਕਦੇ ਵੀ ਦਰਬਾਰ ਸਾਹਿਬ ਵਿੱਚ ਪਾਲਕੀ ਨਹੀਂ ਹੋਈ ਬਲ ਕਿ ਮੰਜੀ ਸਾਹਿਬ 'ਤੇ ਹੀ ਪ੍ਰਕਾਸ਼ ਹੁੰਦਾ ਹੈ।

ਪੰਥਕ ਏਕਤਾ ਤੇ ਸਿੱਖ ਸਿਧਾਂਤ ਲਈ ਜ਼ਰੂਰੀ ਹੈ ਕਿ ਅਰਦਾਸ ਵਿਚ ਇਕਸਾਰਤਾ ਰੱਖੀ ਜਾਏ। ਜਿਸ ਤਰ੍ਹਾਂ ਅਰਦਾਸ ਦੇ ਬੋਲ ਹਨ--

ਅਰਦਾਸ ਦੇ ਅਖੀਰ ਵਿਚ ਹੇ ਨਿਮਾਣਿਆਂ ਦੇ ਮਾਣ ਨਿਤਾਣਿਆਂ ਨਿਓਟਿਆਂ ਦੀ ਓਟ ਸੱਚੇ ਪਿਤਾ ਵਾਹਿਗੁਰੂ ਜੀ ਆਪ ਦੇ ਹਜ਼ੂਰ ਅਰਦਾਸ ਬੇਨਤੀ ਪਰ ਅੱਜ ਸਾਂਝਾ ਉਪਦੇਸ਼ ਛੱਡ ਕੇ ਆਪੋ ਮਰਜ਼ੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਸਥਾਨਿਕ ਗੁਰਦੁਆਰੇ ਜਿਸ ਦੇ ਨਾਂ 'ਤੇ ਬਣੇ ਹਨ ਉਨ੍ਹਾਂ ਅੱਗੇ ਅਰਦਾਸ ਕਰਦੇ ਹਾਂ। ਸਭ ਡੇਰੇ ਵਾਲੇ ਆਪੋ ਆਪਣੇ ਮਰ ਚੁੱਕੇ ਬਾਬਿਆਂ ਦੇ ਨਾਂ ਲ਼ੈਂਦੇ ਹਨ। ਮੇਰਾ ਮੰਨਣਾ ਹੈ ਕਿ ਥੋੜੀ ਜੇਹੀ ਖੁਲ੍ਹ ਨਾਲ ਸਿਧਾਂਤਕ ਬਖੇੜਾ ਖੜਾ ਹੁੰਦਾ ਹੈ ਤੇ ਪੰਥਕ ਏਕਤਾ ਨੂੰ ਖੋਰਾ ਲਗਦਾ ਹੈ।

ਬਹੁਤ ਸਾਰੇ ਡੇਰਿਆਂ ਵਲੋਂ ਮਰ ਚੁੱਕੇ ਸਾਧਾਂ ਦੀਆਂ ਬਰਸੀਆਂ ਮਨਾਉਣ ਦਾ ਰੁਝਾਨ ਪੈਦਾ ਹੋ ਗਿਆ ਹੈ ਪਰ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਲਾਸਾਨੀ ਸ਼ਹੀਦ ਨੂੰ ਕਦੇ ਵੀ ਇਨ੍ਹਾਂ ਡੇਰਿਆ ਵਿਚ ਕੋਈ ਪ੍ਰੋਗਰਾਮ ਨਹੀਂ ਹੋਇਆ। ਬਰਸੀਆਂ ਦਾ ਸਿੱਖੀ ਸਿਧਾਂਤ ਨਾਲ ਕੋਈ ਲੈਣ ਦੇਣ ਨਹੀਂ ਹੈ।

ਐ ਪੰਥ ਖਾਲਸਾ ਹੋਸ਼ ਮੇਂ ਆ, ਔਰ ਨਬਜ਼ ਪਹਿਚਾਨ ਜ਼ਮਾਨੇ ਦੀ,
ਯਾਂ ਹਰ ਕੋਈ ਅਪਨੇ ਦਾਓ ਪੇ ਹੈ, ਸੱਚ ਬਾਤ ਕਹੂੰ ਸਮਝਾਨੇ ਕੀ।
ਅਬ ਜੋਸ਼ਿ ਪੰਥ ਖ਼ਾਮੋਸ਼ ਨ ਰਹ, ਗੈਰੋਂ ਨੇ ਤੇਰਾ ਘਰ ਲੂਟ ਲੀਆ,
ਇਨ ਲੰਪਟ ਚੋਰ ਲੁਟੇਰੋਂ ਕੋ ਤੁਝੇ ਗਰਜ਼ ਹੈ ਸਬਕ ਸਿਖਾਨੇ ਕੀ।

ਪ੍ਰਿੰ. ਹਰਭਜਨ ਸਿੰਘ ਜੀ ਚੰਡੀਗੜ੍ਹ ਵਾਲੇ

–0–

# ਪਾਠਕਾਂ ਦੇ ਸਵਾਲ ਜਵਾਬ

-ਗੁਰਮਤਿ ਵਿਰਸਾ ਬਿਊਰੋ

**1. ਸਵਾਲ- ਚਾਰ ਵੇਦ ਕਿਹੜੇ ਹਨ?**

**ਉੱਤਰ-** ਗਿਆਨ, ਇਲਮ ਹਿੰਦੂ ਧਰਮ ਦੇ ਅਧਾਰ ਰੂਪ ਪ੍ਰਾਚੀਨ ਮੁੱਖ ਗ੍ਰੰਥ ਹਨ। ਇਹਨਾਂ ਦੀ ਗਿਣਤੀ ਪਹਿਲਾਂ ਤਿੰਨ ਸੀ ਅਤੇ ਪਿੱਛੋਂ ਅਥਰਵ ਮਿਲਾ ਕੇ ਚਾਰ ਕੀਤੀ ਗਈ। ਗੁਰੂ ਨੂੰ ਸੁਣ ਕੇ ਵੇਦ ਕੰਠ ਕੀਤਾ ਜਾਂਦਾ ਸੀ, ਏਸੇ ਕਾਰਣ ਸ਼੍ਰੁਤਿ ਸੰਗਿਆ ਹੋਈ ਅਰ ਵੇਦ ਕੰਠ ਕਰਨ ਵਾਲਾ ਸ਼੍ਰੋਤਿਯ ਪ੍ਰਸਿੱਧ ਹੋਇਆ। ਵੇਦ ਦਾ ਅਧਿਕਾਰ ਤ੍ਰਿਵਰਣ ਨੂੰ ਹੀ ਸੀ ਸ਼ੂਦ੍ਰ ਲਈ ਇਸ ਦਾ ਪੜ੍ਹਨਾ ਸੁਣਨਾ ਵਿਵਰਜਿਤ ਸੀ।

ਵੇਦ ਕਿਸੇ ਇਕ ਦੇ ਰਚੇ ਹੋਏ ਨਹੀਂ, ਇਨ੍ਹਾਂ ਵਿੱਚ ਵਸ਼ਿਸ਼ਟ ਵਿਸ਼ਵਾਮਿਤ੍ਰ, ਭਰਦਵਾਜ ਅਦਿ ਅਨੇਕਾਂ ਰਿਸ਼ੀਆਂ ਦੇ ਬਣਾਏ ਹੋਏ ਮੰਤ੍ਰ ਹਨ, ਜਿੰਨ੍ਹਾਂ ਵਿਚ ਸੂਰਯ, ਅਗਨਿ, ਇੰਦ੍ਰ, ਵਾਯੂ ਆਦਿ ਦੇਵਤਿਆਂ ਦੀ ਮਹਿਮਾ ਹੈ। ਅਨੇਕਾਂ ਗ੍ਰੰਥਾਂ ਵਿਚ ਵੇਦਾਂ ਨੂੰ ਈਸ਼ਵਰ ਦੇ ਸਵਾਸ ਲਿਖਿਆ ਹੈ।

ਵੇਦ ਚਾਰ ਹਨ, ਰਿਗਵੇਦ, ਯਜੁਰ ਵੇਦ, ਸਾਮ ਵੇਦ ਤੇ ਅਥਰਵਨ ਵੇਦ।

**2. ਸਵਾਲ- ਸ਼ਾਸਤ੍ਰ ਕੀ ਹਨ ਅਤੇ ਕਿੰਨੇ ਹਨ?**

**ਉੱਤਰ-** ਜਿਸ ਗ੍ਰੰਥ ਵਿਚ ਆਗਿਆ ਦਿੱਤੀ ਜਾਵੇ ਕਿ ਇਹ ਕਰਮ ਕਰੋ ਅਤੇ ਇਹ ਤਿਆਗੋ, ਉਸ ਸ਼ਾਸਤ੍ਰ ਦੀ ਸੰਗਯਾ ਹੈ ਪਰ ਹਿੰਦੂ ਮਤ ਵਿੱਚ ਖ਼ਾਸ ਕਰ ਕੇ ਖਟ ਸ਼ਾਸਤ੍ਰਾਂ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ।

ਛੇ ਸ਼ਾਸਤ੍ਰ ਹਨ ਜਿਹਾ ਕਿਵੈਸ਼ੇਸ਼ਿਕ, ਨਯਾਇ, ਸਾਂਖ਼ਯ, ਪਾਤੰਜਲ, ਮੀਮਾਂਸਾ ਤੇ ਵੇਦਾਂਤ

**3. ਸਵਾਲ- ਸਿਮ੍ਰਿਤੀਆਂ ਕੀ ਹਨ?**

**ਉੱਤਰ-** ਸਿਮ੍ਰਿਤੀਆਂ ਰਿਖੀਆਂ ਦੇ ਲਿਖੇ ਹੋਏ ਉਹ ਗ੍ਰੰਥ ਜੋ ਉਨ੍ਹਾਂ ਨੇ ਵੇਦ ਵਾਕਾਂ ਨੂੰ ਅਥਵਾ ਬਜ਼ੁਰਗਾਂ ਦੇ ਉਪਦੇਸ਼ਾਂ ਨੂੰ ਚੇਤੇ ਕਰ ਕੇ ਲਿਖੇ ਹਨ, ਇਹਨਾਂ ਦੀ ਗਿਣਤੀ ਬਹੁਤ ਹੈ ਪਰ ਮੁੱਖ 31 ਹਨ ਇਨ੍ਹਾਂ ਦੇ ਅੰਦਰ ਹੀ ਅਠਾਰਾਂ ਅਤੇ ਅਠਾਈ ਸਿਮ੍ਰਤੀਆਂ ਆ ਜਾਂਦੀਆਂ ਹਨ ਜਿਵੇਂ ਕਿ-

ਮਨੂੰ ਸਿੰਮ੍ਰਿਤੀ ਯਾਗਯਵਲਕਯ, ਲਘੁਅਤ੍ਰਿ, ਅਤਿ ਵ੍ਰਿਧਅਤਿ ਵਿਸ਼ਨੂੰ, ਲਘੁਰੀਤ, ਵ੍ਰਿਧ ਹਾਰੀਤ, ਔਸ਼ਨਸ, ਔਸ਼ਨਸ ਸੰਹਿੰਤਾ, ਆਂਗਿਰਸ, ਝਮ, ਆਪਸਤੰਬ, ਸੰਵਤਤੰ, ਕਾਤਯਾਇਨ, ਵ੍ਰਿਹਸਪਤਿ, ਪਾਰਾਸ਼ਰ, ਵਿਹਤਪਾਰਾਸ਼ਰੀ, ਵਯਾਸਮ ਲਘੁਵਯਾਸ, ਸੰਖ, ਲਿਖਿਤ, ਦਖਸ਼, ਗੌਤਮ, ਵ੍ਰਿਧ ਗੌਤਮ, ਸ਼ਾਤਤਪ, ਵਾਸ਼ਿਸ਼ਟ, ਪੁਲਸਤਣ, ਬੁਧ, ਕਸ਼ਣਪ, ਅਤੇ ਨਾਰਦ ਸਿਮ੍ਰਿਤੀ।

**4. ਸਵਾਲ- ਪੁਰਾਣ ਕੀ ਹਨ?**

**ਉੱਤਰ-** ਵਯਾਸ ਅਥਵਾ ਉਸ ਦੇ ਨਾਉਂ ਤੇ ਹੋਰ ਵਿਦਵਾਨਾਂ ਦੇ ਰਚੇ ਹੋਏ ਇਤਿਹਾਸ ਨਾਲ ਮਿਲੇ ਧਰਮ ਗ੍ਰੰਥ ਜਿੰਨ੍ਹਾਂ ਦੀ ਗਿਣਤੀ ਅਠਾਰਾਂ ਹੈ ਤੇ ਸਲੋਕਾਂ ਦੀ ਗਿਣਤੀ ਚਾਰ ਲੱਖ ਹੈ। ਵਿਸ਼ਨੂ ਅਤੇ ਬ੍ਰਹਮਾਂਡ ਪੁਰਾਣ ਦਾ ਲੱਛਣ ਇਹ ਕੀਤਾ ਹੈਜਗਤ ਦੀ ਉਤਪਤੀ, ਪ੍ਰਲੈ, ਦੇਵਤਾ ਅਤੇ ਪਿੱਤਰਾਂ ਦੀ ਬਸੰਵਲੀ ਮਨ ਦੇ ਰਾਜ ਦਾ ਸਮਾਂ ਅਤੇ ਉਸ ਦਾ ਹਾਲ, ਸੂਰਜ ਅਤੇ ਚੰਦ੍ਰਮਾ ਵੰਸ਼ ਦੀ ਕਥਾ, ਜਿਸ ਵਿਚ ਇਹ ਪੰਜ ਪ੍ਰਸੰਗ ਹੋਣ ਉਹ ਪੁਰਾਣ ਹੈ। ਪੁਰਾਣਾ ਦੀ ਗਿਣਤੀ ਅਠਾਰਾਂ ਹੈ।ਯਥਾਵਿਸ਼ਨੂ ਪੁਰਾਣ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇ, ਅਗਨਿ, ਬ੍ਰਹਮਵੈਵਰਤ, ਲਿੰਗ, ਵਾਰਾਹ, ਸਕੰਦ, ਵਾਮਨ, ਕੂਰਮ, ਮਤਸਣ, ਗੁਰੜ, ਬ੍ਰਹਮਾਂਡ ਅਤੇ ਵਾਸ਼ਿਸ਼ਟ।

ਵੇਦ, ਸ਼ਾਸਤ੍ਰ, ਸਿਮ੍ਰਿਤੀਆਂ, ਪੁਰਾਣ ਹਿੰਦੂ ਧਰਮ ਦੇ ਉਹ ਗ੍ਰੰਥ ਹਨ ਜਿਸ ਨਾਲ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੀਕ ਦੇ ਕਰਮ ਕਾਂਡ ਦਿੱਤੇ ਹੋਏ ਹਨ ਇਹਨਾਂ ਨੂੰ ਮੰਨਣ ਵਾਲੇ ਉਹ ਕਰਮ-ਕਾਂਡਾਂ ਵਿਚ ਪੂਰੀ ਤਰ੍ਹਾਂ ਫਸੇ ਹੋਏ ਹਨ। ਕਬੀਰ ਸਾਹਿਬ ਜੀ ਨੇ ਇਹਨਾਂ ਧਾਰਮਿਕ ਗ੍ਰੰਥ ਤੇ ਇਨ੍ਹਾਂ ਦੀ ਸਿੱਖਿਆ ਸਬੰਧੀ ਬ-ਕਮਾਲ ਸਮਝਾਉਂਦੇ ਹਨ

**ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ ॥ ਆਪਨ ਨਗਰੁ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥ ਰਹਾਉ ॥ ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥ ਕਹੁ ਕਬੀਰ ਮੈ ਰਾਮ ਕਹਿ ਛੂਟਿਆ॥ (329)**

**ਅਰਥ:** ਹੇ ਵੀਰ! ਇਹ ਸਿੰਮ੍ਰਿਤੀ ਜੋ ਵੇਦਾਂ ਦੇ ਆਧਾਰ ਤੇ ਬਣੀ ਹੈ (ਇਹ ਤਾਂ ਆਪਣੇ ਸ਼ਰਧਾਲੂਆਂ ਵਾਸਤੇ ਵਰਨ ਆਸ਼ਰਮ ਦੇ, ਮਾਨੋ) ਸੰਗਲ ਤੇ (ਕਰਮ-ਕਾਂਡ ਦੀਆਂ) ਰੱਸੀਆਂ ਲੈ ਕੇ ਆਈ ਹੈ।

(ਇਸ ਸਿੰਮ੍ਰਿਤੀ ਨੇ) ਆਪਣੇ ਸਾਰੇ ਸ਼ਰਧਾਲੂ ਆਪ ਹੀ ਜਕੜੇ ਹੋਏ ਹਨ, (ਇਨ੍ਹਾਂ ਨੂੰ ਸੁਰਗ ਆਦਿਕ ਦੇ) ਮੋਹ ਦੀ ਫਾਹੀ ਵਿਚ ਫਸਾ ਕੇ (ਇਹਨਾਂ ਦੇ ਸਿਰ ਤੇ) ਮੌਤ (ਦੇ ਸਹਿਮ) ਦਾ ਤੀਰ (ਇਸ ਨੇ) ਖਿੱਚਿਆ ਹੋਇਆ ਹੈ। ਰਹਾਉ।

(ਇਹ ਸਿੰਮ੍ਰਿਤੀ-ਰੂਪ ਫਾਹੀ ਸ਼ਰਧਾਲੂਆਂ ਪਾਸੋਂ) ਵੱਢਿਆਂ ਵੱਢੀ ਨਹੀਂ ਜਾ ਸਕਦੀ ਅਤੇ ਨਾਹ ਹੀ (ਆਪਣੇ ਆਪ) ਇਹ ਟੁੱਟਦੀ ਹੈ। (ਹੁਣ ਤਾਂ) ਇਹ ਸੱਪਣੀ ਬਣ ਕੇ ਜਗਤ ਨੂੰ ਖਾ ਰਹੀ ਹੈ (ਭਾਵ, ਜਿਵੇਂ ਸੱਪਣੀ ਆਪਣੇ ਹੀ ਬੱਚਿਆਂ ਨੂੰ ਖਾ ਜਾਂਦੀ ਹੈ, ਤਿਵੇਂ ਇਹ ਸਿੰਮ੍ਰਿਤੀ ਆਪਣੇ ਹੀ ਸ਼ਰਧਾਲੂਆਂ ਦਾ ਨਾਸ ਕਰ ਰਹੀ ਹੈ)।

ਹੇ ਕਬੀਰ! ਆਖ ਅਸਾਡੇ ਵੇਖਦਿਆਂ ਵੇਖਦਿਆਂ ਜਿਸ (ਸਿੰਮ੍ਰਿਤੀ) ਨੇ ਸਾਰੇ ਸੰਸਾਰ ਨੂੰ ਠੱਗ ਲਿਆ ਹੈ, ਮੈਂ ਪ੍ਰਭੂ ਦਾ ਸਿਮਰਨ ਕਰ ਕੇ ਉਸ ਤੋਂ ਬਚ ਗਿਆ ਹਾਂ।

**ਸ਼ਬਦ ਦਾ ਭਾਵ:** ਸਿੰਮ੍ਰਿਤੀਆਂ ਦੇ ਲੀਕੇ ਹੋਏ ਵਰਨ-ਆਸ਼ਰਮ ਤੇ ਕਰਮ-ਕਾਂਡ ਸਿੰਮ੍ਰਿਤੀ ਵਿਚ ਸ਼ਰਧਾ ਰੱਖਣ ਵਾਲਿਆਂ ਨੂੰ ਸੰਗਲ ਹੋ ਢੁਕਦੇ ਹਨ। ਉਹਨਾਂ ਨੂੰ ਇਹ ਅਜਿਹੇ ਭਰਮਾਂ-ਵਹਿਮਾਂ ਵਿਚ ਜਕੜ ਦੀਆਂ ਹਨ ਕਿ ਛੁਟਕਾਰਾ ਹੋਣਾ ਔਖਾ ਹੋ ਜਾਂਦਾ ਹੈ। ਪ੍ਰਭੂ ਦਾ ਸਿਮਰਨ ਹੀ ਇਹਨਾਂ ਤੋਂ ਬਚਾਉਣ ਦੇ ਸਮਰੱਥ ਹੈ।

ਗੁਰਬਾਣੀ ਦਾ ਹੋਰ ਪ੍ਰਮਾਣ ਵੀ ਦੇਖਣ ਦਾ ਯਤਨ ਕਰਨਾ ਚਾਹੀਦਾ ਹੈ ---

**ਬੇਦ ਪੜਹਿ ਹਰਿ ਨਾਮੁ ਨ ਬੂਝਹਿ॥**
**ਮਾਇਆ ਕਾਰਣਿ ਪੜਿ ਪੜਿ ਲੂਝਹਿ॥**
**ਅੰਤਰਿ ਮੈਲੁ ਅਗਿਆਨੀ ਅੰਧਾ**
**ਕਿਉ ਕਰਿ ਦੁਤਰੁ ਤਰੀਜੈ ਹੇ॥**
**ਬੇਦ ਬਾਦ ਸਭਿ ਆਖਿ ਵਖਾਣਹਿ॥**
**ਨ ਅੰਤਰੁ ਭੀਜੈ ਨ ਸਬਦੁ ਪਛਾਣਹਿ॥**
**ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ**
**ਗੁਰਮੁਖਿ ਅੰਮ੍ਰਿਤੁ ਪੀਜੈ ਹੇ॥ (1050)**

ਹੇ ਭਾਈ! (ਪੰਡਿਤ ਲੋਕ) ਵੇਦ (ਆਦਿਕ ਧਰਮ-ਪੁਸਤਕ) ਪੜ੍ਹਦੇ ਹਨ, (ਪਰ ਜੇ ਉਹ) ਪਰਮਾਤਮਾ ਦੇ ਨਾਮ ਨੂੰ (ਜੀਵਨ-ਮਨੋਰਥ) ਨਹੀਂ ਸਮਝਦੇ, ਤਾਂ ਉਹ ਮਾਇਆ (ਕਮਾਣ) ਵਾਸਤੇ ਹੀ (ਵੇਦ ਆਦਿਕ ਧਰਮ-ਪੁਸਤਕਾਂ ਨੂੰ) ਪੜ੍ਹ ਪੜ੍ਹ ਕੇ (ਮਾਇਆ ਦੇ ਘੱਟ ਚੜ੍ਹਾਵੇ ਤੇ ਅੰਦਰੇ ਅੰਦਰ) ਖਿੱਝਦੇ ਹਨ। ਹੇ ਭਾਈ! ਜਿਸ ਮਨੁੱਖ ਦੇ ਅੰਦਰ (ਮਾਇਆ ਦੇ ਮੋਹ ਦੀ) ਮੈਲ ਹੈ (ਉਹ ਵੇਦ-ਪਾਠੀ ਪੰਡਿਤ ਭੀ ਹੋਵੇ, ਤਾਂ ਭੀ) ਉਹ ਅੰਨ੍ਹਾ ਬੇ-ਸਮਝ ਹੈ, ਇਸ ਤਰ੍ਹਾਂ ਇਹ ਦੁੱਤਰ ਸੰਸਾਰ-ਸਮੁੰਦਰ ਤਰਿਆ ਨਹੀਂ ਜਾ ਸਕਦਾ।

ਹੇ ਭਾਈ! ਸਾਰੇ (ਪੰਡਿਤ ਲੋਕ) ਵੇਦ (ਆਦਿਕ ਧਰਮ-ਪੁਸਤਕਾਂ) ਦੀਆਂ ਚਰਚਾ ਉਚਾਰ ਕੇ (ਹੋਰਨਾਂ ਦੇ ਸਾਹਮਣੇ) ਵਿਆਖਿਆ ਕਰਦੇ ਹਨ, (ਇਸ ਤਰ੍ਹਾਂ) ਨਾ (ਉਹਨਾਂ ਦਾ ਆਪਣਾ) ਹਿਰਦਾ ਭਿੱਜਦਾ ਹੈ, ਨਾ ਉਹ ਸਿਫ਼ਤਿ-ਸਾਲਾਹ ਦੀ ਬਾਣੀ ਦੀ ਕਦਰ ਸਮਝਦੇ ਹਨ। ਹੇ ਭਾਈ! ਵੇਦ ਨੇ ਤਾਂ ਮੁੜ ਮੁੜ ਇਸ ਗੱਲ ਵਲ ਧਿਆਨ ਦਿਵਾਇਆ ਹੈ ਕਿ ਕਿਹੜਾ ਪੁੰਨ-ਕਰਮ ਹੈ ਤੇ ਕਿਹੜਾ ਪਾਪ-ਕਰਮ ਹੈ। ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ ਤਾਂ ਗੁਰੂ ਦੀ ਸਰਨ ਪਿਆਂ ਹੀ ਪੀਤਾ ਜਾ ਸਕਦਾ ਹੈ।

ਗਿਆਨ ਹਾਸਲ ਕਰਨ ਲਈ ਵੱਧ ਤੋਂ ਵੱਧ ਪੁਸਤਕਾਂ ਗ੍ਰੰਥ ਪੜ੍ਹਨੇ ਚਾਹੀਦੇ ਹਨ ਪਰ ਸਿੱਖ ਦਾ ਨਿਸਚਾ ਗੁਰੂ ਗ੍ਰੰਥ ਸਾਹਿਬ ਜੀ 'ਤੇ ਹੀ ਹੋਣਾ ਚਾਹੀਦਾ ਹੈ।

ਦੇਖਣ ਵਿਚ ਆਉਂਦਾ ਹੈ ਕਿ ਗੁਰਬਾਣੀ ਦੀ ਵਿਚਾਰ ਨਾ ਸਮਝਣ ਕਰਕੇ ਅਸੀਂ ਬਹੁਤ ਸਾਰੇ ਰੀਤੀ ਰਿਵਾਜ ਇਨ੍ਹਾਂ ਸਨਾਤਨੀ ਗ੍ਰੰਥਾਂ ਅਨੁਸਾਰ ਹੀ ਨਿਭਾਅ ਰਹੇ ਨਜ਼ਰ ਆ ਰਹੇ ਹਾਂ।

-0-




# ਕਿਨਹੂੰ ਗੁਰਮੁਖਿ ਜਾਨਾ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਹਰ ਆਦਮੀ ਇਹ ਚਾਹੁੰਦਾ ਹੈ ਕਿ ਮੇਰੇ ਜੀਵਨ ਦੇ ਵਿਚ ਸੁਖ ਭਰ ਜਾਏ, ਪਰ ਅਜੇਹਾ ਹੋ ਨਹੀਂ ਰਿਹਾ। ਸੁਖ ਦੋ ਪ੍ਰਕਾਰ ਦੇ ਹਨ ਇਕ ਸੁਖ ਅੰਦਰਲਾ ਤੇ ਦੂਜਾ ਸੁਖ ਬਾਹਰਲੀ ਦੁਨੀਆਂ ਦਾ ਹੈ। ਬਾਹਰਲਾ ਸੁਖ ਖਰੀਦਿਆ ਜਾ ਸਕਦਾ ਹੈ ਪਰ ਅੰਦਰੂਨੀ ਆਪ ਪੈਦਾ ਕਰਨਾ ਪੈਂਦਾ ਹੈ। ਅੰਦਰੂਨੀ ਸੁਖ ਪੈਦਾ ਕਰਨ ਦੀਆਂ ਕੁਝ ਤਜਵੀਜਾਂ ਗੁਰੂ ਤੇਗ ਬਹਾਦਰ ਜੀ ਨੇ ਸਾਡੇ ਸਾਹਮਣੇ ਰੱਖੀਆਂ ਹਨ। ਇਹ ਸੁਝਾਅ ਕੋਈ ਵੀ ਮਨੁਖ ਅਪਨਾ ਸਕਦਾ ਹੈ। ਕਿਸੇ ਵੀ ਜ਼ਾਤ, ਮਜ਼ਹਬ ਜਾਂ ਧਰਮ ਨਾਲ ਸੰਬੰਧ ਰੱਖਦਾ ਹੋਵੇ, ਇਹ ਉਪਦੇਸ਼ ਸਾਰਿਆਂ ਲਈ ਸਾਂਝਾ ਹੈ।

ਗੁਰਬਾਣੀ ਤਾਂ ਇਕ ਜੀਵਨ ਜਾਚ ਹੈ, ਪਰ ਅਸੀਂ ਇਸ ਨੂੰ ਸਿਰਫ ਪੂਜਾ ਤਕ ਹੀ ਸੀਮਤ ਕਰਕੇ ਰੱਖ ਦਿੱਤਾ ਹੈ। ਨਾ ਤਾਂ ਅਸੀਂ ਆਪ ਜੀਵਨ ਜਾਚ ਲਈ ਹੈ ਤੇ ਨਾ ਹੀ ਅਸੀਂ ਹੋਰਨਾਂ ਲੋਕਾਂ ਨੂੰ ਦੱਸ ਸਕੇ ਹਾਂ। ਜਿਸ ਸ਼ਬਦ ਦਾ ਅਧਾਰ ਬਣਾ ਕੇ ਵਿਚਾਰ ਕੀਤੀ ਜਾ ਰਹੀ ਹੈ, ਉਹ ਰਾਗ ਗਉੜੀ ਵਿਚੋਂ ਲਿਆ ਗਿਆ ਹੈ। ਪੂਰਾ ਸ਼ਬਦ ਹੇਠਾਂ ਲਿਖਿਆ ਹੋਇਆ ਹੈ।

**ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥1॥ ਰਹਾਉ ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥1॥ ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥2॥1॥ (219)**

ਉਪਰੋਕਤ ਕੀਮਤੀ ਸ਼ਬਦ ਅੰਦਰ ਗਿਆਰਾਂ ਕੁ ਨੁਕਤਿਆਂ ਦੀ ਵਿਚਾਰ ਚਰਚਾ ਕੀਤੀ ਗਈ ਹੈ। ਨਿਰਬਾਣ ਪਦਵੀ ਖੋਜਣ ਦਾ ਆਦਰਸ਼ ਮਿਥਿਆ ਗਿਆ ਹੈ। ਇਸ ਆਦਰਸ਼ ਤੇ ਅਪੜਨ ਵਾਲੇ ਨੂੰ ਗੁਰਮੁਖ ਜਨ ਦਾ ਦਰਜਾ ਦਿੱਤਾ ਗਿਆ ਹੈ। ਉਂਜ ਕਈਆਂ ਦੀ ਜ਼ਬਾਨ ਤੇ ਇਹ ਆਮ ਸ਼ਬਦ ਚੜ੍ਹਿਆ ਹੋਇਆ ਕਿ ਗੁਰਮੁਖਾ ਇਹ ਕੰਮ ਕਰ ਲੈ। ਦਾਰੂ ਪੀਣ ਵਾਲੇ, ਤੰਮਾਕੂ ਖਾਣ ਤੇ ਹਰ ਪ੍ਰਕਾਰ ਦੇ ਨਸ਼ਈ ਨੂੰ ਵੀ ਗੁਰਮੁਖ ਆਖਿਆ ਜਾ ਰਿਹਾ ਹੈ। ਗੁਰਮੁਖ ਬਣਨ ਦੀਆਂ ਜੋ ਤਜਵੀਜਾਂ ਸਾਡੇ ਸਾਹਮਣੇ ਹਨ, ਉਹਨਾਂ ਨੂੰ ਮੇਰੇ ਸਮੇਤ ਬਹੁਤ ਘੱਟ ਗੁਰਮੁਖ ਜਨ ਜਾਨਣ ਦਾ ਯਤਨ ਕਰਦੇ ਹਨ। ਇਸ ਸ਼ਬਦ ਵਿਚ ਇਕ ਅਹਿਮ ਨੁਕਤਾ ਖੋਜ ਦਾ ਆਇਆ ਹੈ। ਜ਼ਰਾ ਕੁ ਗਹੁ ਕਰਕੇ ਦੇਖਿਆ ਜਾਏ ਤਾਂ ਖੋਜ ਵਾਲੀ ਬਿਰਤੀ ਹਟਾ ਕੇ ਅਸੀਂ ਸਿਰਫ ਢੋਲਕੀਆਂ ਤੇ ਛੈਣਿਆਂ ਨੂੰ ਕੁੱਟ ਕੁੱਟ ਕੇ ਨਾਮ ਜਪਣ ਦਾ ਭਰਮ ਪਾਲ ਲਿਆ ਹੈ। ਏਨਾ ਥੱਕ ਜਾਂਦੇ ਹਾਂ, ਮੁੜ ਗੁਰਬਾਣੀ ਪੜ੍ਹਨ ਜੋਗੇ ਰਹਿੰਦੇ ਹੀ ਨਹੀਂ ਹਾਂ।

ਸ਼ਬਦ ਦੀਆਂ ਰਹਾਉ ਵਾਲੀਆਂ ਤੁਕਾਂ ਵਿਚ ਮਨੁੱਖ ਨੂੰ ਅੰਦਰਲੀ ਬਿਰਤੀ ਦਾ ਅਹਿਸਾਸ ਕਰਾਇਆ ਗਿਆ ਹੈ। ਮਨੁੱਖ ਹਮੇਸ਼ਾਂ ਹੀ ਦੋ ਸੁਭਾਵਾਂ ਵਿਚ ਵਿਚਰ ਰਿਹਾ ਹੈ। ਅੰਦਰਲਾ ਸੁਭਾਅ ਕੁਝ ਹੋਰ ਹੈ ਤੇ ਬਾਹਰਲਾ ਸੁਭਾਅ ਕੁਝ ਹੋਰ ਰੱਖੀ ਬੈਠਾ ਹੈ। ਸਾਧ ਸ਼ਬਦ ਆਮ ਕਰਕੇ ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ ਪੁਰਸ਼ਾਂ ਲਈ ਵਰਤਿਆ ਜਾਂਦਾ ਹੈ। ਪਹਿਰਾਵਾ ਕਰਕੇ ਹਰ ਮਨੁੱਖ ਸਾਧ ਬਣਨ ਦੇ ਯਤਨ ਵਿਚ ਪਿਆ ਹੋਇਆ ਏ। ਅਸਲ ਸਾਧਗਿਰੀ ਦੀ ਦਵਾਈ ਗੁਰਦੇਵ ਜੀ ਦੇ ਰਹੇ ਹਨ।

ਐ ਮੇਰੇ ਵੀਰ ਸਭ ਤੋਂ ਪਹਿਲਾਂ ਆਪਣੇ ਮਨ ਵਿਚੋਂ ਅੰਹਕਾਰ ਨੂੰ ਤਿਆਗਣ ਦੀ ਖੋਜ ਕਰ। ਵਾਸ਼ਨਾ ਤੋਂ ਰਹਿਤ ਵਾਲੇ ਜੀਵਨ ਦਾ ਪਦ ਨਿਰਧਾਰਤ ਕਰਨ ਦਾ ਯਤਨ ਕਰਦਾ ਰਹੋ। ਅਹੰਕਾਰ ਬਰੀਕ ਹੋਣ ਕਰਕੇ ਆਮ ਹਾਲਤਾਂ ਵਿਚ ਦਿਸਦਾ ਨਹੀਂ ਹੈ। ਮਾਲਾ ਫੇਰਨ ਦਾ ਮਾਣ, ਅੰਮ੍ਰਿਤ ਵੇਲੇ ਉਠਣ ਦਾ ਮਾਣ। ਜਵਾਨੀ ਧੰਨ ਦੌਲਤ, ਮਹਿਲ ਮਾੜੀਆਂ ਦਾ ਅੰਹਕਾਰ। ਇਕ ਸਟੇਜ ਤੇ ਇਹ ਵੀ ਆਖਦਾ ਹੈ ਜੀ ਅਸੀਂ ਤੇ ਬਹੁਤ ਨਿਮਾਣੇ ਹਾਂ ਜੀ-ਦਰਅਸਲ ਆਦਮੀ ਆਪਣੇ ਹੰਕਾਰ ਨੂੰ ਹੋਰ ਵੱਡਾ ਕਰਨ ਹਿੱਤ ਦੂਸਰੇ ਦੇ ਮੂੰਹੋਂ ਆਪਣੀ ਫੋਕੀ ਵਡਿਆਈ ਸੁਣਨਾ ਚਾਹੁੰਦਾ ਹੈ। ਹੰਕਾਰ ਦੇ ਨਾਲ ਦੋ ਹੋਰ ਵੀ ਆਪਣੇ ਆਪ ਨੂੰ ਭਲੇਮਾਣਸ ਅਖਵਾਉਣ ਵਾਲੇ ਕਾਮ ਤੇ ਕ੍ਰੋਧ ਚੌਕੜੀ ਮਾਰ ਕੇ ਬੈਠੇ ਹੋਏ ਹਨ। ਮੂਲ ਪਾਠ ਇਸ ਤਰ੍ਹਾਂ ਹੈ---

**ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥1॥ ਰਹਾਉ ॥**

ਬੁਰੇ ਆਦਮੀ ਦੀ ਸੰਗਤ ਜੀਵਨ ਬਰਬਾਦ ਕਰਕੇ ਰੱਖ ਦਿੰਦੀ ਹੈ। ਸਿਆਣੇ ਲੋਕ ਬੁਰੀ ਸੰਗਤ ਤੋਂ ਹਮੇਸ਼ਾਂ ਬੱਚ ਕੇ ਰਹਿੰਦੇ ਹਨ। ਭੈੜੇ ਖਿਆਲਾਂ ਦੀ ਸੰਗਤ ਦੇ ਇਹ ਤਿੰਨੇ ਹੀ ਸਰਦਾਰ ਮੰਨੇ ਗਏ ਹਨ। ਇਹਨਾਂ ਤੋਂ ਦਿਨੇ ਰਾਤ ਦੂਰ ਰਹਿਣ ਦੀ ਚਿਤਾਵਨੀ ਦਿੱਤੀ ਗਈ ਹੈ। ਦਿਨ ਰਾਤ ਦਾ ਅਰਥ ਹਰ ਵੇਲੇ ਸੁਚੇਤ ਹੋਣ ਦੀ ਤਾਗੀਦ ਕੀਤੀ ਗਈ ਹੈ।

ਵਿਰਲਾ ਮਨੁੱਖ ਇਹਨਾਂ ਦੀ ਸਮਝ ਰੱਖਦਾ ਹੈ। ਕੋਈ ਵਸਤੂ ਕਿਤੇ ਗੁਆਚ ਜਾਏ ਤਾਂ ਆਦਮੀ ਉਸ ਦੀ ਭਾਲ ਕਰਦਾ ਹੈ। ਬਸ ਇਹਨਾਂ ਦੁਸ਼ਟ ਮਿੱਤਰਾਂ ਵਿਚੋਂ ਨਿਰਬਾਣ ਪਦ ਦੀ ਖੋਜ ਕਰਨੀ ਹੈ। ਇਹਨਾਂ ਦੁਸ਼ਟਾਂ ਵਿਚ ਨਿਰਬਾਨ ਪਦ ਗਵਾਚਾ ਹੋਇਆ ਹੈ।

ਅੱਗਲੇ ਬੰਦ ਵਿਚ ਚਾਰ ਵਸਤੂਆਂ ਵਿਚੋਂ ਤਤ-ਜ਼ਿੰਦਗੀ ਦਾ ਰਾਜ਼ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਦੇਵ ਜੀ ਨੇ ਅਸਲੀਅਤ ਪਛਾਨਣ 'ਤੇ ਜ਼ੋਰ ਦਿੱਤਾ ਹੈ। ਦੁਖ ਅਤੇ ਸੁਖ ਨੂੰ ਇਕੋ ਜੇਹਾ ਕਰਕੇ ਮੰਨਦਾ ਹੈ। ਆਦਰ ਤੇ ਨਿਰਾਦਰੀ ਨੂੰ ਵੀ ਸਮਾਨ ਜਾਣਦਾ ਹੈ।

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥1॥**

ਉਪਰਲੀਆਂ ਤੁਕਾਂ ਨਾਲ ਇਹਨਾਂ ਦਾ ਗਹਿਰਾ ਸੰਬੰਧ ਜੁੜਿਆ ਹੋਇਆ ਹੈ। ਸੁਖ ਦੀ ਅਵਸਥਾ ਵਿਚ ਕੁਦਰਤੀ ਹੰਕਾਰ ਬਾਦਸ਼ਾਹ ਪ੍ਰਗਟ ਹੁੰਦਾ ਹੈ। ਜਦ ਕਾਮਨਾ ਪੂਰੀ ਨਾ ਹੁੰਦੀ ਹੋਵੇ ਤਾਂ ਕ੍ਰੋਧ ਹਾਕਮਾਨਾ ਬਿਰਤੀ ਲੈ ਕੇ ਟਪਕਦਾ ਦੇਖਿਆ ਜਾ ਸਕਦਾ ਹੈ। ਐਸੀ ਬਿਰਤੀ ਵਿਚੋਂ ਦੁਖ ਪਹਿਲਵਾਨ ਥਾਪੀਆਂ ਮਾਰ ਕੇ ਜਨਮ ਲੈਂਦਾ ਹੈ। ਸਾਹਿਬ ਜੀ ਦਾ ਸੰਸਾਰ ਨੂੰ ਮਸ਼ਵਰਾ ਹੈ ਕਿ ਸੁਖ ਤੇ ਦੁਖ ਨੂੰ ਬਰਾਬਰ ਜਾਨਣ ਦੀ ਜਾਚ ਆ ਜਾਏ ਤਾਂ ਮਾਨ ਅਪਮਾਨ ਤੋਂ ਉਪਰ ਉਠ ਜਾਏਂਗਾ। ਆਦਮੀ ਦੀਆਂ ਬਹੁਤ ਕਮਜ਼ੋਰੀਆਂ ਹਨ-ਕਿਸੇ ਰਿਸ਼ਤੇਦਾਰੀ ਦੇ ਘਰ ਗਏ ਹਾਂ। ਕੁਦਰਤੀ ਆਏ ਮਹਿਮਾਨ ਵਲ ਜ਼ਰਾ ਤਵੱਜੋ ਘੱਟ ਦਿੱਤੀ ਗਈ, ਮਹਿਮਾਨ ਜੀ ਦਾ ਪਾਰਾ ਸਤਵੇਂ

ਅਸਮਾਨ 'ਤੇ ਚੜ੍ਹ ਜਾਂਦਾ ਹੈ। ਫਟਾ ਫਟ ਕਹਿ ਉਠਦਾ ਹੈ ਜੇਕਰ ਸਾਨੂੰ ਪੁਛਣਾ ਨਹੀਂ ਸੀ ਤਾਂ ਸਾਨੂੰ ਸੱਦਿਆ ਹੀ ਕਿਉਂ ਗਿਆ? ਹਰ ਆਦਮੀ ਕਿਸੇ ਦੂਸਰੇ ਪਾਸੋਂ ਆਪਣੇ ਮਾਣ ਸਨਮਾਨ ਦੀ ਆਸ ਲਗਾਈ ਬੈਠਾ ਹੋਇਆ ਅਕਸਰ ਦੇਖਿਆ ਜਾ ਸਕਦਾ ਹੈ। ਕਿਸੇ ਲੀਡਰ ਦੇ ਗਲ ਵਿਚ ਦੋ ਹਾਰ ਘੱਟ ਪੈ ਜਾਣ ਤਾਂ ਉਹ ਆਪਣਾ ਮਾਣ ਘੱਟਿਆ ਹੋਇਆ ਮਹਿਸੂਸ ਕਰਦਾ ਹੈ। ਇਹ ਸਮਝਣ ਲੱਗ ਪੈਂਦਾ ਹੈ ਕਿ ਮੇਰਾ ਅਪਮਾਨ ਹੋਇਆ ਹੈ।

ਗੁਰਦੇਵ ਜੀ ਨੇ ਮਨੁੱਖ ਨੂੰ ਇਸ ਕਮਜ਼ੋਰੀ ਤੋਂ ਭਲੀ ਭਾਂਤ ਜਾਣੂੰ ਕਰਾਇਆ ਏ। ਆਪਣੇ ਮਨ ਦੇ ਭਰਮਾਂ ਵਿਚ ਦੱਬੇ ਪਏ, ਮਾਨਸਿਕ ਬੀਮਾਰ ਨੂੰ ਦੁਖ ਸੁਖ ਤੇ ਮਾਣ ਅਪਮਾਨ ਨੂੰ ਇਕ ਜਾਨਣ ਦੀ ਹਦਾਇਤ ਕੀਤੀ ਹੈ। ਸੁਖ, ਖੁਸ਼ੀ ਤੇ ਮਾਣ ਤੱਕੜੀ ਦਾ ਇਕ ਪੱਲੜਾ ਏ। ਕ੍ਰੋਧ, ਦੁਖ ਤੇ ਅਪਮਾਨ ਤੱਕੜੀ ਦਾ ਦੂਸਰਾ ਪੱਲੜਾ ਏ। ਜੱਗ ਵਿਚ ਰਹਿੰਦਿਆਂ ਇਹਨਾਂ ਤੱਤਾਂ ਦੀ ਪਹਿਚਾਣ ਕਰਨੀ ਹੈ। ਕਿਸੇ ਪ੍ਰਬੰਧਕ ਨੂੰ ਕੋਈ ਰਾਗੀ, ਪ੍ਰਚਾਰਕ ਦੋ ਚਾਰ ਵਾਰ ਬੁਲਾਵੇ ਨਾ ਤਾਂ ਪ੍ਰਬੰਧਕ ਆਪਣਾ ਅਪਮਾਨ ਸਮਝਣ ਲੱਗ ਪੈਂਦਾ ਹੈ। ਇਸ ਦੇ ਉਲਟ ਦੋ ਚਾਰ ਵਾਰ ਪ੍ਰਬੰਧਕਾਂ ਦੇ ਅੱਗੇ ਪਿੱਛੇ ਤੁਰਿਆ ਫਿਰਿਆ ਜਾਏ ਤਾਂ ਉਹ ਇਸ ਵਿਚ ਅਪਣਾ ਮਾਨ ਸਨਮਾਨ ਤੇ ਦੁਨੀਆਂ ਦੀਆਂ ਸਾਰੀਆਂ ਖੁਸ਼ੀਆਂ ਏਸੇ ਵਿਚ ਹੀ ਸਮਝਣ ਲੱਗ ਪੈਂਦਾ ਹੈ। ਉਪਰੋਕਤ ਤੱਕੜੀ ਦੇ ਦੋਨਾਂ ਪੱਲਿਆਂ ਤੋਂ ਉਪਰ ਉਠ ਬੈਠਣ ਵਾਲਾ ਹੀ ਨਿਰਲੇਪ ਰਹਿੰਦਾ ਹੈ। ਕਿਸੇ ਪਦਵੀ ਤੇ ਉਹ ਹੀ ਬੈਠ ਸਕਦਾ ਹੈ, ਜੋ ਯੋਗ ਹੋਵੇ। ਨਿਰਬਾਣ ਪਦਵੀ 'ਤੇ ਪਹੁੰਚਣ ਲਈ ਇਸ ਭੇਦ ਨੂੰ ਸਮਝਣਾ ਅਹਿਮ ਪ੍ਰਾਪਤੀ ਹੈ। ਜ਼ਿੰਦਗੀ ਵਿਚ ਚਲਦਿਆਂ ਥੋੜ੍ਹੀ ਗਮੀ ਖੁਸ਼ੀ ਤਾਂ ਆ ਹੀ ਜਾਂਦੀ ਹੈ। ਹਰਖ ਸੋਗ ਦੁਨਿਆਵੀ ਮਾਣ ਸਨਮਾਨ ਨਾਲ ਜੁੜਿਆ ਹੋਇਆ ਹੈ।

ਜਿੱਥੇ ਕਿਤੇ ਦੋ ਚਾਰ ਸੱਜਣ ਬੈਠੇ ਹੋਣ ਮਹਾਸ਼ਾ ਬੀਰਬਲ ਤੇ ਅਕਬਰ ਦੇ ਚੁਟਕਲੇ ਸੁਣੇ ਸੁਣਾਏ ਜਾਂਦੇ ਹਨ। ਕਹਿੰਦੇ ਨੇ ਸਵੇਰ ਦੀ ਸੈਰ ਕਰਦਿਆਂ ਬਤਾਊਆਂ ਦੇ ਖੇਤ ਕੋਲੋਂ ਦੀ ਲੰਘਦਿਆਂ ਅਕਬਰ ਦੀ ਨਿਗਾਹ ਬਤਾਊਆਂ 'ਤੇ ਜਾ ਪਈ ਤੇ ਆਖਣ ਲੱਗਾ ਬੀਰਬਲ ਬਤਾਊਂ ਬੜੇ ਸੋਹਣੇ ਲੱਗ ਰਹੇ ਹਨ। ਬੀਰਬਲ ਹਾਜ਼ਰ ਜੁਆਬੀ ਦਾ ਸਬੂਤ ਦਿੰਦਿਆਂ ਫਟਾਫਟ ਆਖਣ ਲੱਗਾ ਜਨਾਬ ਇਸਦੇ ਨਾਲ ਦੀ ਤਾਂ ਸਬਜ਼ੀ ਹੀ ਬਜ਼ਾਰ ਵਿੱਚ ਹੋਰ ਕੋਈ ਨਹੀਂ ਹੈ। ਜਨਾਬ ਕਾਲ਼ਾ ਰੰਗ ਕ੍ਰਿਸ਼ਨ ਭਗਵਾਨ ਦਾ ਤੇ ਕਾਲ਼ਾ ਰੰਗ ਬਤਾਊਆਂ ਦਾ। ਜਨਾਬ ਦਾ ਹੁਕਮ ਹੋਵੇ ਤਾਂ ਅੱਜ ਇਸ ਦੀ ਹੀ ਸਬਜ਼ੀ ਬਣਾਈ ਜਾਏ। ਬਤਾਊਆਂ ਦਾ ਭੜਥਾ ਤਿਆਰ ਹੋ ਗਿਆ, ਸੁਆਦ ਸੁਆਦ ਵਿਚ ਅਕਬਰ ਕੁਝ ਜ਼ਿਆਦਾ ਹੀ ਖਾ ਗਿਆ ਰਾਤ ਨੂੰ ਪੇਟ ਵਿਚ ਖਰਾਬੀ ਪੈਦਾ ਹੋ ਗਈ। ਸਾਰੀ ਰਾਤ ਅਕਬਰ ਸੌਂ ਨਾ ਸਕਿਆ ਤੇ ਸਵੇਰੇ ਦਿਨ ਚੜ੍ਹਦਿਆਂ ਹੀ ਬੀਰਬਲ ਨੂੰ ਤਲਬ ਕਰ ਲਿਆ ਗਿਆ। ਅਕਬਰ ਨੇ ਬਤਾਊਆਂ ਸਮੇਤ ਬੀਰਬਲ ਤੇ ਆਪਣਾ ਨਜ਼ਲਾ ਝਾੜਿਆ ਤੇ ਕਹਿਣ ਲੱਗਾ ਅੱਗੋਂ ਵਾਸਤੇ ਕਦੇ ਵੀ ਬਤਾਊਂ ਰਸੋਈ ਵਿਚ ਨਹੀਂ ਬਣਨੇ ਚਾਹੀਦੇ। ਬੀਰਬਲ ਸਹਿ-ਸੁਭਾਅ ਕਹਿਣ ਲੱਗਾ ਜਨਾਬ ਬਤਾਊਆਂ ਨਾਲ ਦੀ ਸਬਜ਼ੀ ਹੋਰ ਮਾੜੀ ਕੋਈ ਨਹੀਂ ਹੈ। ਅਕਬਰ ਕਹਿਣ ਲੱਗਾ ਕਲ ਤੂੰ ਹੀ ਤਾਂ ਇਹ ਕਹਿ ਰਿਹਾ ਸੀ ਕਿ ਬਤਾਊਂ ਸਬਜ਼ੀਆਂ ਦਾ ਸਰਦਾਰ ਹੈ, ਕ੍ਰਿਸ਼ਨ ਭਗਵਾਨ ਵਰਗਾ ਕਾਲਾ ਸ਼ਾਹ ਇਸਦਾ ਰੰਗ ਹੈ, ਭੜਥੇ ਦਾ ਦੁਨੀਆਂ ਵਿਚ ਬਦਲ ਕੋਈ ਨਹੀਂ ਹੈ। ਬਹੁਤ ਜਲਦੀ ਆਪਣੇ ਬਿਆਨ ਬਦਲ ਲੈਂਦਾ ਏਂ। ਚਲਾਕ ਮਹੇਸ਼ ਪੈਂਤੜਾ ਬਦਲਦਿਆਂ ਇਕ ਦਮ ਬੋਲਿਆ ਜਹਾਂ ਪਨਾਹ ਜਿਸਦਾ ਰੰਗ ਕਾਲਾ ਏ ਉਸਦੀ ਸਬਜ਼ੀ ਖਾਕ ਬਣਨੀ ਏ, ਜਨਾਬ ਮੇਰਾ ਵੱਸ ਚਲੇ ਤਾਂ ਮੈਂ ਕਦੇ ਅਜੇਹੀ ਸਬਜ਼ੀ ਨੂੰ ਚੌਂਕੇ ਵਿਚ ਨਾ ਵੜਨ ਦਿਆਂ। ਬਾਦਸ਼ਾਹ ਸਲਾਮਤ ਮੈਂ ਬਤਾਊਆਂ ਦਾ ਨੌਕਰ ਨਹੀਂ ਹਾਂ, ਦਾਸ ਨਾਚੀਜ਼ ਖਾਕ ਰਾ ਛਾਰ ਆਪ ਦਾ ਫਰਮਾਬਰਦਾਰ ਹਾਂ। ਮੈਂ ਤਲਬ ਆਪ ਦੇ ਖਜ਼ਾਨੇ ਵਿਚੋਂ ਲੈਂਦਾ ਹਾਂ ਬਤਾਊਆਂ ਨਾਲ ਮੇਰਾ ਕੋਈ ਲੈਣਾ ਦੇਣਾ ਨਹੀਂ ਹੈ। ਮੈਂ ਤੇ ਜਨਾਬ ਦੀ ਖੁਸ਼ੀ ਲੈਣੀ ਹੈ।

ਅਸਲੀਅਤ ਨੂੰ ਛੱਡ ਕੇ ਆਪਣੇ ਮਾਲਕ ਦੀ ਬੇਲੋੜੀ ਖੁਸ਼ਾਮਦ ਕਰਨੀ ਤੇ ਉਸ ਦੇ ਕਹਿਣ ਤੇ ਨਿੰਦਿਆ ਕਰਨੀ ਗੁਰੂ ਤੇਗ ਬਹਾਦਰ ਜੀ ਨੇ ਮੁਢੋਂ ਹੀ ਨਿਕਾਰ ਦਿੱਤਾ ਹੈ। ਸ਼ਬਦ ਦੀਆਂ ਆਖਰੀ ਤੁਕਾਂ ਵਿਚ ਜੋ ਨਿਸ਼ਾਨਾ ਮਿਥਿਆ ਗਿਆ ਏ, ਇਸ ਵਿਚ ਨਿਰਬਾਣ ਪਦ, ਖੋਜ ਦੀ ਬਿਰਤੀ ਤੇ ਗੁਰਬਾਣੀ ਦੇ ਗਿਆਨ ਨੂੰ ਮੁਖ ਰੱਖਿਆ ਗਿਆ ਹੈ।

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥2॥1॥**

ਖੋਜੇ ਪਦ ਨਿਰਬਾਨਾ-ਆਤਮਿਕ ਅਵਸਥਾ ਦੀ ਭਾਲ ਕਰਦਾ ਹੈ, ਇਹ ਉਹ ਆਦਰਸ਼ ਏ ਜਿੱਥੇ ਦੁਨੀਆਂ ਦੀ ਕੋਈ ਵਾਸ਼ਨਾ ਅਪਣਾ ਪ੍ਰਭਾਵ ਨਹੀਂ ਪਾ ਸਕਦੀ। ਫੁੱਲ ਨੂੰ ਕੰਡਾ ਤੇ ਕੰਡੇ ਨੂੰ ਫੁੱਲ ਆਖਣਾ ਉਸਤਿਤ ਤੇ ਨਿੰਦਿਆ ਹੈ। ਪਹਾੜੀ ਤੇ ਚੜ੍ਹਨਾ ਹੋਵੇ ਤਾਂ ਕਾਹਲੀ ਨਹੀਂ ਕੀਤੀ ਜਾਂਦੀ, ਅਭਿਆਸ ਤੇ ਠਰੰਮੇ ਨਾਲ ਚੋਟੀ ਤੇ ਪਹੁੰਚ ਜਾਂਦੇ ਹਾਂ। ਜੀਵਨ ਇਕ ਪਹਾੜੀ ਰਸਤਾ ਏ, ਰਤਾ ਕੁ ਕਾਹਲ ਕੀਤਿਆਂ ਸਾਹ ਫੁਲਣ ਲੱਗ ਪੈਂਦਾ ਹੈ। ਦੂਸਰਾ ਇਸਦੇ ਆਲੇ ਦੁਆਲੇ ਪਹਾੜੀ ਪੱਥਰ, ਤੰਗ ਰਸਤਾ, ਕੰਡਿਆਲੀਆਂ ਝਾੜੀਆਂ ਰੂਪੀ ਮਾਨ ਹੰਕਾਰ, ਦੁਖ ਸੁਖ, ਕਾਮ ਕ੍ਰੋਧ, ਉਸਤਿਤ ਨਿੰਦਾ ਆਦਿਕ ਹਰ ਵੇਲੇ ਖੜਕਾ ਕਰ ਰਹੇ ਹਨ। ਜ਼ਿੰਦਗੀ ਇਕ ਕਠਨ ਖੇਲ ਬਣੀ ਹੋਈ ਏ, ਇਹ ਜ਼ਿਆਦਾ ਔਖਾ ਕੰਮ ਵੀ ਨਹੀਂ ਹੈ। ਪਰ ਸੁਆਲ ਪੈਦਾ ਹੁੰਦਾ ਏ, ਕਿ ਅਸੀਂ ਇਸ ਨੂੰ ਕਠਨ ਕਿਉਂ ਸਮਝੀਂ ਬੈਠੇ ਹਾਂ? ਗੁਰੂ ਜੀ ਨੇ ਨੁਕਤਾ ਸਮਝਾ ਦਿੱਤਾ ਹੈ ਕਿ ਸਿੱਖ ਗੁਰੂ ਦੀ ਸਰਨ ਵਿਚ ਆ ਜਾਏ ਤਾਂ ਇਸ ਲਈ ਕਠਨ ਰਸਤਾ ਹੁੰਦਾ ਹੋਇਆ ਵੀ ਅਰਾਮ ਦਾਇਕ ਬਣ ਸਕਦਾ ਹੈ। ਗੁਰੂ ਆਪਣੇ ਗਿਆਨ ਦੁਆਰਾ ਮਨੁੱਖ ਨੂੰ ਖੋਜ ਦੀ ਬਿਰਤੀ ਦਿੰਦਾ ਹੈ। ਖੋਜ ਬਿਰਤੀ ਮਨੁੱਖੀ ਜੀਵਨ ਦੀ ਰਾਹਦਾਰੀ ਹੈ। ਇਸ ਰਾਹਦਾਰੀ ਦੁਆਰਾ ਹੀ ਕਿਸੇ ਦੂਸਰੇ ਦੇਸ਼ ਪਹੁੰਚਿਆ ਜਾ ਸਕਦਾ ਹੈ। ਉਪਰੋਕਤ ਭੈੜੀਆਂ ਅਲਾਮਤਾਂ ਭੈੜੇ ਦੇਸ਼ ਹਨ, ਜਿੱਥੋਂ ਗੁਰੂ ਜੀ ਸਾਨੂੰ ਜਾਣੋ ਰੋਕਦੇ ਹੀ ਨਹੀਂ ਸਗੋਂ ਉਤਰਨ ਦੀ ਵੀ ਆਗਿਆ ਨਹੀਂ ਦਿੰਦੇ। ਸਾਡੇ ਲਈ ਨਿਰਬਾਨ ਪਦ ਦਾ ਮੁਲਕ ਨਿਰਧਾਰਤ ਕਰ ਦਿੱਤਾ ਹੈ। ਇਹ ਰਾਹਦਾਰੀ ਏ ਗੁਰੂ ਦੇ ਗਿਆਨ ਦੀ ਹੈ, ਜੋ ਗੁਰੂ ਦੇ ਸਨਮੁਖ ਬੈਠਣ ਵਾਲਿਆਂ ਨੂੰ ਮਿਲਦੀ ਹੈ। ਬਹੁਤ ਘੱਟ ਗੁਰਦੁਆਰੇ ਛੱਡ ਕੇ ਜ਼ਿਆਦਾ- ਤਰ ਪ੍ਰਬੰਧਕੀ ਢਾਂਚੇ ਉਸਤਿਤ ਨਿੰਦਾ, ਮਾਣ ਅਪਮਾਣ ਦੇ ਕਰਮ ਵਿਊ ਚੱਕਰ ਵਿਚ ਪਏ ਹੋਏ ਨੇ। ਉਂਞ ਇਹ ਕਹਿੰਦਿਆ ਆਮ ਸੁਣਿਆ ਜਾਂਦਾ ਏ, ਜੀ ਮੈਂ ਤੇ ਇਸ ਵਾਰੀ ਕੋਈ ਅਹੁਦਾ ਨਹੀਂ ਲੈਣਾ। ਹੁੰਦਾ ਇਸਦੇ ਉਲਟ ਹੈ। ਕਮੇਟੀ ਵਿਚ ਨਹੀਂ ਆਇਆ ਤਾਂ ਗੁਰਦੁਆਰਾ ਹੀ ਭੁਲ ਜਾਂਦਾ ਹੈ। ਗੁਰਦੇਵ ਪਿਤਾ ਜੀ ਨੇ ਹਰੇਕ ਮਨੁੱਖ ਨੂੰ ਗੁਰਮੁਖ ਨਹੀਂ ਆਖਿਆ, ਸਗੋਂ ਗੁਰਮੁਖ ਦੀਆਂ ਯੋਗਤਾਵਾਂ ਮਿੱਥ ਦਿੱਤੀਆਂ ਹਨ। ਜਿਹੜਾ ਤੱਕੜੀ ਦੇ ਦੋਵਾਂ ਛਾਬਿਆਂ ਵਿਚ ਪਈਆਂ ਵਸਤੂਆਂ ਨੂੰ ਗੁਰੂ ਦੇ ਗਿਆਨ ਨਾਲ ਨਿਹਾਰਦਾ ਏ, ਖੋਜ ਬਿਰਤੀ ਨੂੰ ਅਪਨਾਅ ਕੇ ਚਲਣ ਦਾ ਯਤਨ ਕਰਦਾ ਏ ਉਹ ਵਾਸ਼ਨਾ ਤੋਂ ਰਹਿਤ ਵਾਲੇ ਜੀਵਨ ਦੇ ਆਖਰੀ ਪੜਾਅ ਤੇ ਪਹੁੰਚ ਜਾਂਦਾ ਹੈ। ਉਂਜ ਤਾਂ ਅਸੀਂ ਹਰ ਐਰੇ-ਗੈਰੇ ਨੱਥੂ ਖੈਰੇ ਨੂੰ ਗੁਰਮੁਖ ਜਨ ਦਾ ਖਿਤਾਬ ਦੇਈ ਜਾਂਦੇ ਹਾਂ, ਪਰ ਗੁਰਮੁਖ ਬਣਨ ਲਈ ਜੋ ਵਿਧਾਨ ਗੁਰਦੇਵ ਜੀ ਨੇ ਪੇਸ਼ ਕੀਤਾ ਉਹ ਗੁਰੂ ਦੀ ਸ਼ਰਨ ਪੈ ਕੇ ਹੀ ਸਮਝ ਆ ਸਕਦਾ ਹੈ। ਗੁਰਬਾਣੀ ਨੂੰ ਵਿਚਾਰਨ ਦਾ ਅਧਾਰ ਬਣਾਉਣਾ, ਇਹ ਗੁਰੂ ਦੀ ਸ਼ਰਨ ਪੈਣਾ ਹੈ। ਖੋਜ ਦੀ ਬਿਰਤੀ ਅਪਣਾ ਕੇ ਹਰ ਵੇਲੇ ਵਿਕਾਰਾਂ ਵਲੋਂ ਸੁਚੇਤ ਰਹਿਣਾ ਵਾਸ਼ਨਾ ਤੋਂ ਰਹਿਤ ਵਾਲੀ ਪਦਵੀ ਹੈ।

**ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥ ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥ (1414)**

-0-

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

–ਕੈਪਟਨ
ਅਵਤਾਰ ਸਿੰਘ
97819-90206



ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਸਾਹਿਬ ਜੀ ਨੇ ਰੱਖੀ ਸੀ ਉਨ੍ਹਾਂ ਨੇ ਰਾਜਸੀ, ਸਮਾਜਿਕ ਅਤੇ ਧਾਰਮਿਕ ਤੌਰ 'ਤੇ ਲਿਤਾੜੇ ਗਏ ਵਰਗਾਂ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਿਆ। ਇੱਕ ਪ੍ਰਮੇਸ਼ਰ ਦੀ ਪੂਜਾ ਭਾਵ ਹੁਕਮ ਅੰਦਰ ਰਹਿਣ ਦਾ ਉਪਦੇਸ਼ ਦਿੱਤਾ, ਜਿਸ ਦੇ ਫਲਸਰੂਪ ਢਾਈ ਤੋਂ 3 ਕਰੋੜ ਦੇ ਕਰੀਬ ਗੁਰੂ ਸਾਹਿਬ ਦੇ ਸਿੱਖ ਬਣ ਗਏ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪੁੱਤਰਾਂ ਨੂੰ ਪਾਸੇ ਰੱਖ ਕੇ ਗੁਰਗੱਦੀ ਦੇ ਯੋਗ ਸਿੱਖ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ੀ। ਇਸ ਤਰ੍ਹਾਂ ਸਿੱਖਾਂ ਦੇ ਛੇਵੇਂ ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਨੂੰ ਗੁਰਬਾਣੀ ਦੇ ਸ਼ਬਦ ਬਦਲਣ ਤੇ ਤਿਆਗ ਦਿੱਤਾ ਸੀ। ਜਿਸ ਨੇ ਮਿੱਟੀ ਮੁਸਲਮਾਨ ਕੀ ਦੀ ਜਗ੍ਹਾਂ ਮਿੱਟੀ ਬੇਈਮਾਨ ਦੀ ਕਹਿ ਕੇ ਦਿੱਲੀ ਦੇ ਬਾਦਸ਼ਾਹ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ 23 ਜੁਲਾਈ ਸੰਨ 1656 ਨੂੰ ਗੁਰੂ ਹਰਿਰਾਇ ਸਾਹਿਬ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਕੀਰਤਪੁਰ ਸਾਹਿਬ ਵਿਖੇ ਹੋਇਆ। ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਗੱਦੀ ਦੀ ਬਖਸ਼ਿਸ਼ ਤੇ ਸਿੱਖ ਕੌਮ ਦੀ ਅਗਵਾਈ ਦੀ ਜ਼ਿੰਮੇਵਾਰੀ ਆਪ ਜੀ ਨੂੰ 20 ਅਕਤੂਬਰ 1661 ਨੂੰ ਸੌਂਪੀ।

ਜਦੋਂ ਇਸ ਗੱਲ ਦਾ ਪਤਾ ਰਾਮ ਰਾਇ ਨੂੰ ਲੱਗਾ ਤਾਂ ਉਹ ਬਹੁਤ ਔਖਾ ਹੋਇਆ। ਉਸ ਨੇ ਆਪਣੇ ਤਾਏ ਧੀਰ ਮੱਲ ਨਾਲ ਸਲਾਹ ਕਰ ਕੇ ਕੁਝ ਮਸੰਦਾਂ ਨੂੰ ਆਪਣੇ ਨਾਲ ਗੰਢਿਆ ਤੇ ਉਹਨਾਂ ਰਾਹੀਂ ਆਪਣੇ ਆਪ ਨੂੰ ਗੁਰੂ ਮਸ਼ਹੂਰ ਕਰਨ ਦਾ ਯਤਨ ਕੀਤਾ, ਪਰ ਸਿੱਖਾਂ ਨੂੰ ਗੁਰੂ ਹਰਿਰਾਇ ਸਾਹਿਬ ਜੀ ਦੇ ਫੈਸਲੇ ਦਾ ਪਤਾ ਸੀ, ਇਸ ਕਰਕੇ ਰਾਮ ਰਾਇ ਨੂੰ ਕਿਸੇ ਨੇ ਵੀ ਗੁਰੂ ਨਾ ਮੰਨਿਆ।

ਇਧਰੋਂ ਮੂੰਹ ਦੀ ਖਾ ਕੇ ਉਹ ਸਿੱਧਾ ਔਰੰਗਜ਼ੇਬ ਕੋਲ ਪਹੁੰਚਿਆ ਤੇ ਕਿਹਾ ਕਿ ਮੈਂ ਵੱਡਾ ਪੁੱਤਰ ਹਾਂ, ਗੁਰਿਆਈ ਤੇ ਮੇਰਾ ਹੱਕ ਹੈ। ਮੈਨੂੰ ਮੇਰਾ ਹੱਕ ਦਿਵਾਇਆ ਜਾਵੇ। ਔਰੰਗਜ਼ੇਬ ਨੇ ਰਾਜਾ ਮਿਰਜ਼ਾ ਜੈ ਸਿੰਘ ਨੂੰ ਕਿਹਾ ਕਿ ਤੁਸੀਂ ਗੁਰੂ ਸਾਹਿਬ ਨੂੰ ਦਿੱਲੀ ਸੱਦੋ। ਰਾਜਾ ਮਿਰਜ਼ਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਲਈ ਬੇਨਤੀ ਕਰਨੀ ਤੇ ਬੜੇ ਆਦਰ ਸਤਿਕਾਰ ਨਾਲ ਇਕ ਪਾਲਕੀ ਵਿਚ ਸਵਾਰ ਕਰ ਕੇ ਲੈ ਆਉਣਾ। ਕੀਰਤਪੁਰ ਦੇ ਆਲੇ ਦੁਆਲੇ ਜਦ ਸੰਗਤਾਂ ਨੇ ਸੁਣਿਆ ਕਿ ਗੁਰੂ ਜੀ ਦਿੱਲੀ ਜਾ ਰਹੇ ਹਨ, ਤਾਂ ਗੁਰੂ ਸਾਹਿਬ ਕੋਲ ਸੰਗਤਾਂ ਦੀ ਭਾਰੀ ਭੀੜ ਬਣ ਗਈ। ਗੁਰੂ ਸਾਹਿਬ ਨੇ ਸਭ ਨੂੰ ਧੀਰਜ ਤੇ ਹੌਂਸਲਾ ਦਿੱਤਾ, ਤਾਂ ਸੈਂਕੜੇ ਸਿੱਖ ਨਾਲ ਹੋ ਤੁਰੇ। ਕੀਰਤਪੁਰ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਆਪ ਜੀ ਨੇ ਆਪਣੇ ਦਾਦਾ ਬਾਬਾ ਗੁਰਦਿੱਤਾ ਜੀ ਦੇ ਛੋਟੇ ਵੀਰ ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਪਟਨੇ ਤੋਂ ਦਿੱਲੀ ਬੁਲਾਵਾ ਭੇਜਿਆ।

ਜਦੋਂ ਆਪ ਜੀ ਅੰਬਾਲੇ ਜ਼ਿਲ੍ਹੇ ਦੇ ਇਲਾਕੇ ਪੰਜੋਖਰੇ ਪਹੁੰਚੇ ਤਾਂ ਉਥੇ ਦਾ ਰਹਿਣ ਵਾਲਾ ਇਕ ਪੰਡਿਤ ਲਾਲ ਚੰਦ ਸੀ। ਉਹ ਬਾਲ ਗੁਰੂ ਨੂੰ ਦੇਖ ਕੇ ਬਹੁਤ ਖਿਝਿਆ ਹੋਇਆ, ਸਿੱਖਾਂ ਨੂੰ ਸੁਣਾ-ਸੁਣਾ ਕੇ ਆਖਣ ਲੱਗਾ ਕਿ ਸਿੱਖ ਗੁਰੂ ਜੀ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਆਖਦੇ ਹਨ, ਜੇ ਇਹਨਾਂ ਵਿਚ ਸੱਚਮੁਚ ਕੋਈ ਆਤਮਕ ਤਾਕਤ ਹੈ ਤਾਂ ਸ੍ਰੀ ਕ੍ਰਿਸ਼ਨ ਜੀ ਦੀ ਗੀਤਾ ਦੇ ਕਿਸੇ ਸਲੋਕ ਦੇ ਅਰਥ ਕਰ ਕੇ ਵਿਖਾਉਣ। ਸਿੱਖਾਂ ਨੇ ਗੁਰੂ ਸਾਹਿਬ ਜੀ ਨੂੰ ਪੰਡਤ ਲਾਲ ਚੰਦ ਦੀ ਗੁਰੂ ਘਰ ਪ੍ਰਤੀ ਕੁਬੋਲ ਆ ਦੱਸੇ। ਗੁਰੂ ਸਾਹਿਬ ਜੀ ਨੇ ਪੰਡਤ ਜੀ ਨੂੰ ਦਰਬਾਰ ਵਿਚ ਬੁਲਾਇਆ ਤੇ ਪੰਡਿਤ ਜੀ ਨੂੰ ਆਖਿਆ, "ਜੇ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੀਆਂ ਬਖਸ਼ਿਸ਼ਾਂ ਦੀ ਬਰਕਤ ਜ਼ਰੂਰੀ ਵੇਖਣੀ ਹੈ,ਤਾਂ ਕਿਸੇ ਵੀ ਸਿੱਖ ਨੂੰ ਲੈ ਆਵੋ, ਤੁਹਾਡੀ ਤਸੱਲੀ ਗੁਰੂ ਮਿਹਰ ਸਦਕਾ ਹੋ ਜਾਵੇਗੀ।" ਇਥੇ ਕਰਾਮਾਤੀ ਸਾਖੀ ਸੁਨਾਉਣ ਵਾਲਿਆਂ ਨੇ ਮਿਲਗੋਭਾ ਕਰ ਦਿੱਤਾ ਕਿ ਪੰਡਿਤ ਲਾਲ ਚੰਦ ਨੇ ਪਿੰਡ ਵਿੱਚ ਰਹਿੰਦੇ ਬੋਲੇ ਗੂੰਗੇ ਛੱਜੂ ਝਿਊਰ ਨੂੰ ਲੈ ਆਇਆ ਅਤੇ ਗੁਰੂ ਸਾਹਿਬ ਜੀ ਨੇ ਛੜੀ ਸਿਰ ਤੇ ਰੱਖੀ ਤੇ ਉਹ ਗੂੰਗਾ ਛੱਜੂ ਅਰਥ ਕਰਨ ਲੱਗ ਪਿਆ। ਪਰ ਗੁਰੂ ਘਰ ਵਿੱਚ ਕਰਾਮਾਤ ਵਿਖਾਉਣਾ ਮਨਾਂ ਹੈ। ਗੁਰੂ ਸਾਹਿਬ ਤੋਂ ਪਹਿਲਾਂ ਜਾਂ ਉਸ ਸਮੇਂ ਉਚ ਜਾਤੀਏ ਅਖੌਤੀ ਨੀਵੀਂ ਜਾਤ ਵਾਲਿਆਂ ਨੂੰ ਧਰਮ ਦੀ ਸਿੱਖਿਆ ਲੈਣ ਜਾਂ ਸਿੱਖਿਆ ਦੇਣ ਦੀ ਇਜਾਜ਼ਤ ਨਹੀਂ ਸੀ ਜੋ ਮਨੁੱਖ ਨਾ ਕੋਈ ਸਿਖਿਆ ਸੁਣ ਸਕੇ ਅਤੇ ਨਾ ਹੀ ਕਿਸੇ ਨੂੰ ਸੁਣਾ ਸਕੇ ਉਹ ਬੋਲਾ ਅਤੇ ਗੂੰਗਾ ਹੀ ਹੋ ਗਿਆ ਪਰ ਗੁਰੂ ਸਾਹਿਬ ਨੇ ਸਭ ਨੂੰ ਇੱਕ ਸਮਾਨ ਕਰ ਦਿੱਤਾ। ਪਰ ਸਾਖੀ ਦਾ ਅਸਲ ਸੱਚ ਇਹ ਹੈ ਭਾਈ ਛੱਜੂ (ਝਿਊਰ) ਜੋ ਦੇਖਣ ਨੂੰ ਬਹੁਤ ਸਾਧਾਰਨ ਸਿੱਖ ਸੀ, ਪਰ ਜਗਨਨਾਥ ਪੁਰੀ (ਉੜੀਸਾ) ਦਾ ਮੁਖੀ ਪ੍ਰਚਾਰਕ ਸੀ, ਜਿਸ ਨੂੰ ਪੰਡਤ ਲਾਲ ਚੰਦ ਲੈ ਆਇਆ। ਇਹ ਸਿੱਖ ਲੰਗਰ ਵਿਚ ਪਾਣੀ ਦੀ ਸੇਵਾ ਕਰ ਰਿਹਾ ਸੀ। ਭਾਈ ਛੱਜੂ ਜੀ ਇਕ ਉਘੇ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦਾ ਪਾਠ ਤੇ ਅਰਥ ਸੁਣਾਉਣ ਲੱਗੇ। ਪੰਡਿਤ ਜੀ ਬੜੇ ਸ਼ਰਮਸਾਰ ਹੋਏ ਤੇ ਹੈਰਾਨ ਵੀ ਹੋਏ ਕਿ ਇਕ ਮਾਸ਼ਕੀ, ਜੇ ਇੰਨਾ ਵਿਦਵਾਨ ਹੈ ਤਾਂ ਬਾਕੀ ਸੰਗਤ ਦੀ ਕੀ ਅਵਸਥਾ ਹੋਵੇਗੀ, ਪ੍ਰਭਾਵਿਤ ਹੋ ਕੇ ਪਾਹੁਲ ਲੈ ਕੇ ਸਿੱਖੀ ਧਾਰਨ ਕੀਤੀ। ਪੰਜੋਖਰੇ ਤੋਂ ਗੁਰੂ ਜੀ ਨੇ ਉਘੇ ਸਿੱਖਾਂ ਤੋਂ ਬਿਨਾਂ, ਬਾਕੀ ਸਭ ਨੂੰ ਵਾਪਸ ਮੋੜ ਦਿੱਤਾ ਤੇ ਆਪ ਦਿੱਲੀ ਵੱਲ ਚੱਲ ਪਏ।

ਜਦੋਂ ਸੰਗਤ ਸਮੇਤ ਗੁਰੂ ਜੀ ਦਿੱਲੀ ਪੁੱਜੇ ਤਾਂ ਰਾਜਾ ਮਿਰਜ਼ਾ ਜੈ ਸਿੰਘ ਨੇ ਆਪਣੇ ਬੰਗਲੇ ਵਿਚ ਉਤਾਰਾ ਕਰਵਾਇਆ। ਉਸ ਥਾਂ ਹੁਣ ਬੰਗਲਾ ਸਾਹਿਬ ਗੁਰਦੁਆਰਾ ਹੈ। ਦਿੱਲੀ ਦੀ ਸੰਗਤ ਰੋਜ਼ ਰਾਜਾ ਜੈ ਸਿੰਘ ਦੇ ਬੰਗਲੇ ਪਹੁੰਚਦੀ, ਸਤਿਸੰਗ ਹੁੰਦਾ ਤੇ ਸੰਗਤਾਂ ਦਰਸ਼ਨ ਕਰਦੀਆਂ।

ਔਰੰਗਜ਼ੇਬ ਨੇ ਆਪਣੇ ਸਾਹਿਬਜ਼ਾਦੇ ਮੁਅੱਜ਼ਮ ਨੂੰ ਭੇਜਿਆ। ਉਸ ਨੂੰ ਗੁਰੂ ਜੀ ਨੇ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ। ਰਾਮਰਾਇ ਦੇ ਦਾਅਵੇ ਬਾਰੇ ਗੁਰੂ ਜੀ ਨੇ ਬਾਦਸ਼ਾਹ ਨੂੰ ਕਹਿ ਭੇਜਿਆ ਕਿ ਗੁਰਗੱਦੀ ਵਿਰਾਸਤ ਜਾਂ ਜੱਦੀ ਮਲਕੀਅਤ ਨਹੀਂ। ਰਾਮ ਰਾਇ ਜੀ ਨੇ ਗੁਰਬਾਣੀ ਦੀ ਤੁਕ ਉਲਟਾਈ ਤੇ ਪਿਤਾ ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ। ਇਸ ਵਿਚ ਕੋਈ ਵਧੀਕੀ ਨਹੀਂ ਤੇ ਨਾ ਹੀ ਕਿਸੇ ਨਾਲ ਬੇਇਨਸਾਫੀ ਹੈ। ਗੁਰੂ ਜੀ ਦੇ ਇਹ ਬਚਨ ਸੁਣ ਕੇ ਬਾਦਸ਼ਾਹ ਨੂੰ ਯਕੀਨ ਹੋ ਗਿਆ ਕਿ, ਰਾਮ ਰਾਇ ਜੀ ਨਾਲ ਕੋਈ ਵਧੀਕੀ ਨਹੀਂ ਹੋਈ।

ਗੁਰੂ ਜੀ ਅਜੇ ਦਿੱਲੀ ਵਿਚ ਹੀ ਸਨ ਕਿ ਸੰਨ 1664 ਵਿਚ ਚੇਚਕ ਦੀ ਬੀਮਾਰੀ ਫੈਲ ਗਈ। ਗੁਰੂ ਜੀ ਨੇ ਦੁਖੀ ਗਰੀਬਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਦਸਵੰਧ ਦੀ ਭੇਟਾ ਨੂੰ ਇਸ ਸੇਵਾ ਲਈ ਵਰਤਿਆ ਗਿਆ। ਜਿਥੇ ਵੀ ਚੇਚਕ ਤੇ ਹੋਰ ਬੀਮਾਰੀਆਂ ਦਾ ਜ਼ੋਰ ਸੀ, ਗੁਰੂ ਜੀ ਉਹਨਾਂ ਇਲਾਕਿਆਂ ਵਿਚ ਆਪ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਉਹੋ ਦਵਾਖਾਨਾ ਨਾਲ ਲਿਆਏ ਸਨ,ਜੋ ਗੁਰੂ ਅਮਰਦਾਸ ਸਾਹਿਬ ਜੀ ਵੇਲੇ ਤੋਂ ਗੁਰੂ ਘਰ ਵਿੱਚ ਸ਼ੁਰੂ ਹੋ ਚੁੱਕਾ ਸੀ

ਬਾਕੀ ਸਫਾ 13 'ਤੇ

# ਸਿੱਖੀ ਅਤੇ ਸਿੱਖ ਕੌਮ ਦੇ ਸਰਬਨਾਸ਼ ਦੇ

# ਅਸਲ ਗੁਨਾਹਗਾਰ

**-ਕੁਲਵੰਤ ਕੌਰ (ਡਾ.) # 98156-20515**



ਸਾਢੇ ਪੰਜ ਸੌ ਸਾਲਾ ਦੀ ਅਤਿਅੰਤ ਕਠਿਨ ਯਾਤਰਾ ਦੌਰਾਨ, ਅਣਹੋਣੀਆਂ, ਦੁਸ਼ਵਾਰੀਆਂ ਤੇ ਖ਼ਤਰਿਆਂ ਨਾਲ ਦੋ ਚਾਰ ਹੁੰਦਿਆਂ ਜਿਸ ਨਿਰਮਲ ਪੰਥ (ਮੁੜ ਸਿੱਖ ਪੰਥ) ਦੀ ਸਿਰਜਣਾ ਕੀਤੀ ਗਈ, ਓਸ ਵਿਚ ਦੋਖੀਆਂ, ਦੁਸ਼ਮਣਾਂ, ਹਮਲਾਵਰਾਂ, ਧਾੜਵੀਆਂ ਤੇ ਹਕੂਮਤਾਂ ਦਾ ਬਰਾਬਰ ਹਿੱਸਾ ਰਿਹਾ ਪਰ ਮੱਧਕਾਲ ਵਿਚ, ਗੁਲਾਮ ਹਿੰਦੁਸਤਾਨ ਦੀ ਤਕਦੀਰ ਅਤੇ ਤਦਵੀਰ ਬਦਲਣ ਆਏ ਗੁਰੂ ਸਾਹਿਬਾਨ ਨੇ ਸੁਰਤ ਗਵਾ ਚੁੱਕੇ ਰਾਜਿਆਂ-ਮਹਾਰਾਜਿਆਂ, ਅਮੀਰਾਂ-ਵਜ਼ੀਰਾਂ ਤੇ ਸਰਦੇ ਪੁੱਜਦੇ ਲੋਕਾਂ ਨੂੰ ਗ਼ੈਰਤ, ਸਵੈਮਾਨ, ਅਣਖ, ਇੱਜ਼ਤ, ਵੱਕਾਰ ਅਤੇ ਏਕਤਾ ਦਾ ਸਬਕ ਦੇ ਕੇ ਇਸ ਦੀ ਗੱਤ ਤੇ ਪੱਤ ਰੱਖੀ। ਹਿੰਦੁਸਤਾਨੀ ਸਮਾਜ, ਧਰਮ ਤੇ ਸਭਿਆਚਾਰ ਵਿਚ ਆ ਚੁੱਕੇ ਵਿਗਾੜਾਂ, ਨਿਵਾਣਾਂ, ਨਿਘਾਰ, ਕੁਰੀਤੀਆਂ ਤੇ ਕਮੀਆਂ ਨੂੰ ਜੱਗ ਜ਼ਾਹਿਰ ਕਰਦਿਆਂ, ਓਸ ਵਿਚ ਸੁਧਾਰ, ਉੱਧਾਰ, ਬਿਹਤਰੀ, ਤਰੱਕੀ ਅਤੇ ਸਦੀਵਤਾ ਲਈ ਢਾਈ ਸਦੀਆਂ ਲੰਮੀ ਜੱਦੋ-ਜਹਿਦ ਕੀਤੀ, ਦਸ ਜਾਮੇ ਇਸੇ ਲੇਖੇ ਲਾਏ - **'ਨਾ ਕੋ ਬੈਰੀ ਨਹੀ ਬਿਗਾਨਾ (1299), ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ (766),' 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ (ਅਕਾਲ ਉਸਤਤਿ)' ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ (1349) ਅਤੇ 'ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ (727)',** ਫ਼ੁਰਮਾ ਕੇ ਯੁੱਗਾਂ-ਯੁੱਗਾਂ ਤੱਕ ਕਾਇਮ ਰਹਿਣ ਵਾਲੀ ਜੀਵਨਦਾਤੀ ਸਿੱਖਿਆ ਦ੍ਰਿੜਾਈ। ਸਤਿਗੁਰੂ ਜੀ ਵਲੋਂ ਨੌ ਖੰਡਾਂ, ਦੀਪਾਂ ਤੇ ਲੋਆਂ ਵਿਚ ਵਿਚਰ ਕੇ ਜੀਵਨ ਦੀ ਅਸਲ ਜੁਗਤੀ ਬਖ਼ਸ਼ੀ ਗਈ।

ਛੇਵੀਂ ਨਾਨਕ ਜੋਤ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਿਤਾ-ਗੁਰੂ ਦੀ ਲਾਮਿਸਾਲ ਸ਼ਹਾਦਤ ਉਪਰੰਤ, ਉਨ੍ਹਾਂ ਵੱਲੋਂ ਦ੍ਰਿੜ੍ਹਾਈ ਸਿਖਿਆ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਐਨ ਸਾਹਮਣੇ ਥੜ੍ਹਾ ਸਾਹਿਬ ਨੂੰ 'ਅਕਾਲ ਬੁੰਗੇ' ਵਿਚ ਤਬਦੀਲ ਕਰਕੇ, ਪੀਰੀ ਨਾਲ ਮੀਰੀ ਦਾ ਸੁਮੇਲ ਕਰ ਦਿੱਤਾ ਤੇ ਸਮਕਾਲੀ ਬਾਦਸ਼ਾਹ ਵਲੋਂ ਲਾਈਆਂ ਪਾਬੰਦੀਆਂ (ਕਲਗੀ ਲਾਉਣ, ਘੋੜ ਸਵਾਰੀ, ਨਗਾਰੇ ਵਜਾਉਣ ਤੇ ਸ਼ਿਕਾਰ ਖੇਡਣ ਆਦਿ) ਦੀ ਸ਼ਰੇਆਮ ਉਲੰਘਣਾ ਕਰਕੇ ਜ਼ਾਹਰਾ ਤੌਰ 'ਤੇ ਚੁਣੌਤੀ ਦੇਣ ਦੀ ਪਹਿਲ ਕੀਤੀ। ਨਾਸ਼ਮਾਨ ਤਖ਼ਤਾਂ ਦੇ ਮੁਕਾਬਲਤਨ ਅਕਾਲ ਬੁੰਗਾ (ਅਕਾਲ ਤਖ਼ਤ) ਦੀ ਸਿਰਜਣਾ ਇਕ ਐਲਾਨ ਸੀ ਤੇ ਇਕ ਪੈਗ਼ਾਮ ਵੀ ਸਮਕਾਲੀ ਬਾਦਸ਼ਾਹਤ ਨੂੰ। **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥16॥ (1427)** - ਇੰਝ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਨਤਾ, ਹੋਂਦ ਅਤੇ ਸ਼ਕਤੀ ਹੋਰ ਸਾਰੇ ਦੁਨਿਆਵੀ ਤਖ਼ਤਾਂ ਤੋਂ ਉੱਪਰ ਰੱਖੀ ਗਈ ਹੈ ਪਰ ਜਿਨ੍ਹਾਂ ਨੇ ਇਸ ਮੁਕੱਦਸ ਸੱਥਲ ਨੂੰ ਵੀ ਆਪਣੀ ਗ੍ਰਿਫ਼ਤ ਵਿਚ ਲੈ ਕੇ, ਆਪਣੇ ਜੀ ਹਜ਼ੂਰੀਏ, ਚਾਪਲੂਸ ਤੇ ਬੌਣੀ ਸੋਚ ਵਾਲੇ ਜਥੇਦਾਰ ਇੱਥੇ ਆਸੀਨ ਕਰ ਦਿੱਤੇ ਹੋਣ, ਉਨ੍ਹਾਂ ਦਾ ਅਰਸ਼ਾਂ ਤੋਂ ਫਰਸ਼ਾਂ 'ਤੇ ਡਿਗਣਾ ਤੈਅ ਸੀ, ਗੁਰੂ ਦੀ ਘੋਰ ਅਵੱਗਿਆ ਕਰਕੇ ਦੀਨ ਤੇ ਦੁਨੀ ਦੀ ਨਜ਼ਰ ਵਿਚ ਜ਼ੀਰੋ ਹੋ ਜਾਣਾ ਸੁਭਾਵਿਕ ਸੀ- ਉਹੀ ਹੋਇਆ ਸਾਡੇ ਸਾਹਮਣੇ। ਦੇਖਦਿਆਂ ਹੀ ਦੇਖਦਿਆਂ ਕੀ ਤੋਂ ਕੀ ਬਣ ਗਿਆ। 25-25 ਸਾਲ ਰਾਜ ਕਰਨ ਦੇ ਦਮਗਜੇ ਮਾਰਨ ਵਾਲੇ, ਪੰਜਾਬ ਨੂੰ ਕੈਲੇਫੋਰਨੀਆ ਬਣਾ ਦੇਣ ਦੇ ਸਬਜ਼ ਬਾਗ਼ ਦਿਖਾਉਣ ਵਾਲੇ (ਉਂਜ ਡੈਮੋਕਰੇਟਾਂ ਦੀਆਂ ਗ਼ਲਤ ਨੀਤੀਆਂ ਕਾਰਨ ਇਸ ਵੇਲੇ ਕੈਲੇਫੋਰਨੀਆ ਵੀ ਉਜੜਣ ਦੇ ਕੰਢੇ 'ਤੇ ਹੈ) ਪਰਲ ਗਰੁੱਪ ਦੇ ਲੁਟੇਰੇ ਭੰਗੂ ਦੀਆਂ ਨਿਵਾਜਸਾਂ ਹਾਸਿਲ ਕਰਨ ਵਾਲੇ, ਸਾਡੀ ਜਵਾਨੀ ਨੂੰ ਤਬਾਹ ਕਰਨ ਵਾਲੇ, ਸਾਰੇ ਉਦਯੋਗਾਂ ਨੂੰ ਪੰਜਾਬੋਂ ਬਾਹਰ ਧੱਕਣ ਵਾਲੇ, ਨਸ਼ਿਆਂ ਦਾ ਜਾਲ ਫੈਲਾਉਣ ਵਾਲੇ ਤੇ ਹਰ ਖਾਂਦੇ ਪੀਂਦੇ ਬੰਦੇ ਦਾ ਕਾਰੋਬਾਰ ਖੋਹ ਕੇ ਆਪਣੀਆਂ ਤਜੌਰੀਆਂ ਭਰ ਲੈਣ ਵਾਲੇ ਇਹ ਗੋਗੜਾਂ ਵਾਲੇ ਕਿਸੇ ਦੇ ਸਕੇ ਨਹੀਂ ਬਣ ਸਕੇ। ਇੱਥੋਂ ਤੱਕ ਕਿ ਗੁਰੂ ਦੇ ਵੀ ਨਹੀਂ- ਗੁਰਬਾਣੀ ਵੇਚ ਵੇਚ ਕੇ ਵੀ ਆਪਣਾ ਹੀ ਘਰ ਭਰਿਆ, ਸਭ ਸਿਰਮੌਰ ਤੇ ਸ਼੍ਰੋਮਣੀ ਸੰਸਥਾਵਾਂ ਫਨਾਹ ਕਰ ਦਿੱਤੀਆਂ- ਅਕਾਲ ਤਖ਼ਤ

**ਸਰਕਾਰ ਇਨ੍ਹਾਂ ਦੀ, ਕਾਨੂੰਨ ਇਨ੍ਹਾਂ ਦੇ ਕੋਲ ਪਰ 295-ਏ ਤਹਿਤ ਦਰਜ ਕੇਸ ਵਿਚ ਅਜਿਹੀ ਢਿੱਲ ਮੱਠ, ਅਣਗਹਿਲੀ, ਛੂਟ ਕਿ 2012 ਵਿਚ ਵੋਟਾਂ ਦੀ ਖ਼ਾਤਿਰ ਕੇਸ ਦੀ ਪੈਰਵੀ ਨਾ ਕਰਦਿਆਂ, ਉਸ ਨੂੰ ਵਾਪਸ ਹੀ ਲੈ ਲਿਆ ਗਿਆ। ਮੁੜ 2015 ਦੇ ਬੇਅਦਬੀ ਕਾਂਡ ਦੇ ਮੁੱਖ ਮੁਲਜ਼ਮਾਂ-ਹਰਸ਼ ਧੂਰੀ, ਮਹਿੰਦਰਪਾਲ ਬਿੱਟੂ ਤੇ ਪਰਦੀਪ ਕਲੇਰ ਆਦਿ ਬਾਰੇ ਕੋਈ ਵੀ ਫ਼ੈਸਲਾ ਨਾ ਲੈਣਾ, ਖੁੱਲੀ ਛੁੱਟੀ ਤੇ ਝੂਠੀਆਂ ਰਿਪੋਰਟਾਂ ਛਪਵਾ ਕੇ ਬੁੱਤਾਂ ਸਾਰਨਾ, ਪਾਖੰਡੀ ਤੇ ਦੰਭੀ ਸਾਧ ਵਲੋਂ ਮੁਆਫ਼ੀਨਾਮੇ ਦਾ ਪਾਖੰਡ ਦਰਸਾਉਣਾ, ਬਾਨਵੇਂ ਲੱਖ ਦੇ ਇਸ਼ਤਿਹਾਰ ਮੀਡੀਏ ਵਿਚ ਛਪਵਾ ਕੇ ਸ਼੍ਰੋਮਣੀ ਕਮੇਟੀ 'ਤੇ ਕਬਜ਼ੇ ਦਾ ਸਬੂਤ ਦੇਣਾ, ਤਖ਼ਤ ਸਾਹਿਬਾਨ (ਪੰਜਾਬ ਵਾਲੇ) ਦੇ ਜਥੇਦਾਰਾਂ ਨੂੰ ਚੰਡੀਗੜ੍ਹ ਦੀ ਸਰਕਾਰੀ ਰਿਹਾਇਸ਼ ਵਿਚ ਬੁਲਾ ਕੇ ਹੁਕਮ ਚਾੜ੍ਹਨੇ, ਵਿਰੋਧ ਕਰ ਰਹੀਆਂ ਸੰਗਤਾਂ 'ਤੇ ਗੋਲੀਆਂ ਚਲਾ ਕੇ ਨਵੀਆਂ ਭਾਜੀਆਂ ਪਾਉਣ ਤੇ ਸਿੰਘਾਂ ਦੀ ਸ਼ਹੀਦੀ, ਬੁੱਚੜਨੁਮਾ ਡਾਇਰੈਕਟਰ ਜਨਰਲ ਪੁਲਿਸ ਸੁਮੇਧ ਸੈਣੀ ਦੀ ਤੈਨਾਤੀ ਤੇ ਜ਼ਾਲਮ ਪੁਲਿਸ ਅਫ਼ਸਰਾਂ ਦੀਆਂ ਸ਼ਰੇਆਮ ਤੈਨਾਤੀਆਂ, ਵਧੀਕੀਆਂ, ਮੁਆਫ਼ੀਨਾਮੇ ਦੀ ਵਾਪਸੀ, ਦਿਖਾਵੇ ਲਈ ਪੜਤਾਲੀਆ ਕਮਿਸ਼ਨਾਂ ਦਾ ਗਠਨ, ਨਾ ਬਰਾਬਰ ਕਾਰਗੁਜ਼ਾਰੀ ਆਦਿ ਐਨਾ ਕੁਝ ਵਾਪਰਿਆ ਪਿਛਲੇ ਡੇਢ ਕੁ ਦਹਾਕੇ ਦੌਰਾਨ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਤਖ਼ਤ ਸਾਹਿਬਾਨ ਦੀ ਮਾਣ-ਮਰਿਯਾਦਾ, ਵੱਕਾਰ, ਸਤਿਕਾਰ, ਅਦਬ ਸਭ ਕੁਝ ਖ਼ਤਮ ਹੁੰਦਾ ਚਲਾ ਗਿਆ।**

ਸਾਹਿਬ ਨੂੰ ਵੀ ਆਪਣੇ ਕਬਜ਼ੇ 'ਚ ਕਰ ਲਿਆ।




ਜਿਸ ਪੰਜਾਬ ਦੀ ਤੂਤੀ ਕਾਬਲ ਕੰਧਾਰ, ਨੇਪਾਲ, ਤਿੱਬਤ, ਚੀਨ ਤੋਂ ਦਿੱਲੀ ਤੱਕ ਗੂੰਜਦੀ ਰਹੀ, ਜਿਸ ਦੇ ਸਪੂਤਾਂ ਨੇ ਸਾਰਾਗੜ੍ਹੀਆਂ ਸਿਰਜ ਦਿੱਤੀਆਂ, ਜਮਰੌਦ ਦੇ ਅਭੇਦ ਕਿਲੇ ਭੇਦ ਲਏ, ਲਾਲ ਕਿਲੇ 'ਤੇ ਜਾ ਕੇਸਰੀ ਝੰਡੇ ਝੁਲਾ ਦਿੱਤੇ, ਓਸ ਪੰਜਾਬ ਨੂੰ ਪੰਜਾਬੀ ਸੂਬਾ ਬਣਾ ਦੇਣ ਪਿੱਛੇ ਵੀ ਇਹੀ ਸਵਾਰਥੀ ਲੋਕ ਸਨ ਤਾਂ ਜੋ ਸਿੱਖੀ ਦੇ ਦੁਸ਼ਮਣਾਂ ਨਾਲ ਰਲ ਕੇ ਇਸ ਪੰਜਾਬ ਨੂੰ ਦੋਵੇਂ ਹੱਥੀਂ ਲੁੱਟ ਸਕਣ। ਕਦੇ ਚੰਦੂ ਜਾਂ ਸੁੱਚਾ ਨੰਦ ਨੇ ਤੇ ਕਦੇ ਡੋਗਰਿਆਂ ਨੇ ਸਿੱਖ ਪੰਥ ਨਾਲ ਧ੍ਰੋਹ ਕਮਾਇਆ ਸੀ ਜਿਸ ਕਾਰਨ ਸਾਰਾ ਜਮਾਨਾ ਉਨ੍ਹਾਂ ਦੇ ਨਾਂ 'ਤੇ ਥੁੱਕਦਾ ਹੈ ਤੇ ਕੀ ਪੰਜਾਬ ਦੇ ਇਤਿਹਾਸ, ਪੰਜਾਬ ਦੀ ਰਹਿਤਲ, ਸਭਿਆਚਾਰ ਤੇ ਸਮਾਜਿਕ ਤਾਣੇ ਬਾਣੇ ਦਾ ਸਰਬਨਾਸ਼ ਕਰ ਦੇਣ ਵਾਲੇ ਇਨ੍ਹਾਂ ਪਿਓ-ਪੁੱਤਰਾਂ ਨੂੰ ਮੁਆਫ਼ ਕੀਤਾ ਜਾ ਸਕਦਾ ਹੈ? ਹਰਗਿਜ਼ ਵੀ ਨਹੀਂ ਕਿਉਂਕਿ ਇਨ੍ਹਾਂ ਨੇ ਆਪਣੀ ਕੁਰਸੀ ਦੀ ਸਲਾਮਤੀ ਲਈ ਓਸ ਕਾਮੀ, ਲੁੱਚੇ, ਗੁੰਡੇ, ਵਿਭਚਾਰੀ ਤੇ ਬਹੁਰੂਪੀਏ ਨਾਲ ਯਾਰਾਨਾ ਪਾਲਿਆ ਜਿਸ ਨੇ ਸਰਬੰਸ ਕੁਰਬਾਨੀ ਵਾਲੇ ਦਸ਼ਮੇਸ਼ ਦਾ ਸਵਾਂਗ ਹੀ ਨਹੀਂ ਰਚਿਆ, ਸਗੋਂ 'ਜਾਮੇ ਇੰਸਾਂ' ਪਿਲਾ ਕੇ ਸੱਤ ਸਿਤਾਰੇ ਸਾਜਣ ਦੀ ਹਿਮਾਕਤ ਵੀ ਕੀਤੀ।

ਸਰਕਾਰ ਇਨ੍ਹਾਂ ਦੀ, ਕਾਨੂੰਨ ਇਨ੍ਹਾਂ ਦੇ ਕੋਲ ਪਰ 295-ਏ ਤਹਿਤ ਦਰਜ ਕੇਸ ਵਿਚ ਅਜਿਹੀ ਢਿੱਲ ਮੱਠ, ਅਣਗਹਿਲੀ, ਛੂਟ ਕਿ 2012 ਵਿਚ ਵੋਟਾਂ ਦੀ ਖ਼ਾਤਿਰ ਕੇਸ ਦੀ ਪੈਰਵੀ ਨਾ ਕਰਦਿਆਂ, ਉਸ ਨੂੰ ਵਾਪਸ ਹੀ ਲੈ ਲਿਆ ਗਿਆ। ਮੁੜ 2015 ਦੇ ਬੇਅਦਬੀ ਕਾਂਡ ਦੇ ਮੁੱਖ ਮੁਲਜ਼ਮਾਂ-ਹਰਸ਼ ਧੂਰੀ, ਮਹਿੰਦਰਪਾਲ ਬਿੱਟੂ ਤੇ ਪਰਦੀਪ ਕਲੇਰ ਆਦਿ ਬਾਰੇ ਕੋਈ ਵੀ ਫ਼ੈਸਲਾ ਨਾ ਲੈਣਾ, ਖੁੱਲੀ ਛੁੱਟੀ ਤੇ ਝੂਠੀਆਂ ਰਿਪੋਰਟਾਂ ਛਪਵਾ ਕੇ ਬੁੱਤਾਂ ਸਾਰਨਾ, ਪਾਖੰਡੀ ਤੇ ਦੰਭੀ ਸਾਧ ਵਲੋਂ ਮੁਆਫ਼ੀਨਾਮੇ ਦਾ ਪਾਖੰਡ ਦਰਸਾਉਣਾ, ਬਾਨਵੇਂ ਲੱਖ ਦੇ ਇਸ਼ਤਿਹਾਰ ਮੀਡੀਏ ਵਿਚ ਛਪਵਾ ਕੇ ਸ਼੍ਰੋਮਣੀ ਕਮੇਟੀ 'ਤੇ ਕਬਜ਼ੇ ਦਾ ਸਬੂਤ ਦੇਣਾ, ਤਖ਼ਤ ਸਾਹਿਬਾਨ (ਪੰਜਾਬ ਵਾਲੇ) ਦੇ ਜਥੇਦਾਰਾਂ ਨੂੰ ਚੰਡੀਗੜ੍ਹ ਦੀ ਸਰਕਾਰੀ ਰਿਹਾਇਸ਼ ਵਿਚ ਬੁਲਾ ਕੇ ਹੁਕਮ ਚਾੜ੍ਹਨੇ, ਵਿਰੋਧ ਕਰ ਰਹੀਆਂ ਸੰਗਤਾਂ 'ਤੇ ਗੋਲੀਆਂ ਚਲਾ ਕੇ ਨਵੀਆਂ ਭਾਜੀਆਂ ਪਾਉਣ ਤੇ ਸਿੰਘਾਂ ਦੀ ਸ਼ਹੀਦੀ, ਬੁੱਚੜਨੁਮਾ ਡਾਇਰੈਕਟਰ ਜਨਰਲ ਪੁਲਿਸ ਸੁਮੇਧ ਸੈਣੀ ਦੀ ਤੈਨਾਤੀ ਤੇ ਜ਼ਾਲਮ ਪੁਲਿਸ ਅਫ਼ਸਰਾਂ ਦੀਆਂ ਸ਼ਰੇਆਮ ਤੈਨਾਤੀਆਂ, ਵਧੀਕੀਆਂ, ਮੁਆਫ਼ੀਨਾਮੇ ਦੀ ਵਾਪਸੀ, ਦਿਖਾਵੇ ਲਈ ਪੜਤਾਲੀਆ ਕਮਿਸ਼ਨਾਂ ਦਾ ਗਠਨ, ਨਾ ਬਰਾਬਰ ਕਾਰਗੁਜ਼ਾਰੀ ਆਦਿ ਐਨਾ ਕੁਝ ਵਾਪਰਿਆ ਪਿਛਲੇ ਡੇਢ ਕੁ ਦਹਾਕੇ ਦੌਰਾਨ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਤਖ਼ਤ ਸਾਹਿਬਾਨ ਦੀ ਮਾਣ-ਮਰਿਯਾਦਾ, ਵੱਕਾਰ, ਸਤਿਕਾਰ, ਅਦਬ ਸਭ ਕੁਝ ਖ਼ਤਮ ਹੁੰਦਾ ਚਲਾ ਗਿਆ।

ਬੇਅਦਬੀ ਕਾਂਡ ਦੇ ਦੋਸ਼ੀ ਪਰਦੀਪ ਕਲੇਰ ਦੇ 164 ਧਾਰਾ ਅਧੀਨ ਦਰਜ ਕਰਾਏ ਬਿਆਨਾਂ ਅਨੁਸਾਰ ਉਸ ਨੂੰ ਭਗੌੜਾ ਐਲਾਨਣਾ ਸਰਾਸਰ ਗ਼ਲਤ ਸੀ ਕਿਉਂਕਿ ਉਹ ਕਦੇ ਵੀ ਸਾਧ ਦੇ ਡੇਰੇ 'ਚੋਂ ਬਾਹਰ ਨਹੀਂ ਗਿਆ। ਇਕ ਹੋਰ ਬੀਬੀ ਦੀ ਆਈ ਤਾਜ਼ਾ ਵੀਡੀਓ ਵਿਚ ਵੀ ਬਾਦਲਾਂ ਦੀ ਦਿੱਲੀ ਵਾਲੀ ਰਿਹਾਇਸ਼ ਵਿਚ ਹਰਸ਼ ਧੂਰੀ ਦੀ ਸ਼ਰੇਆਮ ਮੌਜੂਦਗੀ ਕੋਈ ਸ਼ੰਕਾ ਸੰਸਾ ਨਹੀਂ ਰਹਿਣ ਦਿੰਦੀ ਕਿ ਇਨ੍ਹਾਂ ਦੀਆਂ ਕਰਤੂਤਾਂ ਕਿੰਨੀਆਂ ਕੁ ਕਾਲੀਆਂ ਸਨ (ਤੇ ਹਨ ਵੀ) ਨੰਨ੍ਹੀਆਂ ਛਾਵਾਂ ਦਾ ਦੰਭ ਕਰਨ ਵਾਲੇ ਕਿਵੇਂ ਲੋਕਾਂ ਦੀਆਂ ਛਾਵਾਂ ਖੋਹ ਕੇ ਉਨ੍ਹਾਂ ਨੂੰ ਸੜਦੀਆਂ ਧੁੱਪਾਂ ਵਿਚ ਖੜ੍ਹੇ ਕਰਦੇ ਰਹੇ ਹਨ। ਇਨ੍ਹਾਂ ਨੂੰ ਸ਼ਰਮ ਦਾ ਘਾਟਾ ਕਹਾਂ ਕਿ ਸਜ਼ਾ ਦੇਣ ਵਾਲਿਆਂ ਜਥੇਦਾਰਾਂ ਦੀ ਜ਼ਮੀਰ ਮਰ ਚੁੱਕੀ ਆਖਾਂ ਜਿਨ੍ਹਾਂ ਨੇ ਕੌਮ ਦੇ ਫੁਕਰਿਆਂ ਨੂੰ 'ਫ਼ਖ਼ਰੇ ਕੌਮ' ਦੇ ਸਨਮਾਨ ਨਾਲ ਨਿਵਾਜਿਆ। ਫਿੱਟ ਲਾਹਨਤ ਹੈ ਇਸ ਸਾਰੀ ਤਿਕੜੀ ਦੇ, ਸਿੱਖ ਕੌਮ ਨਾਲ ਕੋਝੇ ਮਜ਼ਾਕ ਕਰਕੇ, ਸਾਡੀ ਗੱਤ ਤੇ ਪੱਤ ਰੋਲ ਕੇ, ਸਾਨੂੰ ਨਿਆਸਰੇ ਛੱਡ ਕੇ, ਸਾਡੇ ਸ਼ਰੀਕਾਂ ਨਾਲ ਯਾਰੀਆਂ ਪਾ ਕੇ ਇਸ ਪਿਓ ਪੁੱਤ ਦੀ ਜੁੰਡਲੀ ਨੇ ਅੱਜ ਸਾਡੀ ਹੋਂਦ 'ਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤੇ ਹਨ ਤੇ ਆਪਣੀ ਇੱਜ਼ਤ ਆਬਰੂ ਵੀ ਨਿਲਾਮ ਕਰ ਦਿੱਤੀ ਹੈ।

'ਤਨਖ਼ਾਹੀਆ ਕਰਾਰ' ਦੇਣਾ ਕਿਸੇ ਦਬਾਅ ਅਧੀਨ ਵੀ ਹੋ ਸਕਦਾ ਹੈ ਪਰ ਐਡੇ ਸੰਗੀਨ ਜੁਰਮ ਕਰਨ ਵਾਲੇ ਨੂੰ ਜੇਕਰ ਭਾਂਡੇ ਮਾਂਜਣ, ਝਾੜੂ ਲਾਉਣ, ਪਾਠ ਕਰਨ ਤੇ ਪ੍ਰਸ਼ਾਦ ਦੀ ਤਨਖ਼ਾਹ ਲਾ ਕੇ ਬਰੀ ਕਰ ਦਿੱਤਾ ਤਾਂ ਸੰਗਤਾਂ ਸੰਤੁਸ਼ਟ ਨਹੀਂ ਹੋ ਸਕਦੀਆਂ। ਪਹਿਲਾਂ ਤਾਂ ਬਾਨਵੇਂ ਲੱਖ, ਸ਼੍ਰੋਮਣੀ ਕਮੇਟੀ ਦੇ ਖਾਤੇ ਵਿਚ ਜਮਾਂ ਕਰਵਾਓ ਇਸ ਫੁਕਰੇ ਬੰਦੇ ਤੋਂ ਜਿਹੜੇ ਮੱਕੜ ਦੇ ਮੋਢੇ 'ਤੇ ਬੰਦੂਕ ਰੱਖ ਕੇ ਉਜਾੜੇ ਸਨ। ਵਿਰੋਧ ਕਰ ਰਹੀਆਂ ਸੰਗਤਾਂ 'ਤੇ ਗੋਲੀ ਚਲਾ ਕੇ ਸ਼ਹੀਦ ਕੀਤੇ ਗੁਰਸਿੱਖਾਂ ਨੂੰ ਪੰਥਕ ਸ਼ਹੀਦ ਐਲਾਨ ਕੇ ਬਣਦਾ ਮਾਨ ਸਨਮਾਨ ਦਿੱਤਾ ਜਾਵੇ। ਅੱਜ ਤੱਕ ਸਿੱਖ ਕੌਮ ਦਾ ਧਰਨਿਆਂ, ਪ੍ਰਦਰਸ਼ਨਾਂ ਤੇ ਰੁੜਿਆ ਅਰਬਾਂ ਖਰਬਾਂ ਦਾ ਸਰਮਾਇਆ ਇਨ੍ਹਾਂ ਦੀ ਜੇਬ ਵਿਚੋਂ ਵਸੂਲਿਆ ਜਾਵੇ। ਅਗਾਂਹ ਤੋਂ ਹਰ ਸੰਸਥਾ ਦੀ ਵਾਗ ਡੋਰ ਸੰਭਾਲਣ ਤੋਂ ਬਾਹਰ ਕੀਤਾ ਜਾਵੇ, ਕੋਰੜਿਆਂ ਵਰਗੀਆਂ ਸਜ਼ਾ ਵੀ ਦਿੱਤੀ ਜਾਵੇ ਤੇ ਦਸ ਸਾਲ ਸਾਥੀ ਰਹੇ ਹਰ ਸ਼ਖਸ ਨੂੰ ਵੀ ਬਣਦੀ ਸਜ਼ਾ ਦਿੱਤੀ ਜਾਵੇ। ਪੂਰੀ ਸਫ਼ਾਈ ਹੋਵੇ ਇਸ ਸਾਰੇ ਢਾਂਚੇ ਦੀ।

-0-

**ਸਫਾ 11 ਦਾ ਬਾਕੀ**

ਅਤੇ ਪੂਰਨ ਤੌਰ ਤੇ ਪੰਜਵੇਂ ਪਾਤਸ਼ਾਹ ਦੇ ਵੇਲੇ ਸਥਾਪਿਤ ਹੋ ਗਿਆ ਸੀ। ਇਸ ਦਾ ਬਹੁਤ ਵੱਡਾ ਵਿਸਥਾਰ ਗੁਰੂ ਹਰਿਰਾਇ ਜੀ ਨੇ ਕੀਤਾ ਸੀ। ਗੁਰੂ ਦਰਸ਼ਨ ਨੂੰ ਆ ਰਹੀਆਂ ਸੰਗਤਾਂ ਦੀ ਆਵਾਜਾਈ ਬਹੁਤ ਵਧ ਗਈ। ਹਜ਼ਾਰਾਂ ਦੀ ਗਿਣਤੀ ਵਿਚ ਜਗਿਆਸੂ ਆਉਣ ਲੱਗ ਪਏ ਅਤੇ ਉਹਨਾਂ ਸਿੱਖੀ ਧਾਰਨ ਕਰ ਲਈ। ਸੰਗਤੀ ਰੂਪ ਵਿਚ ਸਭ ਨੂੰ ਗੁਰ ਉਪਦੇਸ਼ ਦ੍ਰਿੜ੍ਹ ਕਰਵਾ ਕੇ ਸਿੱਖ ਸਜਾਇਆ।

ਚੇਚਕ ਦੀ ਮਹਾਂਮਾਰੀ ਤਾਂ ਸ਼ਹਿਰ ਵਿਚ ਫੈਲੀ ਹੋਈ ਸੀ। ਇਕ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਵੀ ਬੜੇ ਜ਼ੋਰ ਦਾ ਬੁਖਾਰ ਹੋ ਗਿਆ। ਸਤਿਗੁਰੂ ਜੀ ਦੇ ਸਰੀਰ ਉੱਤੇ ਚੇਚਕ ਦੇ ਲੱਛਣ ਦਿਸਣ ਲੱਗ ਪਏ। ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ 7 ਅਪ੍ਰੈਲ 1664 ਨੂੰ ਦਿੱਲੀ ਪੁੱਜੇ। ਸਤਿਗੁਰੂ ਜੀ ਨੇ ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਜਾਣ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ 8 ਅਪ੍ਰੈਲ 1664 ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸਮਝਾ ਕੇ ਬਕਾਲੇ ਜਾਣ ਦੀ ਆਗਿਆ ਕੀਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 16 ਅਪ੍ਰੈਲ ਸੰਨ 1664 ਨੂੰ "ਬਾਬਾ ਬਸੈ ਗਰਾਮ ਬਕਾਲੇ" ਕਹਿ ਕੇ ਜੋਤੀ ਜੋਤ ਸਮਾ ਗਏ। ਜਿਸ ਦਾ ਭਾਵ ਇਹ ਸੀ ਕਿ ਗੁਰਗੱਦੀ ਦਾ ਵਾਰਸ ਬਾਬਾ ਬਕਾਲੇ ਵਿਚ ਹੈ। ਜਿੱਥੇ ਜਮਨਾ ਦੇ ਕੰਢੇ ਆਪ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ, ਉਸ ਥਾਂ ਤੇ ਹੁਣ ਗੁਰਦੁਆਰਾ ਬਾਲਾ ਸਾਹਿਬ ਹੈ।

-0-

# ਸਚੁ ਦਾ ਸਾਖਿਆਤਕਾਰ-ਗੁਰੂ ਨਾਨਕ

ਇੰਜੀਨੀਅਰ ਜੋਗਿੰਦਰ ਸਿੰਘ # 94630-55206

'ਸਚੁ' ਅਟੱਲ ਸੱਚਾਈ ਹੈ, ਸੱਚਾਈ ਬਦਲਦੀ ਨਹੀਂ, ਤੇ ਜੋ ਵੀ ਸ਼ੈਅ ਨਾਂਹ ਬਦਲੇ, ਉਸਨੂੰ ਅਸੀਂ ਕਿਸੇ ਵੀ ਢੰਗ ਤਰੀਕੇ ਦੁਆਰਾ ਝੁਠਲਾਅ ਨਹੀਂ ਸਕਦੇ, ਉਸ ਤੋਂ ਮੁਨਕਰ ਨਹੀਂ ਹੋ ਸਕਦੇ। ਸਚੁ, ਸੱਚਾਈ ਦਾ ਬਿਲਕੁਲ ਮੁਢਲਾ ਰੂਪ ਹੈ—ਸ਼ੁੱਧ ਜਾਂ ਅਸਲੀਅਤ ਤੇ ਇੰਨੀ ਸਾਦ-ਮੁਰਾਦਾ ਕਿ ਹੋਰ ਜੋ ਵੀ ਕੁਝ ਅਸੀਂ ਆਖਣਾ ਚਾਹਾਂਗੇ, ਉਹ ਜ਼ਰੂਰ ਹੀ ਅਸਲ ਤੋਂ ਕੁਝ ਵੱਖਰਾ ਹੋਣ ਕਰਕੇ ਆਪਣੇ ਵਿਚ ਕਿਸੇ ਖੋਟ ਦਾ ਅੰਗ ਸਾਂਭੀ ਬੈਠਾ ਹੋਵੇਗਾ। ਇਹ ਖੋਟ ਸੁਭਾਵਕ ਅਧੂਰੀ ਜਾਣਕਾਰੀ ਕਾਰਣ ਵੀ ਹੋ ਸਕਦੈ ਤੇ ਜਾਣ ਬੁੱਝ ਕੇ ਰਲਾਇਆ ਗਿਆ ਵੀ ਹੋ ਸਕਦੈ। ਬਹੁਤ ਵਾਰੀ ਸਾਨੂੰ ਅਸਲੀਅਤ ਦਾ ਥਹੁ ਪਤਾ ਨਹੀਂ ਲੱਗਦਾ ਤੇ ਅਸੀਂ ਕੁਝ ਆਸੇ-ਪਾਸੇ ਤੋਂ ਜੋੜ-ਤੋੜ ਕਰਕੇ ਆਪਣਾ ਵੀਚਾਰ ਜਾਂ ਸਿਧਾਂਤ ਵਖਾਨਣਾ ਚਾਹੁੰਦੇ ਹਾਂ। ਮਖਲੂਕਾਤ, ਆਮ-ਤੌਰ ਤੇ ਅਜਿਹੇ ਰਲੇਵਿਆਂ ਭਰੇ ਖਿਆਲਾਂ ਨੂੰ ਮੰਨ ਲੈਂਦੀ ਹੈ ਕਿਉਂਕਿ ਉਹਨਾਂ ਪਾਸ ਕੋਈ ਹੋਰ ਬੇਹਤਰ ਬਦਲ ਨਹੀਂ ਹੁੰਦਾ। ਭੋਲੇ-ਭਾਲੇ ਅਣਜਾਣ ਲੋਕ, ਵਿਦਵਾਨ-ਉਸਤਾਦ ਅਖਵਾਉਂਦੇ, ਪੰਡਿਤਾਂ-ਮੌਲਵੀਆਂ ਵੱਲੋਂ ਆਖੀਆਂ ਗੱਲਾਂ ਨੂੰ ਸਿਰ-ਝੁਕਾਈ ਤਸਲੀਮ ਕਰੀ ਜਾਂਦੇ ਹਨ। ਸ਼ੱਕ ਜਾਂ ਕੋਈ ਸਵਾਲ ਪੈਦਾ ਹੋਣ ਲਈ ਤਾਂ ਜ਼ਿਹਨੀ ਤੇ ਦਿਮਾਗ਼ੀ-ਜ਼ਮੀਨ ਦਾ ਜ਼ਰਖੇਜ਼ ਹੋਣਾ ਮੁਢਲੀ ਲੋੜ ਹੈ। ਅਤੇ ਜਦੋਂ ਜ਼ਿਹਨ ਵਿਚ ਸੱਚੁ ਜਾਨਣ ਦੀ ਜਿਗਿਆਸਾ ਜਾਗੀ ਹੋਵੇ ਤਾਂ ਦਿਮਾਗ਼ ਖ਼ੁਦ-ਬਖ਼ੁਦ ਹੀ ਵਸਤਾਂ ਦੀ, ਵਿਸ਼ਿਆਂ ਦੀ ਤੇ ਵੀਚਾਰਾਂ ਦੀ ਤਫ਼ਸੀਲ ਮੰਗੇਗਾ, ਸਵਾਲ ਪੁੱਛੇਗਾ ਤੇ ਸੱਚਾਈ ਤੱਕ ਅਪੜਨਾ ਚਾਹੇਗਾ।

ਕੁਛ ਐਸਾ ਹੀ ਮਸਲਾ ਬਣ ਗਿਆ ਪ੍ਰਤੀਤ ਹੁੰਦੈ ਜਦੋਂ ਬਾਲ-ਨਾਨਕ ਨੂੰ ਦੁਨਿਆਵੀ ਪੜ੍ਹਾਈ-ਲਿਖਾਈ ਵਾਸਤੇ ਪੰਡਿਤ ਤੇ ਮੌਲਵੀ ਪਾਸ ਮਦਰੱਸੇ ਭੇਜਿਆ ਗਿਆ ਸੀ। ਬਾਲ-ਬੁੱਧ ਹਮੇਸ਼ਾਂ ਸਾਦਾ-ਸੁਭਾਅ ਰੱਖਦੀ ਹੈ, ਬਿਲਕੁਲ ਸਰਲ ਸਵਾਲ ਪੁੱਛਦੀ ਹੈ—ਅੱਖਰਾਂ ਦਾ ਮੂਲ ਕੀ ਹੈ? ਮੁੱਦਾ ਕੀ ਹੈ? ਉਹਨਾਂ ਧਰਮੀ ਅਧਿਆਪਕਾਂ ਕੋਲ ਅੱਖਰਾਂ ਦੀ ਅਸਲੀਅਤ, ਉਹਨਾਂ ਦੀ ਮੁੱਢਲੀ ਬਣਤਰ ਦੇ ਮੁੱਦੇ ਤੇ ਮੁੱਦਿਆਂ ਦੇ ਧੁਰ ਅੰਦਰ ਬੈਠੀ ਅੱਖਰਾਂ ਦੀ ਰੂਹ ਤੱਕ ਰਸਾਈ ਨਹੀਂ ਸੀ। ਉਹ ਇਲਮ ਤੇ ਈਮਾਨ ਦੇ ਰਿਸ਼ਤਿਆਂ ਤੋਂ ਵਾਕਿਫ਼ ਨਹੀਂ ਸਨ, ਉਹ ਲਾ-ਜਵਾਬ ਹੋ ਗਏ। ਬਾਲ-ਨਾਨਕ ਨਿੱਕੀ ਉਮਰੇ ਹੀ ਆਜ਼ੀਮ-ਸਵਾਲਾਤਾਂ ਅਤੇ ਸਰੋਕਾਰਾਂ ਦੇ ਹੱਲ ਲੱਭਣ ਦੇ ਰੂ-ਬ-ਰੂ ਸਨ, ਇਸੇ ਕਰਕੇ ਲੋਕਾਂ ਨੇ ਉਹਨਾਂ ਨੂੰ **ਬਾਬਾ ਨਾਨਕ** ਆਖਣਾ ਪਸੰਦ ਕੀਤਾ।

ਨੌਂ-ਦਸ ਸਾਲ ਦੀ ਉਮਰੇ, ਜਦੋਂ ਬਿਰਾਦਰੀ ਦੇ ਭਰਵੇਂ ਇਕੱਠ ਵਿਚ ਨਾਨਕ ਜੀ ਨੂੰ ਜਨੇਊ ਪਹਿਨਾਣ ਦੀ ਰਸਮ ਕੀਤੀ ਜਾਣ ਲੱਗੀ ਤਾਂ, ਸੁਣਦੇ ਆ ਰਹੇ ਹਾਂ ਕਿ ਉਹਨਾਂ ਇਸ ਤੋਂ ਇਨਕਾਰ ਕਰਦਿਆਂ ਪੁਰਾਤਨ-ਮਰਿਯਾਦਾ ਦਾ ਖੰਡਨ ਕੀਤਾ। ਅਸਲੀਅਤ ਵਿਚ ਇਹ ਬਿਆਨ ਗਲਤ ਹੈ, ਜੋ ਭੁਲੇਖਾ ਪਾਊ ਤੇ ਮਾਨਵ ਸਮਾਜ ਵਿਚ ਵੰਡੀਆਂ-ਵਿੱਥਾਂ ਪਾਉਣ ਵਾਲੇ ਸਿਸਟਮ ਨੂੰ ਹੀ ਇਕ ਦੂਸਰੇ ਬਲਵਾਨ ਪੱਖ ਤੋਂ ਪੱਕਿਆਂ ਕਰਨ ਵਿਚ ਸਹਾਇਕ ਪ੍ਰਤੀਤ ਹੋ ਰਿਹੈ। ਅਸਲੀਅਤ ਵਿਚ ਸੱਚਾਈ ਦੀ ਮੂਰਤ ਬਾਲ-ਨਾਨਕ ਨੇ ਬੜੇ ਸਾਦਾ ਤੇ ਸਰਲ ਅੰਦਾਜ਼ ਵਿਚ ਪੰਡਿਤ ਜੀ ਨੂੰ ਪੁੱਛਿਆ ਸੀ ਕਿ ਇਹ ਜਨੇਊ ਕਿਉਂ ਪਹਿਨਾਇਆ ਜਾਂਦੈ? ਇਹਦਾ ਕੀ ਫਾਇਦੈ? ਚਾਰ ਕਉਡੀਆਂ ਮੁਲ ਦੇ ਕੇ ਮੰਗਵਾਇਆ ਤੇ ਜਜਮਾਨ ਦੇ ਚੌਂਕੇ ਵਿਚ ਬੈਠ ਕੇ ਉਸਦੇ ਗਲ ਵਿਚ ਪਾਉਂਦਿਆਂ, ਕੰਨ ਵਿਚ ਪੱਕਾ ਕੀਤਾ ਜਾਣਾ, ਕਿ ਅੱਜ ਤੋਂ 'ਬ੍ਰਾਹਮਣ' ਤੇਰਾ ਗੁਰੂ ਬਣ ਗਿਐ? ਬ੍ਰਾਹਮਣ ਤੇ ਨਾਲ ਦੇ ਭਾਈਚਾਰੇ ਲਈ ਇਹ ਤਾਂ ਇੱਕ ਜਸ਼ਨ ਹੋ ਨਿਬੜਿਆ। ਇਸ ਵਿਚ ਧਰਮ ਦੀ ਕਿਹੜੀ ਵਡਿਆਈ ਹੈ? ਬਾਲ ਨਾਨਕ ਨੇ ਸਾਦੇ ਸਹਿਜ-ਬੋਲਾਂ ਵਿਚ ਆਖਿਆ ਪ੍ਰਤੀਤ ਹੁੰਦੈ ਕਿ ਇਹ ਤਾਂ ਸਧਾਰਣ ਸਮਝ ਸਾਰਿਆਂ ਨੂੰ ਹੀ ਹੈ ਬਈ ਕਪਾਹ ਦੇ ਧਾਗਿਆਂ ਨੂੰ ਵੱਟ ਕੇ ਬਣਾਇਆ ਜਨੇਊ ਪੁਰਾਣਾ ਹੋ ਕੇ ਟੁੱਟ ਜਾਏਗਾ ਜਾਂ ਅੰਤ ਸੜ ਕੇ ਸੁਆਹ ਹੋ ਜਾਏਗਾ। ਸਮਾਜ ਦੇ ਧਰਮੀ-ਠੇਕੇਦਾਰਾਂ ਦੀ ਆਪਣੀ ਰੋਜ਼-ਮਰ੍ਹਾ ਦੀ ਜ਼ਿੰਦਗੀ ਵਿਚ ਕੋਈ ਨੈਤਿਕ ਅਨੁਸ਼ਾਸ਼ਨ-ਬੱਧਤਾ ਤਾਂ ਵਿਖਾਈ ਨਹੀਂ ਦੇਂਦੀ ਤੇ ਦੂਸਰਿਆਂ ਨੂੰ ਧਾਗਿਆਂ ਦੀਆਂ ਗੰਢਾਂ ਦੇ ਕਰਮਕਾਂਡੀ-ਬੰਧੇਜ ਜਾਂ ਵਹਿਮਾਂ-ਭਰਮਾਂ ਵਿਚ ਫ਼ਸਾਇਆ ਜਾ ਰਿਹੈ। ਇਸ ਵਿਚ ਧਰਮ, ਸਮਾਜ ਕਲਿਆਣ ਜਾਂ ਆਤਮਿਕ ਉੱਧਾਰ ਦੀ ਕਿਹੜੀ ਗੱਲ ਹੈ? ਹਾਂ, ਜੇ ਤੁਹਾਡੇ ਪਾਸ ਸਤੁ, ਸੰਤੋਖੁ, ਦਇਆ ਤੇ ਚੰਗੇ ਨਿਰਮਲ ਆਚਰਣ ਵਾਲੀ ਕੋਈ ਅਟੁਟ ਵਸਤੂ ਹੈ ਤਾਂ ਮੈਂ ਉਸ ਨੂੰ ਅਵੱਸ਼ ਹੀ ਗਲੇ ਪਹਿਨ ਕੇ ਪ੍ਰਸੰਨ ਹੋਵਾਂਗਾ।

ਜਿਨ੍ਹਾਂ ਮੁੱਠੀ ਭਰ ਸ਼ਾਤਰ ਪੜ੍ਹਿਆਂ-ਲਿਖਿਆਂ ਵੱਲੋਂ ਸਮਾਜ ਦੀ ਵੱਡੀ ਬਹੁਗਿਣਤੀ ਨੂੰ ਧਰਮ ਦੇ ਨਾਂ ਤੇ ਗੁਲਾਮਾਂ ਵਾਂਗੂ ਜਿਊਂਣ 'ਤੇ ਮਜ਼ਬੂਰ ਕੀਤਾ ਹੋਇਆ ਸੀ, ਉਹਨਾਂ ਕੋਲ ਸਾਦਾ-ਸਿੱਧੇ ਸਪਾਟ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਸੱਚ ਦੀ ਸਹਿਜ ਸਰਲਤਾ ਸਾਹਵੇਂ, ਸਹਸ-ਸਿਆਣਪਾਂ ਹਾਰ ਗਈਆਂ। ਇਸ ਬੇ-ਮਿਸਾਲ ਜਿੱਤ ਮਗਰੋਂ ਧਰਮ ਖੇਤਰ ਵਿਚ ਛਾਈਆਂ ਧੁੰਦਾਂ ਮਿੱਟਦੀਆਂ ਗਈਆਂ ਤੇ ਚਾਨਣ ਪਸਰਦਾ ਗਿਆ।

ਪੈਰੋਕਾਰਾਂ ਨੇ ਹਮੇਸ਼ਾਂ ਆਪਣੇ ਰਹਿਬਰ ਨੂੰ ਦੂਸਰੇ ਫਿਰਕਿਆਂ ਦੇ ਪੀਰਾਂ-ਪੈਗੰਬਰਾਂ ਤੋਂ ਘੱਟ ਨਹੀਂ, ਕਿਤੇ ਵਧੇਰੀ ਵਡਿਆਈ ਵਾਲਾ ਮੰਨਿਆ ਹੈ। ਇਹ ਇਨਸਾਨੀ ਫਿਤਰਤ ਦਾ ਹਿੱਸਾ ਹੈ। ਵਿਸ਼ਨੂ ਜੀ ਸ਼ੇਸ਼ ਨਾਗ ਦੀ ਸੇਜ 'ਪਰ ਸਜਦੇ ਦੱਸੇ ਜਾਂਦੇ ਹਨ, ਭੋਲੇ ਨਾਥ ਸ਼ਿਵ-ਸ਼ੰਕਰ, ਗਲ ਵਿਚ ਸੱਪਾਂ ਨੂੰ ਮਾਲਾਂ ਵਾਂਗ ਧਾਰਨ ਕਰਦੇ ਸਨ ਅਤੇ ਭਗਵਾਨ ਕ੍ਰਿਸ਼ਨ ਜੀ ਨੇ 'ਕਾਲੀ' ਨਾਗ ਨੂੰ ਵੀ ਕੀਲ ਲਿਤਾ ਸੀ। ਬਾਬਾ ਆਦਮ ਤੇ ਮਾਈ ਹਵਾ ਦੀਆਂ ਤਸਵੀਰਾਂ ਵਿਚ ਵੀ ਕਿਸੇ ਵਿਲੱਖਣ ਜਾਤੀ ਦੇ ਅਜਗਰ ਵੱਲੋਂ ਉਨ੍ਹਾਂ ਦਾ ਨੰਗੇਜ ਢੱਕਿਆ ਦਿਖਾਇਆ ਜਾਂਦਾ ਹੈ। ਪੁਰਾਤਨ ਅਨੇਕਾਂ ਕਬੀਲਿਆਂ ਵੱਲੋਂ ਨਾਗ-ਦੇਵਤਾ ਦੀ ਪੂਜਾ ਅਰਚਨਾਂ, ਕੀਤੀ ਜਾਂਦੀ ਪੜ੍ਹੀ-ਸੁਣੀ ਜਾਂਦੀ ਹੈ। ਬਾਬਾ ਨਾਨਕ ਦੇ ਸ਼ਰਧਾਲੂਆਂ ਨੇ ਵੀ ਸੱਪ ਵੱਲੋਂ ਛਾਂ ਕੀਤੇ ਜਾਣ ਦੀ ਸਾਖੀ ਲਿਖ ਲਿਤੀ। ਇਸ ਨੂੰ ਅੰਧ-ਵਿਸ਼ਵਾਸ਼ ਤੇ ਅਤਿਕਥਨੀ ਆਖਦਿਆਂ ਖੰਡਨ-ਮੰਡਨ ਦੇ ਝਮੇਲਿਆਂ ਵਿਚ ਪੈਣ ਦੀ ਬਜਾਏ, ਧਾਰਮਿਕ ਸਾਹਿਤਕਾਰੀ ਦੇ ਰਿੜਕਣੇ ਨੂੰ ਮੱਥ ਕੇ, ਤੱਥ-ਰੂਪੀ ਮੱਖਣ ਪ੍ਰਾਪਤ ਕਰ ਲੈਣਾ ਚਾਹੀਦੈ। ਸਾਖੀਕਾਰ ਦਾ ਮੰਤਵ ਤਾਂ ਆਪਣੇ ਗੁਰੂ ਨੂੰ **'ਧੰਨ ਨਾਨਕ ਤੇਰੀ ਵੱਡੀ ਕਮਾਈ'** ਵਾਲਾ ਸਿੱਧ ਕਰਨਾ ਤੇ ਆਮ ਲੋਕਾਈ ਨੂੰ ਸਮੇਂ ਦੇ ਸੱਚ ਬਾਰੇ ਜਾਣੂ ਕਰਵਾਉਂਣਾ ਸੀ। ਸੱਪ, ਪ੍ਰਕਿਰਤੀ ਵਿਚ ਮੌਤ ਦਾ ਪ੍ਰਤੀਕ ਬਣ ਚੁੱਕਾ ਸੀ ਅਤੇ ਸਾਖੀਕਾਰ 'ਮੌਤ' ਨੂੰ ਨਾਨਕ ਦਾ ਪਾਣੀਹਾਰ ਬਣਿਆ ਦਰਸਾਉਂਣਾ ਚਾਹੁੰਦੈ। **ਜਾਂ ਆਖੀਏ ਕਿ ਬਾਲਾ ਪ੍ਰੀਤਮ, ਮੌਤ ਵਲੋਂ ਬਿਲਕੁਲ ਬੇ-ਖ਼ੌਫੀ ਦੇ ਆਲਮ ਨੂੰ ਪਹੁੰਚ ਚੁੱਕਾ ਸੀ ਅਤੇ ਭਵਿੱਖ ਵਿਚ ਉਸਦੇ ਪੈਰੋਕਾਰਾਂ ਨੇ ਵੀ ਮੌਤ ਨੂੰ ਵੰਗਾਰਨ ਵਾਲੇ ਸੂਰਮੇ ਬਣਨਾ ਹੈ।**

ਮੱਝਾਂ ਚਾਰਦਿਆਂ, ਦੁਕਾਨਦਾਰੀ, ਵਪਾਰ ਤੇ ਸੁਲਤਾਨਪੁਰ ਦੇ ਨਵਾਬ ਦੌਲਤਖਾਨ ਲੋਧੀ ਪਾਸ ਮੁਲਾਜ਼ਮਤ ਕਰਦਿਆਂ ਅਤੇ ਵਡੇਰੀ ਉਮਰੇ ਕਰਤਾਰਪੁਰ ਵਿਖੇ ਸਫ਼ਲ ਸਾਂਝੀ-ਖੇਤੀ ਕਰਦੇ ਕਿਰਤੀ-ਕਿਰਸਾਣ ਦੀ ਭੂਮਿਕਾ ਵਿਚ ਲੋਕਾਈ ਸਾਹਮਣੇ ਵਿੱਤ ਤੇ ਸਮਰੱਥਾ ਅਨੁਸਾਰ ਸਾਰੇ ਕਿੱਤਿਆਂ-ਕੰਮਾਂ ਨੂੰ ਬਰਾਬਰ ਦਾ ਆਦਰ-ਸਤਿਕਾਰ ਦੇਣ ਵਾਲਾ ਸੱਭਿਆਚਾਰ ਸਿਰਜਣ ਤੇ ਪ੍ਰਫੁਲਿਤ ਕੀਤੇ ਜਾਣ ਦੇ ਪ੍ਰਕਾਰਜ ਦੀ ਪ੍ਰਦਰਸ਼ਨੀ ਹੀ ਤਾਂ ਹੈ। ਗੁਰੂ ਨਾਨਕ ਸਾਹਿਬ ਦੀ ਪੂਰੀ ਜੀਵਨ-ਸ਼ੈਲੀ ਤੇ ਵਿਚਾਰਧਾਰਾ, ਸੱਚ ਦੀ ਸੋਚ ਦਾ ਹੀ ਪ੍ਰਤੱਖ ਪ੍ਰਗਟਾਊ ਸੀ ਜਿਸ ਨੂੰ ਸਿੱਖ-ਸੰਗਤਾਂ ਨੇ ਆਪਣੇ ਜੀਵਨ ਅਮਲ ਵਿਚ ਧਾਰਨ ਕਰਨਾ ਹੈ।

ਗੁਰੂ ਨਾਨਕ ਸਾਹਿਬ ਵੱਲੋਂ ਪੇਸ਼ ਕੀਤਾ ਗਿਆ 'ਧਰਮ-ਦਰਸ਼ਨ' ਸਾਦਾ ਸਰਲ ਤੇ ਸ਼ੁੱਧ ਸਚੁ ਨੂੰ ਸਪਸ਼ਟ ਰੂਪ ਵਿਚ ਅਪਨਾਉਂਣਾ ਸੀ। ਪਿਛੋਕੜ ਵਿਚ ਸਦੀਆਂ ਤੋਂ ਧਾਰਮਿਕ ਅਗਵਾਈ ਦੇਂਦੇ ਆ ਰਹੇ ਅਖੌਤੀ ਵਿਦਵਾਨਾਂ ਨੇ ਧਰਮ ਨੂੰ ਧੰਧਾ ਬਣਾ ਲਿਤਾ ਸੀ। ਕਿਸੇ ਵੀ ਧੰਧੇ ਦਾ ਆਧਾਰ ਤੇ ਟੀਚਾ

ਦੂਜਿਆਂ ਦੀ ਲੁੱਟ-ਖਸੁੱਟ ਦੁਆਰਾ ਨਿੱਜੀ ਧਨ-ਸੰਪਦਾ ਨੂੰ ਵਧਾਉਣਾ ਹੁੰਦਾ ਹੈ। ਧਰਮ-ਧੰਧੇ ਦੇ ਵਿਉਪਾਰੀਆਂ ਨੇ ਵੀ ਸਮਾਜ ਦੀ ਭੋਲੀ-ਭਾਲੀ ਤੇ ਅਨਪੜ੍ਹ ਕਿਰਤੀ ਸ਼੍ਰੇਣੀਆਂ ਦੀ ਵੱਡੀ ਬਹੁਗਿਣਤੀ ਦਾ ਸ਼ੋਸ਼ਣ ਕਰਦਿਆਂ ਆਪਣੀ ਪ੍ਰਭੂ-ਸੱਤਾ ਸਥਾਪਿਤ ਕਰ ਲਿਤੀ ਹੋਈ ਸੀ। ਆਮ ਜਨਤਾ ਨੇ ਵਰਣ-ਆਸ਼ਰਮੀ ਸਮਾਜਕ-ਵਰਗੀਕਰਣ ਨੂੰ ਹੀ 'ਧਰਮ' ਦੇ ਰੂਪ ਵਿਚ ਮੰਨ ਲਿਤਾ ਹੋਇਆ ਸੀ। ਐਸੇ 'ਧਰਮ' ਤੇ ਉਸ ਨਾਲ ਜੁੜੇ ਰੀਤੀ-ਰਿਵਾਜਾਂ, ਰਸਮਾਂ, ਪਰੰਪਰਾਵਾਂ ਤੇ ਬੰਧਨਾਂ ਨੇ ਹਿੰਦੁਸਤਾਨ ਦੇ ਵਾਸੀਆਂ ਨੂੰ ਨਾਂਹ ਕੇਵਲ ਸੱਭਿਆਚਾਰਕ ਪੱਖੋਂ ਬਲਕਿ ਸਮੁੱਚੇ ਜਨ-ਮਾਨਸ ਨੂੰ ਹੀ ਗੁਲਾਮੀ ਦੇ ਨਰਕੀ-ਨਿਘਾਰ ਵਿਚ ਸੁੱਟ ਦਿੱਤਾ, ਜਿਸ ਵਿਚੋਂ ਉਭਰਨ ਦਾ ਕੋਈ ਵਸੀਲਾ ਸੰਭਵ ਹੀ ਨਹੀਂ ਵਿਖਾਈ ਦਿੰਦਾ ਸੀ। **ਗੁਰੂ ਨਾਨਕ ਸਾਹਿਬ ਦੇ ਕ੍ਰਾਂਤੀਕਾਰੀ ਸੰਘਰਸ਼ ਦਾ ਧੁਰਾ ਹੀ ਧਰਮ ਦੇ ਧੰਧਾ ਬਣੇ ਹਾਲਾਤਾਂ ਨੂੰ ਸੰਵਾਰ ਕੇ 'ਸਚੁ' ਦੀ ਸੋਚ ਦਾ ਬੋਲਬਾਲਾ ਕਰਨਾ ਸੀ।**

ਮਹਾਂ-ਮਨੋਵਿਗਿਆਨੀ ਗੁਰੂ ਨਾਨਕ ਸਾਹਿਬ ਅਤਿ ਵਿਲੱਖਣ-ਵਿਅਕਤੀਤਵ ਦੇ ਮਾਲਕ ਸਨ। ਉਹ ਮੱਕੇ, 'ਕਾਬਾ' ਵਿਖੇ ਕਾਲੇ ਪੱਥਰ ਵਾਲੇ ਪਵਿੱਤਰ ਜਾਣੇ ਜਾਂਦੇ ਅਸਥਾਨ 'ਤੇ ਪਹੁੰਚੇ। ਰਾਤੀਂ ਸੌਣ ਸਮੇਂ ਬਾਬਾ ਨਾਨਕ 'ਕਾਬੇ' ਵੱਲ ਪੈਰ ਪਸਾਰ ਕੇ ਪੈ ਗਏ ਤਾਂ ਉੱਥੋਂ ਦੇ ਇਮਾਮਾਂ ਤੇ ਮੌਲਾਣਿਆਂ ਨੂੰ ਵੱਡੀ ਹੈਰਾਨਗੀ ਹੋਈ। ਸ਼ਰੱਈ ਪ੍ਰਬੰਧਕਾਂ 'ਚੋਂ ਇਕ ਨੇ ਬਾਬੇ ਨੂੰ 'ਮਹਿਰਾਬ' ਦੀ ਬੇ-ਅਦਬੀ, ਧਾਰਮਿਕ ਭਾਵਨਾਵਾਂ ਨੂੰ ਵਲੂੰਧਰਣ ਅਤੇ ਖੁਦਾ ਪ੍ਰਤੀ ਨਾ-ਸ਼ੁਕਰਾ ਕਾਫ਼ਿਰ (ਕੇਹੜਾ ਸੁਤਾ ਕੁਫਰ ਕੁਫਾਰੀ?) ਹੋਣ ਦੀ ਤੁਹਮਤ ਲਾਈ। ਬਾਬਾ ਨਾਨਕ ਨੇ ਨਿਮਰਤਾ ਨਾਲ ਜਵਾਬ ਦਿੱਤਾ ਕਿ, "ਤੁਸੀਂ ਮੇਰੇ ਪੈਰ ਆਪਣੀ ਮਰਜ਼ੀ ਨਾਲ ਜਿਧਰ ਚਾਹੋ ਘੁਮਾ ਦਿਉ, ਮੈ ਰਾਜ਼ੀ ਹਾਂ ਤੇ ਤੁਹਾਡੀ ਖੈਰ-ਸੁੱਖ ਮੰਗਦਾ ਹਾਂ! ਤੁਹਾਡਾ ਖੁਦਾ ਇਸ ਕਾਲੇ ਪੱਥਰ ਤੱਕ ਸੀਮਿਤ ਹੈ, ਪਰ ਮੇਰਾ ਰੱਬ 'ਕਰਤਾ ਪੁਰਖੁ' ਤਾਂ, ਦੇਸਾਂ-ਪਰਦੇਸਾਂ ਦੀਆਂ ਸੀਮਾਵਾਂ ਤੇ ਦਿਸ਼ਾਵਾਂ ਦੀਆਂ ਵਲਗਣਾਂ ਤੋਂ ਸੁਤੰਤਰ ਤੇ ਸਭਨੀ ਥਾਈਂ ਹਾਜ਼ਰ-ਹਜ਼ੂਰ ਹੈ।"

ਸਾਖੀ ਅਨੁਸਾਰ ਕਾਬੇ ਵਾਲਿਆਂ ਬਾਬੇ ਦੇ ਪੈਰਾਂ ਨੂੰ ਫੜ੍ਹ ਕੇ ਘਸੀਟਿਆ ਤੇ ਘੁਮਾਇਆ। ਜਿਹੜੇ ਤਰਫ਼ ਵੀ ਲੱਤਾਂ ਕੀਤੀਆਂ, ਕਾਬਾ ਵੀ ਉਸੇ ਤਰਫੀਂ ਮੁੜਦਾ ਨਜ਼ਰੀਂ ਆਇਆ 'ਹੋਇ ਹੈਰਾਨੁ ਕਰੇਨਿ ਜੁਹਾਰੀ'। ਸ਼ਰਧਾਵਾਨ ਧਰਮੀਆਂ ਦਾ ਵਿਸ਼ਵਾਸ਼ ਹੈ ਕਿ ਮੱਕਾ ਵਾਕੲੀ ਫਿਰਿਆ ਸੀ। ਕਈ ਵਿਦਵਾਨਾਂ ਨੇ ਲੋਕਾਂ ਦੀ ਸੋਚ ਵਿਚ ਆਈ ਤਬਦੀਲੀ ਨੂੰ ਅਲੰਕ੍ਰਿਤ ਕੀਤਾ ਜਾਣਾ ਮੰਨਿਆ ਹੈ। ਕਈਆਂ ਤਰਕਸ਼ੀਲਾਂ ਦਾ ਕਹਿਣਾ ਹੈ ਕਿ ਪੱਥਰ ਭਾਵੇਂ ਕਿਤਿਓਂ ਆਇਆ ਹੋਵੇ ਜਾਂ ਅਸਮਾਨੋਂ ਡਿੱਗਿਆ ਹੋਵੇ, ਹੈ ਤਾਂ ਪੱਥਰ ਹੀ ਤੇ ਅਸੀਂ ਇਸ ਪੱਥਰ ਤੋਂ ਆਪੂੰ ਘੁੰਮ ਜਾਣ ਦੀ ਆਸ ਨਹੀਂ ਰੱਖਦੇ। ਹਾਂ ਜੀ, ਕਥਾ ਕਹਾਣੀਆਂ ਤੇ ਸਾਖੀਆਂ ਤਾਂ ਆਮ ਲੋਕਾਈ ਨੂੰ ਸੌਖਿਆਂ ਸਮਝ ਆ ਸਕਣ ਵਾਲੇ ਢੰਗ ਤਰੀਕਿਆਂ ਨਾਲ ਸਿਧਾਂਤਕ-ਸਪਸ਼ਟਤਾ ਵਾਸਤੇ ਹੀ ਕਹੀਆਂ-ਸੁਣਾਈਆਂ ਜਾਂਦੀਆਂ ਹਨ। ਇਹ ਸਾਖੀ ਬਹੁਤ ਲੰਮੇ ਸਮੇਂ ਤੱਕ ਗਹਿਰਾ ਪ੍ਰਭਾਵ ਛੱਡਣ ਵਾਲੀ ਤੇ ਸ੍ਰੇਸ਼ਟ-ਸਿੱਖਿਆਦਾਇਕ ਉਲੇਖ ਹੈ। ਸਾਡੇ ਵਿਚਾਰ ਅਨੁਸਾਰ ਇਹ ਸਾਖੀ ਮਨੁੱਖੀ ਧਰਮ, ਦਰਸ਼ਨ ਤੇ ਸੰਸਕ੍ਰਿਤੀ ਨੂੰ ਇਹ ਦ੍ਰਿੜ੍ਹ ਕਰਵਾ ਰਹੀ ਹੈ ਕਿ ਜੇ ਕੋਈ ਵਿਅਕਤੀ ਮਨ ਦੀ ਜਾਗਰੂਕ-ਅਵਸਥਾ ਵਿਚ ਸ੍ਰਿਸ਼ਟੀ ਦੀ ਇਕੋ-ਇਕ ਵਾਹਿਦ ਹਸਤੀ 'ਅਕਾਲ ਪੁਰਖੁ' ਦੀ ਕਰਤਾ, ਭਰਤਾ, ਤੇ ਹਰਤਾ ਹੋਣ ਦੀ ਵਾਸਤਵਿਕਤਾ ਨੂੰ ਬੁੱਝ ਲੈਂਦਾ ਹੈ, ਤਾਂ ਉਹ ਸਰਬ-ਵਿਆਪੀ, ਲਾ-ਸ਼ਰੀਕ ਲਾਸਾਨੀ ਅੱਲ੍ਹਾ-ਤਾਲਾ ਖੁੱਦਾ ਜਾਂ ਕਰਤਾ ਪੁਰਖੁ **'ਵਾਹਿਗੁਰੂ'** ਦਾ ਸਰਬ-ਦਿਸ਼ਾਈਂ ਤੇ ਸਭਨੀ ਥਾਈਂ ਮੌਜੂਦ ਹੋਣਾ ਪ੍ਰਤੱਖ ਅਨੁਭਵ ਕਰਦਾ ਹੈ। ਸਾਡਾ ਸ਼ਰਧਾ ਪਿਆਰ ਨਾਲ ਭਰਿਆ ਹੋਇਆ ਜ਼ਿਹਨ ਜਾਂ ਅੰਤਿਸ਼ਕਰਣ ਆਪਣੇ ਦੁਆਲੇ ਪਾਕਿ-ਮਸਜਿਦ ਜਾਂ ਦੈਵੀ-ਮੰਦਿਰ ਸੁੱਤੇ-ਸਿੱਧ ਹੀ ਸਿਰਜ ਲੈਂਦਾ ਹੈ! ਫਲਸਰੂਪ ਹੁਣ ਅਜਿਹੇ ਭਾਵਾਨਾਤਮਿਕ 'ਨਿੱਜ ਘਰ' ਰੂਪੀ ਪਵਿੱਤਰ ਧਾਰਮਿਕ ਵਾਤਾਵਰਨ ਦਾ ਅਹਿਸਾਸ ਹਮੇਸ਼ਾਂ ਸਾਡੇ ਨਾਲ-ਨਾਲ ਹਾਜ਼ਰ-ਹਜ਼ੂਰ ਰਹਿੰਦਾ ਹੈ!

ਸੁਣਿਆ ਜਾਂਦੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ-ਕਾਲ ਵਿਚ ਹੀ ਉਹਨਾਂ ਦੇ ਸਿੱਖ-ਸੇਵਕਾਂ ਦੀ ਗਿਣਤੀ ਕਰੋੜਾਂ ਨੂੰ ਅੱਪੜ ਗਈ ਸੀ। ਮਾੜੀਆਂ ਨੀਤਾਂ ਤੇ ਪਾਪੀ ਕੁਕਰਮੀਆਂ ਦੀ ਮਾਨਸਿਕਤਾ, ਗੁਰੂ ਜੀ ਦੀ ਵੀਚਾਰਧਾਰਾ ਤੋਂ ਕੇਵਲ ਮੁਤੱਸਰ ਹੀ ਨਹੀਂ ਹੋਈ ਬਲਕਿ ਚੋਰ-ਠੱਗ, ਕਾਤਲ ਤੇ ਰਾਖਸ਼ੀ ਬਿਰਤੀਆਂ ਵਾਲੇ ਲੋਕਾਂ ਦੀ ਵੀ ਐਸੀ ਕਾਇਆਂ-ਕਲਪ ਹੋ ਗਈ ਕਿ ਉਹ ਖੁਦ ਸੱਚ-ਧਰਮ ਦੇ ਪ੍ਰਚਾਰਕ ਬਣ ਗਏ ਸਨ। ਇਹ ਵਰਤਾਰਾ ਤੇ ਬਦਲਾਅ ਐਂਵੇ ਹੀ ਨਹੀਂ ਵਾਪਰ ਗਿਆ। ਕਿਸੇ ਡਰ-ਭੈ ਜਾਂ ਲੋਭ ਲਾਲਚ ਦਾ ਤਾਂ ਸੁਆਲ ਹੀ ਨਹੀਂ ਉੱਠਦਾ। ਯਕੀਨਨ ਇਹ ਮਾਨਵੀ-ਮਾਨਸਿਕਤਾ ਦਾ ਨਵਾਂ ਜਨਮ ਸੀ—ਮੂਲੋਂ ਨਵੇਂ-ਨਿਵੇਕਲੇ ਅਧਿਆਤਮ ਦਾ ਅਨੁਭਵ ! ਇਹ ਅਨੂਠਾ-ਅਨੁਭਵ, ਧਰਮ-ਦਰਸ਼ਨ ਵਿਚ ਨੀਤ-ਨਵੀਂ ਵਿਸਮਾਦ-ਮਈ ਕ੍ਰਾਂਤੀ ਦਾ ਸਫੁੱਟਿਤ ਹੋਣਾ ਸੀ—ਜੋਤਿ ਸਰੂਪੀ ਆਤਮਾ ਦੀ ਮੁੱਢਲੀ-ਸੁਤੰਤਰਤਾ ਦੀ ਲੱਸ-ਲੱਸ ਕਰਦੀ ਪਹਿਲ-ਤਾਜ਼ਗੀ! ਪੁਰਾਤਨ-ਪ੍ਰਚੱਲਿਤ ਭੈ-ਭਰਮਾਂ, ਵਹਿਮਾਂ-ਸਹਿਮਾਂ ਤੇ ਕਰਮ-ਕਾਂਡੀ ਬੰਧਨਾਂ ਕਾਰਣ ਸੜ-ਸੁੱਕ ਚੁੱਕੇ ਮਨੁੱਖੀ ਮਨ ਨੂੰ ਸਤਿਗੁਰੂ ਜੀ ਨੇ ਪ੍ਰਭੂ-ਪ੍ਰੇਮ ਦੇ ਗਿਆਨਮਈ-ਜਲ ਦੁਆਰਾ ਇਉਂ ਸਿੰਚਿਆ ਕਿ ਬਹੁ-ਦੇਵਵਾਦੀ, ਅਵਤਾਰਵਾਦੀ ਤੇ ਜਾਤ-ਪਾਤੀ ਵਰਣ-ਆਸ਼ਰਮਾਂ ਕਰਕੇ ਊਚ-ਨੀਚ ਵਾਲੀ ਸੜਿਹਾਂਦ ਉੱਡ-ਪੁੱਡ ਗਈ। ਮਨੁੱਖੀ ਸਾਂਝੀਵਾਲਤਾ ਦੇ ਚਿਹਰੇ 'ਤੇ ਊਸ਼ਾ ਦੀ ਲਾਲੀ ਦੀਆਂ ਕਿਰਣਾਂ ਨੇ 'ਹਰਿ ਨਾਮੁ' ਦਾ ਰੰਗ ਬਿਖੇਰਿਆ ਅਤੇ ਸਦੀਆਂ ਤੋਂ ਗੁਲਾਮੀ ਦੇ ਸੰਗਲਾਂ 'ਚ ਬੱਧੇ ਕੁਮਲਾਏ-ਮੁਰਝਾਏ, ਸਾਹ-ਸੱਤ ਹੀਣ ਹੋਏ ਸਮਾਜਿਕ-ਰਿਸ਼ਤਿਆਂ ਤੇ ਸਾਧਨ-ਵਿਹੂਣ ਹੋ ਚੁੱਕੇ ਨਿਰਾਸ਼ ਮਨਾਂ ਨੇ ਵੀ ਨਵ-ਜੀਵਨ, ਨਵ-ਜੋਬਨ, ਨੀਤ-ਨਵੇਂ ਚਾਉ-ਉਮਾਹੁ ਦੀ ਖਿੜੀ ਹੋਈ ਗੁਲਜ਼ਾਰ ਨੂੰ ਖੁਸ਼-ਆਮਦੀਦ ਆਖਿਆ!

ਮਹਾਂਪੁਰਸ਼ਾਂ ਵੱਲੋਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਣ ਉਪਰੰਤ ਉਹਨਾਂ ਦੇ ਸ਼ਰਧਾਲੂ-ਪੈਰੋਕਾਰਾਂ ਵੱਲੋਂ ਆਪਣੇ ਮਹਿਬੂਬ-ਰਹਿਬਰ ਦੀ ਅਜ਼ਮਤ ਨੂੰ ਅਗਲੀਆਂ ਪੀੜ੍ਹੀਆਂ ਤੱਕ ਅਪੜਾਉਂਣ ਲਈ ਕਈ ਤਰ੍ਹਾਂ ਦੀਆਂ ਕਰਾਮਾਤੀ-ਕਥਾਵਾਂ ਘੜ ਲਈਆਂ ਜਾਣੀਆਂ, ਸਾਧਾਰਣ ਮਨੁੱਖੀ-ਵਿਹਾਰ ਹੈ। ਗੁਰਬਾਣੀ ਵਿਚ ਵੀ ਬਹੁਤ ਮਿਥਿਹਾਸਿਕ ਪ੍ਰਸੰਗ ਕੇਵਲ ਅਲੰਕਾਰ ਜਾਂ ਉਦਾਹਰਣ ਵਜੋਂ ਵਰਤੇ ਗਏ ਹਨ। ਅਲੰਕਾਰ, ਰੂਪਕ ਜਾਂ ਉਦਾਹਰਣ ਦਾ ਕੇਵਲ ਉਪਦੇਸ਼ਾਤਮਿਕ ਪੱਖ ਹੀ ਵਿਚਾਰਨ ਦਾ ਵਿਧਾਨ ਹੈ। ਇਸ ਕਰਕੇ ਸ਼ਰਧਾਵਾਨ ਗੁਰਸਿੱਖਾਂ ਵੱਲੋਂ ਲਿਖੀਆਂ ਸਾਖੀਆਂ ਦੇ ਕਰਾਮਾਤੀ ਪ੍ਰਸੰਗਾਂ ਦੀ ਭੌਤਿਕ-ਇਤਿਹਾਸਿਕਤਾ ਨੂੰ ਇਕ ਪਾਸੇ ਛੱਡਦਿਆਂ, ਸਾਨੂੰ ਸਮਝਾਈ ਗਈ ਸਿੱਖਿਆ 'ਪਰ ਅਮਲ ਕਰਦਿਆਂ ਆਪਣੀ ਜੀਵਨ-ਸ਼ੈਲੀ ਵਿਚ ਲੋੜੀਂਦਾ ਬਦਲਾਵ ਲਿਆਵਣ ਦੇ ਉਪਰਾਲਿਆਂ ਵਿਚ ਜੁੱਟਣਾ ਬਣਦੈ।

ਸਤਿਗੁਰੂ ਜੀ ਨੇ, ਸਾਦਾ ਰਹਿਣੀ-ਬਹਿਣੀ, ਕਿਰਤੀ-ਜੀਵਨ ਨੂੰ ਵਡਿਆਉਂਣ, ਲੋੜਵੰਦਾਂ ਦੇ ਮੱਦਦਗਾਰ ਬਨਣ ਤੇ ਇਕ-ਈਸ਼ਵਰਵਾਦੀ, **ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ॥ ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ॥** (੨੨੯), ਪ੍ਰਭੂ-ਪ੍ਰੇਮ ਵਿਚ ਜੁੜਨ ਵਾਲੀ ਅਚਿੰਤਤਾ, ਨਿਰਭੈਤਾ, ਨਿਰਵੈਰਤਾ ਤੇ ਸਮੁੱਚੀ ਮਨੁੱਖਤਾ ਦੀ ਖੁਸ਼ਹਾਲੀ ਵਾਸਤੇ ਕਾਰਜਸ਼ੀਲ ਹੋਵਣ ਦਾ ਉਪਦੇਸ਼ ਦਿੱਤਾ ਹੈ। ਉਨ੍ਹਾਂ ਆਪਣੇ ਅਮਲਾਂ ਦੁਆਰਾ ਪਰਉਪਕਾਰੀ ਜ਼ਿੰਦਗੀ ਜਿਓ ਕੇ ਲੋਕਾਂ ਸਾਹਮਣੇ ਮਿਸਾਲ ਪੇਸ਼ ਕੀਤੀ—ਲੋਕ-ਮਾਨਸ ਦੇ ਬਗੀਚੇ ਵਿਚ ਬਸੰਤ ਬਹਾਰ ਦਾ ਮੌਸਮ ਆਇਆ ਤੇ ਸਿੱਖ-ਫੁਲਵਾੜੀ ਵਿਚ ਸਾਵੀਆਂ-ਕਚੂਚ ਕਰੂੰਬਲਾਂ, ਵੇਲ-ਬੂਟਿਆਂ 'ਤੇ 'ਮਨਿ ਚਾਉ' ਦੀ ਹਰਿਆਵਲ ਟਹਿਕ-ਮਹਿਕ ਉੱਠੀ! ਨਿਸ਼ਚੈਪੂਰਵਕ, ਜ਼ਿੰਦਗੀ ਦੀ ਸਚਿਆਰੀ ਜੀਵਨ-ਜਾਚ ਹੀ ਉਨ੍ਹਾਂ ਦੀ ਕਰਾਮਾਤੀ ਜੁਗਤ ਸੀ!

ਧਰਮ ਦਾ ਮੂਲਕ-ਅਰਥਭਾਵ ਸੰਸਾਰਿਕਤਾ, ਭਾਵ ਸੰਸਾਰਿਕ ਪ੍ਰਕਿਰਿਆਵਾਂ ਨਾਲ ਜੁੜਿਆ ਹੋਇਆ ਹੈ। ਸੰਸਾਰਿਕਤਾ ਸਿੱਧੇ ਰੂਪ ਵਿਚ ਕਾਦਰ-ਕਰਤੇ ਦੀ ਕੁਦਰਤ ਅਤੇ ਉਸਦੇ ਸੰਚਾਲਨ ਨੇਮਾਂ ਵਿਚੋਂ ਵੇਖੀ-ਭਾਲੀ ਜਾ ਸਕੀਦੀ ਹੈ। ਗੁਣਵੱਤਾ ਜੀਵਾਂ ਦੇ ਕੁਦਰਤੀ ਵਿਹਾਰ ਅਤੇ ਮਨੁੱਖਾਂ ਵੱਲੋਂ ਕੀਤੇ ਜਾ ਰਹੇ ਚੰਗੇ-ਮੰਦੇ ਕਰਮਾਂਚਾਰ ਅਨੁਸਾਰ ਆਂਕੀ ਜਾਵੇਗੀ। ਸਾਡੇ ਲਈ ਇਸ ਦਾ ਸਰਲ ਤੇ ਸਪਸ਼ਟ ਮਤਲਬ ਮਨੁੱਖੀ ਕਿਰਦਾਰ, ਕਰਤੱਵ, ਫਰਜ਼ਸ਼ਨਾਸੀ, ਇਨਸਾਫ਼, ਸਚੁ, ਹੱਕ ਨਿਆਂ ਵਾਸਤੇ ਪ੍ਰਤੀਬੱਧਤਾ ਤੇ ਦੂਸਰੇ ਨੈਤਿਕ ➡

# ਸੇਵਾ ਤੇ ਸਿਮਰਨ ਦੀ ਮੂਰਤ ਸ੍ਰੀ ਗੁਰੂ ਅਮਰ ਦਾਸ


ਡਾ. ਰਣਜੀਤ ਸਿੰਘ
94170-87328




ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਤੀਜੇ ਵਾਰਿਸ ਗੁਰੂ ਅਮਰਦਾਸ ਜੀ ਨੇ ਸੇਵਾ, ਸਿਮਰਨ ਅਤੇ ਸਮਾਜ ਸੁਧਾਰ ਦੀ ਜਿਹੜੀ ਮਹਾਨ ਪਿਰਤ ਪਾਈ ਉਹ ਸੰਸਾਰ 'ਚ ਲਾਸਾਨੀ ਹੈ। ਉਨ੍ਹਾਂ ਤੋਂ ਪਹਿਲਾਂ ਸੰਸਾਰ 'ਚ ਕੋਈ ਵੀ ਵਿਅਕਤੀ ਅਜਿਹਾ ਨਹੀਂ ਹੋਇਆ, ਜਿਸ ਨੇ ਆਪਣੇ ਮੁਰਸ਼ਦ ਦੀ 12 ਸਾਲ ਇਤਨੀ ਨਿਸ਼ਟਾ, ਲਗਨ ਅਤੇ ਨਿਰਵਿਘਨਤਾ ਨਾਲ ਸੇਵਾ ਕੀਤੀ ਹੋਵੇ। ਆਪਣੀ 'ਹਉਮੈ' ਅਤੇ 'ਮੈਂ' ਨੂੰ ਕਾਬੂ ਕਰਨ ਲਈ ਸੇਵਾ ਦੇ ਨਾਲ ਉਨ੍ਹਾਂ ਸਿਮਰਨ ਵੀ ਕੀਤਾ। ਇਹ ਆਖਿਆ ਜਾਂਦਾ ਹੈ ਕਿ ਇਨ੍ਹਾਂ 12 ਸਾਲਾਂ ਵਿਚ ਆਪਣੇ ਗੁਰੂ ਨੂੰ ਕਦੇ ਪਿੱਠ ਨਹੀਂ ਵਿਖਾਈ।

ਇਹੀ ਘਾਲਣਾ ਉਨ੍ਹਾਂ ਨੂੰ ਗੁਰਗੱਦੀ ਤੀਕ ਪਹੁੰਚਾਉਣ ਵਿਚ ਸਹਾਈ ਹੋਈ। ਗੁਰਗੱਦੀ ਦੀ ਪ੍ਰਾਪਤੀ ਪਿੱਛੋਂ ਵੀ ਉਹ ਲਗਾਤਾਰ ਸੇਵਾ ਅਤੇ ਸਿਮਰਨ ਕਰਦੇ ਰਹੇ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਗੁਰਗੱਦੀ ਦੀ ਪ੍ਰਾਪਤੀ ਪਿੱਛੋਂ ਸੇਵਾ ਸਿਮਰਨ ਕਿਉਂ ਕਰਨਾ ਹੈ? ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸੇਵਾ ਤੇ ਸਿਮਰਨ ਸਦਕਾ ਹੀ ਗੁਰਗੱਦੀ ਪ੍ਰਾਪਤ ਹੋਈ ਹੈ, ਇਨ੍ਹਾਂ ਤੋਂ ਮੁੱਖ ਮੋੜ ਮੈਂ ਅਕ੍ਰਿਤਘਣ ਕਿਵੇਂ ਬਣ ਸਕਦਾ ਹਾਂ। ਗੁਰੂ ਨਾਨਕ ਸਾਹਿਬ ਨੇ ਜਦੋਂ ਇਸ ਧਰਤੀ ਉੱਤੇ ਅਵਤਾਰ ਧਾਰਿਆ ਤਾਂ ਹਰ ਪਾਸੇ ਜਬਰ ਜ਼ੁਲਮ, ਊਚ-ਨੀਚ, ਜਾਤ-ਪਾਤ, ਛੂਆ-ਛੂਤ ਅਤੇ ਵਹਿਮਾਂ-ਭਰਮਾਂ ਦਾ ਹਨੇਰਾ ਪਸਰਿਆ ਹੋਇਆ ਸੀ। ਗੁਰੂ ਸਾਹਿਬ ਨੇ ਇਨ੍ਹਾਂ ਸਭਨਾਂ ਵਿਰੁੱਧ ਆਵਾਜ਼ ਬੁਲੰਦ ਕਰਕੇ ਸੰਸਾਰ 'ਚ ਇਕ ਨਵੇਂ ਇਨਕਲਾਬ ਦੀ ਨੀਂਹ ਰੱਖੀ। ਗੁਰੂ ਅਮਰਦਾਸ ਜੀ ਨੇ ਸੇਵਾ ਤੇ ਸਿਮਰਨ ਨਾਲ ਜਿਹੜਾ ਆਤਮ ਵਿਸ਼ਵਾਸ ਅਤੇ ਆਤਮ ਸ਼ਕਤੀ ਪ੍ਰਾਪਤ ਕੀਤੀ, ਉਸ ਦੇ ਸਹਾਰੇ ਗੁਰੂ ਨਾਨਕ ਦੇ ਮਿਸ਼ਨ ਨੂੰ ਪ੍ਰਚਾਰਨ, ਪ੍ਰਸਾਰਨ ਅਤੇ ਦੇਸ਼ 'ਚੋਂ ਊਚ-ਨੀਚ, ਨਾ ਬਰਾਬਰੀ, ਜਾਤ-ਪਾਤ ਅਤੇ ਵਹਿਮਾਂ-ਭਰਮਾਂ ਨੂੰ ਦੂਰ ਕਰਨ ਲਈ ਇਕ ਮੁਹਿੰਮ ਸ਼ੁਰੂ ਕੀਤੀ। ਗੋਇੰਦਵਾਲ ਸਾਹਿਬ ਨਗਰ ਵਸਾ ਇਸ ਨੂੰ ਆਪਣੀ ਮੁਹਿੰਮ ਦਾ ਮੁੱਖ ਕੇਂਦਰ ਬਣਾਇਆ। ਇਸੇ ਕਰਕੇ ਗੋਇੰਦਵਾਲ ਸਾਹਿਬ ਨੂੰ ਸਿੱਖੀ ਦਾ ਧੁਰਾ ਵੀ ਆਖਿਆ ਜਾਂਦਾ ਹੈ। ਗੁਰੂ ਜੀ ਨੇ ਆਪਣੇ ਮਿਸ਼ਨ ਦੇ ਪ੍ਰਚਾਰ ਲਈ 22 ਕੇਂਦਰ ਸਥਾਪਿਤ ਕੀਤੇ, ਜਿਨ੍ਹਾਂ ਨੂੰ ਮੰਜੀਆਂ ਆਖਿਆ ਗਿਆ। ਇਨ੍ਹਾਂ ਮੰਜੀਆਂ ਦੇ ਅੱਗੇ ਸਬ ਕੇਂਦਰ ਬਣਾਏ ਗਏ, ਜਿਨ੍ਹਾਂ ਨੂੰ ਪੀੜ੍ਹੀਆਂ ਦਾ ਨਾਂਅ ਦਿੱਤਾ ਗਿਆ। ਇਨ੍ਹਾਂ ਕੇਂਦਰਾਂ ਉੱਤੇ ਸੱਚੇ ਅਤੇ ਸੁੱਚੇ ਕਿਰਦਾਰ ਵਾਲੇ ਸਿੱਖਾਂ ਨੂੰ ਮੁੱਖ ਸੇਵਾਦਾਰ ਥਾਪਿਆ।

ਲੰਗਰ ਦੀ ਪ੍ਰਥਾ ਭਾਵੇਂ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਕੀਤੀ ਪਰ ਤੀਜੇ ਗੁਰੂ ਜੀ ਨੇ ਸੰਗਤ ਅਤੇ ਪੰਗਤ ਨੂੰ ਨਾਲ ਜੋੜ ਕੇ ਛੂਤ-ਛਾਤ, ਜਾਤ-ਪਾਤ ਅਤੇ ਊਚ-ਨੀਚ ਨੂੰ ਦੂਰ ਕਰਨ ਦਾ ਵਸੀਲਾ ਬਣਾਇਆ। ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਹਰੇਕ ਵਿਅਕਤੀ ਨੂੰ ਭਾਵੇਂ ਉਸ ਦਾ ਰੁਤਬਾ ਜਾਂ ਜਾਤ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ, ਸੰਗਤ ਦੇ ਨਾਲ ਪੰਗਤ ਵਿਚ ਬੈਠ ਲੰਗਰ ਛਕਣਾ ਪੈਂਦਾ ਸੀ। ਬਾਦਸ਼ਾਹ ਅਕਬਰ ਜਦੋਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਨੂੰ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ। ਗੁਰੂ ਜੀ ਦੇ ਆਰੰਭੇ ਕਾਰਜਾਂ ਤੋਂ ਬਾਦਸ਼ਾਹ ਅਕਬਰ ਏਨਾ ਪ੍ਰਭਾਵਿਤ ਹੋਇਆ ਕਿ ਉਸ ਸੋਨੇ ਦੀਆਂ ਪੰਜ ਮੋਹਰਾਂ ਰੱਖ ਗੁਰੂ ਜੀ ਨੂੰ ਮੱਥਾ ਟੇਕਿਆ। ਉਹ ਗੁਰੂ ਜੀ ਨੂੰ ਇਕ ਵੱਡੀ ਜਗੀਰ ਦੇਣਾ ਚਾਹੁੰਦਾ ਸੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ ਕਿਉਂਕਿ ਗੁਰੂ ਜੀ ਕੁਝ ਵੀ ਆਪਣਾ ਨਹੀਂ ਰੱਖਣਾ ਚਾਹੁੰਦੇ ਸਨ। ਉਹ ਤਾਂ ਰਾਤ ਭਾਂਡੇ ਵੀ ਮੂਧੇ ਮਾਰ ਕੇ ਸੌਂਦੇ ਸਨ ਤਾਂ ਜੋ ਕੁਝ ਹੋਣ ਦਾ ਅਹਿਸਾਸ ਹਉਮੈ ਨੂੰ ਜਨਮ ਨਾ ਦੇ ਸਕੇ।

ਗੁਰੂ ਜੀ ਨੇ ਔਖੇ ਕਰਮ ਕਾਂਡਾਂ ਤੋਂ ਲੋਕਾਂ ਨੂੰ ਮੁਕਤੀ ਦਿਵਾਈ। ਇੱਥੋਂ ਤੀਕ ਕਿ ਵਿਆਹ ਦੇ ਲੰਬੇ ਚੌੜੇ ਕਰਮ ਕਾਂਡਾਂ ਨੂੰ ਸਮਾਪਤ ਕਰਕੇ ਅਨੰਦ ਕਾਰਜ ਦੀ ਰੀਤ ਚਲਾਈ। ਅਨੰਦ ਸਾਹਿਬ ਦੇ ਪਾਠ ਨਾਲ ਹੀ ਅਨੰਦ ਕਾਰਜ ਸੰਪੰਨ ਕੀਤਾ। ਇਸੇ ਤਰ੍ਹਾਂ ਮੌਤ ਸਮੇਂ ਰੋਣਾ-ਧੋਣਾ ਤੇ ਦੂਜੇ ਕਰਮ ਕਾਂਡਾਂ ਤੋਂ ਵੀ ਗੁਰੂ ਜੀ ਨੇ ਵਰਜਿਆ। ਉਨ੍ਹਾਂ ਆਪਣੀ ਸੰਗਤ ਨੂੰ ਹੁਕਮ ਕੀਤਾ ਕਿ ਮੇਰੇ ਚਲਾਣੇ ਸਮੇਂ ਕੇਵਲ ਗੁਰਬਾਣੀ ਦਾ ਕੀਰਤਨ ਕੀਤਾ ਜਾਵੇ।

ਗੁਰੂ ਜੀ 73 ਵਰ੍ਹਿਆਂ ਦੀ ਉਮਰ 'ਚ ਗੁਰਗੱਦੀ ਉੱਤੇ ਬੈਠੇ ਸਨ। ਆਪ 95 ਸਾਲ ਦੀ ਆਯੂ ਵਿਚ ਜੋਤੀ ਜੋਤ ਸਮਾ ਗਏ। ਇਸ ਬਿਰਧ ਅਵਸਥਾ ਵਿਚ ਵੀ 22 ਸਾਲ ਉਨ੍ਹਾਂ ਕੌਮ ਨੂੰ ਇਕ ਨਵੀਂ ਜ਼ਿੰਦਗੀ ਬਖ਼ਸ਼ੀ। ਉਹ ਨਿਮਾਣਿਆਂ ਦੇ ਮਾਣ, ਨਿਓਟਿਆਂ ਦੀ ਓਟ ਅਤੇ ਨਿਤਾਣਿਆਂ ਦੇ ਤਾਣ ਬਣੇ। ਲੋਕਾਂ ਨੂੰ ਊਚ-ਨੀਚ, ਵਹਿਮਾਂ-ਭਰਮਾਂ ਅਤੇ ਕਰਮ ਕਾਂਡਾਂ ਵਿਚੋਂ ਕੱਢ ਉੱਚਾ ਅਤੇ ਸੁੱਚਾ ਜੀਵਨ ਜੀਉਣ ਦੀ ਜਾਚ ਸਿਖਾਈ, ਜਿਸ ਵਿਚ ਸਾਰੇ ਬਰਾਬਰ ਸਮਝੇ ਗਏ।

-0-

➡ ਸਦਗੁਣਾਂ ਨੂੰ ਅਮਲ ਵਿਚ ਲਿਆਉਣਾ ਹੈ। ਧਰਮ ਦੇ ਨਿਯਮਾਂ ਬਾਰੇ ਜਾਣਕਾਰ ਹੋਣ ਨਾਲ ਹੀ ਕੋਈ, ਧਰਮੀ ਨਹੀਂ ਬਣ ਜਾਂਦਾ ਜਦ ਤੱਕ ਕਿ ਧਰਮ ਨੂੰ ਆਪਣੇ ਕਿਰਦਾਰ ਦਾ ਅਨਿੱਖੜਵਾਂ ਅੰਗ ਨਾਂਹ ਬਣਾਇਆ ਜਾਵੇ, ਭਾਵ ਇਹਨਾਂ ਨੇਮਾਂ ਦਾ ਜ਼ਿੰਦਗੀ ਵਿਚ ਅਮਲਾਇਆ ਜਾਣਾ ਵਧੇਰੇ ਮਹੱਤਵਪੂਰਣ ਹੈ। ਇਸ ਨੂੰ ਹੀ ਧਰਮ ਦੀ ਕਮਾਈ ਆਖਿਆ ਜਾਂਦੈ। ਧਰਮ ਦੇ ਨੇਮ ਬਿਲਕੁਲ ਸਾਦਾ ਸਰਲ ਤੇ ਸੌਖਿਆਂ ਹੀ ਸਾਰਿਆਂ ਨੂੰ ਸਮਝ ਆਉਂਦੇ ਹਨ। ਕਿਉਂਕਿ ਇਹ ਸੱਚੇ ਹਨ ਤੇ ਸੱਚਾਈ ਇੱਕੋ ਹੀ ਹੁੰਦੀ ਏ, ਇਸ ਕਰਕੇ ਧਰਮ-ਕਰਮ ਵੀ ਇਕ ਤੋਂ ਵੱਧ ਗਿਣਤੀ ਵਾਲਾ ਨਹੀਂ ਹੋ ਸਕਦਾ। ਅਧੂਰੇ ਸੱਚ, ਮਿਲਾਵਟੀ ਸੱਚ ਜਾਂ ਅੱਡੋ-ਅੱਡਰੇ ਮੱਤ-ਮਤਾਂਤਰਾਂ ਨੂੰ ਸੱਚੇ-ਧਰਮ ਦਾ ਵਿਕ੍ਰਿਤ-ਰੂਪ ਹੀ ਆਖਣਾ ਪਏਗਾ। **ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥** (੪੮੮)

ਇਹੋ ਸੰਤ ਕਾ ਮਾਰਗ ਅਤੇ ਧਰਮ ਕੀ ਪਉੜੀ ਹੈ। ਇਸ ਪਉੜੀ ਦੇ ਉਪਰਲੇ ਟੰਬੇ 'ਅਧਿਆਤਮਵਾਦ' ਨੂੰ ਜਾ ਅਪੜਦੇ ਹਨ। ਅਧਿਆਤਮਵਾਦ, ਆਤਮਾ-ਪ੍ਰਮਾਤਮਾ ਤੇ ਪ੍ਰਕ੍ਰਿਤੀ ਇਨ੍ਹਾਂ ਤਿੰਨਾਂ ਦੇ ਆਪਸੀ ਸਬੰਧਾਂ, ਜੀਵਨ ਦਾ ਸਦੀਵੀ ਨਿਰੰਤਰਤਾ-ਚਕ੍ਰ ਜਾਂ ਆਵਾਗਵਣ ਅਤੇ ਮੋਕਸ਼ ਅਰਥਾਤ ਮੁਕਤ-ਪਦ ਆਦਿਕ ਰਹੱਸਮਈ ਵਿਸ਼ਿਆ ਨੂੰ ਆਪਣੇ ਵਿਚ ਸਮੋਈ ਬੈਠਾ ਹੈ। ਆਮ ਲੋਕਾਈ ਵਾਸਤੇ ਦਿਲਚਸਪੀ ਭਰੇ ਹੋਣ ਦੇ ਬਾਵਜੂਦ ਇਨ੍ਹਾਂ ਰਹੱਸਮਈ ਮਜ਼ਮੂਨਾਂ ਦੀ ਜਾਣਕਾਰੀ ਅਸਾਨ ਨਹੀਂ। ਇਸੇ ਕਾਰਣ ਅਖੌਤੀ ਬ੍ਰਾਹਮਣ ਜਾਂ ਬ੍ਰਹਮਗਿਆਨੀ, ਧਰਮ ਦਾ ਲਿਬਾਸ ਪਾ ਕੇ ਅਨਪੜ੍ਹ ਜਨਤਾ ਨੂੰ ਭਰਮਾਂ-ਵਹਿਮਾਂ ਵਿਚ ਉਲਝਾਉਂਦਿਆਂ ਆਪਣੇ ਕਰਮਕਾਂਡੀ ਵਪਾਰ ਨੂੰ ਸਿਖਰਾਂ ਤੱਕ ਪਹੁੰਚਾਉਂਣ ਵਿਚ ਕਾਮਯਾਬ ਹੋ ਰਹੇ ਨੇ। ਅਜੋਕਾ ਬਹੁਰੂਪੀਆ-ਬ੍ਰਾਹਮਣਵਾਦ, ਸੱਚ-ਧਰਮ ਦੇ ਸੰਸਾਰਕ-ਸੰਵਿਧਾਨ ਦੇ ਸਿਧਾਂਤਾਂ ਸੰਬਧੀ ਮੌਨ ਧਾਰਦਾ ਹੋਇਆ, ਮਰਣੋਪਰਾਂਤ ਪੁੰਨਾਂ-ਪਾਪਾਂ ਦੇ ਭੰਬਲਭੂਸਿਆਂ ਨੂੰ ਗਿਣਤੀ-ਮਿਣਤੀ ਦੇ ਮੰਤ੍ਰ-ਪਾਠਾਂ ਤੇ ਅਨੁਸ਼ਠਾਨਾਂ ਵਿਚ ਸ਼ਰਧਾਲੂ ਸੰਗਤਾਂ ਦਾ ਕੀਮਤੀ ਸਮਾਂ ਤੇ ਸਰਮਾਇਆ ਬਰਬਾਦ ਕਰਵਾ ਰਿਹੈ। ਇਸ ਦੇ ਨਤੀਜੇ ਵਜੋਂ ਸੰਸਾਰਿਕਤਾ ਦੀ ਮੂਲਕ ਸੱਚਾਈ ਹਾਸ਼ੀਏ ਤੇ ਸੁੱਟ ਦਿੱਤੀ ਗਈ ਹੈ ਅਤੇ ਧਰਮ ਦੇ ਮੁਹਾਂਦਰੇ ਨੂੰ ਫ਼ੈਸ਼ਨੇਬਲ ਤਿਲਿਸਮੀ, ਮਹਿਜ਼-ਨੁਮਾਇਸ਼ੀ ਤੇ ਮਨੁੱਖੀ ਭਾਈਚਾਰੇ ਦੇ ਅੰਤਰਗਤਿ ਵੈਰ-ਵਿਰੋਧਾਂ ਦਾ ਪੱਥਰੀਲਾ ਬੁੱਤ ਬਣਾ ਦਿੱਤਾ ਗਿਐ:- **ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ॥**

ਸਿਰੀ ਰਾਗੁ ਮਹਲਾ ੧ ਦੇ ਅੰਤਰਗਤਿ ਗੁਰੂ ਨਾਨਕ ਸਾਹਿਬ ਜੀ ਦਾ ਨਿਰਣਾਇਕ ਫ਼ੁਰਮਾਨ ਇਉਂ ਦਰਜ ਹੈ: **ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥** (੬੨)

-0-

# ਧੰਨੁ ਧੰਨੁ ਰਾਮਦਾਸ ਗੁਰ

ਨਿਮਰਤਾ ਦੀ ਸਾਖਿਆਤ ਮੂਰਤ ਵਿਦਿਆ ਕਲਾ, ਸੰਗੀਤ ਅਤੇ ਦਇਆ ਪ੍ਰੇਮ ਤੇ ਉਦਾਰਤਾ ਦੇ ਪ੍ਰਤੀਕ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ਬਾਜ਼ਾਰ ਚੂਨਾ ਮੰਡੀ ਵਿਖੇ 9 ਅਕਤੂਬਰ 1534 ਨੂੰ ਹੋਇਆ।ਆਪ ਜੀ ਦੇ ਪਿਤਾ ਬਾਬਾ ਹਰਿਦਾਸ ਜੀ ਤੇ ਮਾਤਾ ਦਇਆ ਕੌਰ ਜੀ ਸਨ। ਮਾਤਾ ਪਿਤਾ ਦਾ ਪਹਿਲਾ ਪੁੱਤਰ ਹੋਣ ਕਰਕੇ ਆਪ ਦਾ ਨਾਂ ਜੇਠਾ ਪੈ ਗਿਆ। ਆਪ ਜੀ ਦਾ ਇੱਕ ਭਰਾ ਹਰਿਦਿਆਲ ਤੇ ਭੈਣ ਰਾਮਦਾਸੀ ਸੀ। ਛੋਟੇ ਹੁੰਦਿਆਂ ਜੇਠਾ ਜੀ ਅਡੋਲ ਚਿੱਤ, ਧੀਰਜਵਾਨ ਧਰਮ ਸਰੂਪ ਸਨ, ਦੇਣ ਤੇ ਵੰਡਣ ਦੀ ਰੁਚੀ ਬਚਪਨ ਤੋਂ ਹੀ ਸੀ।

ਸਾਧੂ ਸੰਤ ਮਹਾਤਮਾ ਫਕੀਰ ਜਿਸ ਨੂੰ ਵੀ ਦੇਖਦੇ ਸਨ ਘਰ ਲੈ ਆਉਂਦੇ ਸਨ ਉਸ ਦੀ ਲੋੜ ਪੂਰੀ ਕਰਦੇ ਸਨ। ਜਦ ਆਪਣੇ ਸਾਥੀਆਂ ਨਾਲ ਖੇਡਦੇ ਸਨ ਤਾਂ ਵੀ ਭਗਤੀ ਭਾਵ ਦੀਆਂ ਗੱਲਾਂ ਕਰਦੇ ਸਨ। ਹੱਸਦੇ ਖੇਡਦੇ ਬਾਲਕ ਜੇਠਾ ਜੀ ਦਾ ਵਾਹ ਦੁੱਖਾਂ ਤੇ ਗਰੀਬੀ ਨਾਲ ਪੈ ਗਿਆ। ਪੰਜ ਸਾਲ ਦੀ ਉਮਰ ਵਿੱਚ ਮਾਤਾ ਜੀ ਚੜ੍ਹਾਈ ਕਰ ਗਏ। ਸੱਤ ਸਾਲ ਦੀ ਉਮਰ ਵਿੱਚ 1541 ਵਿੱਚ, ਪਿਤਾ ਦਾ ਸਾਇਆ ਸਿਰੋਂ ਉੱਠ ਗਿਆ। ਸੰਸਾਰੀ ਤੌਰ ਤੇ ਇਹ ਇੱਕ ਅਸਹਿ ਸੱਟ ਸੀ ਪਰ ਆਪ ਅਡੋਲ ਰਹੇ।ਆਪਦੀ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ। ਬਾਸਰਕੇ ਗੁਰੂ ਅਮਰਦਾਸ ਜੀ ਵੀ ਆਪ ਨੂੰ ਮਿਲੇ। ਧੀਰਜ ਤੇ ਹੌਂਸਲਾ ਦਿੱਤਾ ਬਾਸਰਕੇ ਆ ਕੇ ਆਪ ਨੇ ਛੋਟੀ ਉਮਰੇ ਘੁੰਗਣੀਆਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਪੰਜ ਸਾਲ ਨਾਨੀ ਕੋਲ ਰਹੇ ਅਤੇ ਇਹੀ ਕਿਰਤ ਜਾਰੀ ਰੱਖੀ।ਗੁਰੂ ਅਮਰਦਾਸ ਜੀ ਜਦੋਂ ਵੀ ਬਾਸਰਕੇ ਆਉਂਦੇ ਤਾਂ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਨੇ ਤੇ ਇਸ ਤਰ੍ਹਾਂ ਦੋਹਾਂ ਦੀ ਸਾਂਝ ਬਣੀ ਰਹੀ।1546 ਈ: ਵਿੱਚ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਹੁਕਮ ਨਾਲ ਗੋਇੰਦਵਾਲ ਵਸਾਇਆ ਤਾਂ (ਗੁਰੂ) ਅਮਰਦਾਸ ਜੀ ਆਪਣੇ ਕਈ ਜਾਣਕਾਰਾਂ ਨੂੰ ਗੋਇੰਦਵਾਲ ਨਾਲ ਲੈ ਆਏ। ਜੇਠਾ ਜੀ ਵੀ ਆਪਣੀ ਨਾਨੀ ਸਮੇਤ ਆ ਗਏ। ਉਸ ਸਮੇਂ ਆਪ ਦੀ ਉਮਰ 12 ਸਾਲ ਦੀ ਸੀ। ਗੋਇੰਦਵਾਲ ਆ ਕੇ ਵੀ ਘੁੰਗਣੀਆਂ ਵੇਚਣ ਦਾ ਕੰਮ ਜਾਰੀ ਰੱਖਿਆ ਕੁਝ ਸਮਾਂ ਕੱਢ ਕੇ ਗੁਰੂ ਸੰਗਤ ਦੀ ਸੇਵਾ ਕਰਦੇ ਜੇਠਾ ਜੀ ਦੀ ਗੁਰੂ ਘਰ ਪ੍ਰਤੀ ਅਤੇ ਗੁਰਮਤਿ ਬਾਰੇ ਪਿਆਰ ਵਧਦਾ ਗਿਆ।

ਜਦੋਂ ਗੁਰੂ ਅੰਗਦ ਸਾਹਿਬ ਜੀ ਨੇ 1552 ਈ: ਵਿੱਚ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਸੌਂਪ ਦਿੱਤੀ। ਉਸ ਤੋਂ ਬਾਅਦ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਆ ਗਏ ਇੱਥੇ ਹੀ ਸਿੱਖੀ ਦਾ ਪ੍ਰਚਾਰ ਹੋਣ ਲੱਗਾ। ਜਿਸ ਤਰ੍ਹਾਂ ਪਹਿਲਾਂ ਸੰਗਤਾਂ ਖਡੂਰ ਸਾਹਿਬ ਇਕੱਤਰ ਹੁੰਦੀਆਂ ਸਨ ਹੁਣ ਗੋਇੰਦਵਾਲ ਸਾਹਿਬ ਆਉਣ ਲੱਗ ਪਈਆ। ਜੇਠਾ ਜੀ ਦਾ ਬਹੁਤਾ ਸਮਾਂ ਸੰਗਤਾਂ ਦੀ ਸੇਵਾ ਵਿੱਚ ਬਤੀਤ ਹੁੰਦਾ। ਆਪਣੀ ਕਿਰਤ ਕਾਰ ਵੀ ਕਰਦੇ ਸਨ ਆਪ ਇੱਕ ਸੱਚੇ ਸਿੱਖ ਦੇ ਰੂਪ ਵਿੱਚ **'ਘਾਲਿ ਖਾਇ ਕਿਛੁ ਹਥਹੁ ਦੇਇ'** ਦੇ ਮਹਾਨ ਉਪਦੇਸ਼ ਅਨੁਸਾਰ ਜੀਵਨ ਜੀ ਰਹੇ ਸਨ।ਜੇਠਾ ਜੀ ਦੇ ਜੀਵਨ ਢੰਗ ਨੇ ਗੁਰੂ ਅਮਰਦਾਸ ਜੀ ਦਾ ਮਨ ਤਾਂ ਪਹਿਲਾਂ ਹੀ ਮੋਹ ਲਿਆ ਸੀ 12-13 ਸਾਲਾਂ ਦੀ ਸਾਂਝ ਨੇ ਇਹ ਸਿੱਧ ਕਰ ਦਿੱਤਾ ਸੀ ਕਿ ਜੇਠਾ ਜੀ ਗੁਰਸਿੱਖੀ ਦੇ ਮਾਰਗ ਦੀਆਂ ਪਉੜੀਆਂ ਸਹਿਜੇ ਹੀ ਚੜਦੇ ਜਾ ਰਹੇ ਸਨ। ਉਹਨਾਂ ਦੇ ਅਜਿਹੇ ਜੀਵਨ ਨੂੰ ਵੇਖਕੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਸੰਨ 1553 ਵਿੱਚ ਜੇਠਾ ਜੀ ਨਾਲ ਕਰ ਦਿੱਤਾ। ਇਹ ਜੋੜੀ ਹੈ ਵੀ ਬੜੀ ਆਦਰਸ਼ਕ ਸੀ। ਜਿੱਥੇ ਜੇਠਾ ਜੀ ਗੁਰਮਤਿ-ਗੁਣਾਂ ਨਾਲ ਭਰਪੂਰ ਸਨ ਉਥੇ ਬੀਬੀ ਭਾਨੀ ਜੀ ਵੀ ਗੁਰੂ ਉਪਦੇਸ਼ਾਂ ਦੀ ਕਮਾਈ ਕਰਨ ਵਾਲੇ ਸਨ। ਬੀਬੀ ਜੀ ਸੁਭਾਅ ਦੇ ਅਤਿ ਸੁਸ਼ੀਲ, ਸੰਜਮੀ, ਨਿਮਰਤਾ ਵਾਲੇ ਉੱਚੀ ਬੁੱਧੀ ਦੇ ਮਾਲਕ ਸਨ। ਜਦੋਂ ਗੁਰੂ ਅਮਰਦਾਸ ਜੀ ਸੰਨ 1533 ਵਿੱਚ ਗੁਰਮਤਿ ਪ੍ਰਚਾਰ ਦੌਰੇ ਹਰਿਦੁਆਰ ਤੇ ਹਿੰਦੂ ਤੀਰਥਾਂ ਵੱਲ ਗਏ ਤਾਂ ਸਿੱਖ ਸੰਗਤਾਂ ਤੋਂ ਬਿਨਾਂ ਗੁਰੂ ਰਾਮਦਾਸ ਜੀ ਵੀ ਨਾਲ ਗਏ ਸਨ। ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਪਾਪ ਨਹਾਉਣ ਨਾਲ ਨਹੀਂ ਖਤਮ ਹੁੰਦੇ ਵਿਕਾਰਾਂ ਨੂੰ ਖਤਮ ਕਰਕੇ ਚੰਗੇ ਕੰਮ ਕਰਨ ਨਾਲ ਹੀ ਹੁੰਦੇ ਹਨ। ਸਿੱਖ ਸਤਿਗੁਰੂ ਦੀ ਧਰਮ ਪ੍ਰਚਾਰ ਨੇ ਬ੍ਰਾਹਮਣੀ ਮੱਤ ਦੇ ਵਿਸ਼ਵਾਸ ਦੇ ਖੋਖਲੇਪਨ ਨੂੰ ਲੋਕਾਂ ਸਾਹਮਣੇ ਚੰਗੀ ਤਰ੍ਹਾਂ ਉਘਾੜ ਕੇ ਰੱਖ ਦਿੱਤਾ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਬ੍ਰਾਹਮਣਾਂ ਦੇ ਜੂਲੇ ਹੇਠੋਂ ਨਿਕਲ ਕੇ ਗੁਰਮਤਿ ਦੇ ਧਾਰਨੀ ਬਣ ਰਹੇ ਸਨ। ਲੋਕਾਂ ਦੇ ਦਾਨ ਨਾਲੋਂ ਮੌਜਾਂ ਮਾਣਨ ਵਾਲੇ ਬ੍ਰਾਹਮਣਾਂ ਲਈ ਇਹ ਬੜੀ ਖਾਮੋਸ਼ੀ ਵਾਲੀ ਗੱਲ ਸੀ ਉਹ ਕਿਵੇਂ ਨਾ ਕਿਵੇਂ ਗਲਤ ਗੱਲਾਂ ਨਾਲ ਗੁਰੂ ਅਮਰਦਾਸ ਜੀ ਬਾਰੇ ਲਾਹੌਰ ਦੇ ਦਰਬਾਰ ਵਿੱਚ ਜਾ ਕੇ ਸ਼ਿਕਾਇਤ ਕੀਤੀ। ਲਾਹੌਰ ਦਾ ਗਵਰਨਰ ਖਿਜ਼ੂਰ ਖਵਾਜਾ ਖਾਨ ਤਹਿਕੀਕਾਤ ਕਰਨ ਗੋਇੰਦਵਾਲ ਆਇਆ।



**ਗੁਰਦੁਆਰਾ ਜਨਮ ਅਸਥਾਨ**
**ਚੂਨਾ ਮੰਡੀ, ਲਾਹੌਰ ਪਾਕਿਸਤਾਨ**



**ਬੀਬੀ ਰਜਿੰਦਰ ਕੌਰ**
**98774-73171**

ਜਦੋਂ ਉਸਨੂੰ ਅਸਲੀਅਤ ਦਾ ਪਤਾ ਲੱਗਿਆ ਤਾਂ ਉਸਨੇ ਸ਼ਿਕਾਇਤ ਕਰਨ ਵਾਲਿਆਂ ਨੂੰ ਅਕਬਰ ਦੇ ਦਰਬਾਰ ਭੇਜ ਦਿੱਤਾ। ਜਦੋਂ ਸੰਨ 1556 ਵਿੱਚ ਅਕਬਰ ਬਾਦਸ਼ਾਹ ਲਾਹੌਰ ਆਇਆ ਤਾਂ ਜਾਤ ਅਭਿਮਾਨੀਆਂ ਨੇ ਸ਼ਿਕਾਇਤਨਾਮਾ ਅਕਬਰ ਦਰਬਾਰ ਵਿੱਚ ਪੇਸ਼ ਕੀਤਾ। ਬਾਦਸ਼ਾਹ ਪੂਰੀ ਜਾਂਚ ਪੜਤਾਲ ਤੋਂ ਬਿਨਾਂ ਇੱਕ ਪਾਸੜ ਫੈਸਲਾ ਨਹੀਂ ਦੇਣਾ ਚਾਹੁੰਦਾ ਤਾਂ ਉਸਨੇ ਗੁਰੂ ਅਮਰਦਾਸ ਜੀ ਨੂੰ ਸੁਨੇਹਾ ਭਿਜਵਾਇਆ ਕਿ ਸ਼ਿਕਾਇਤਾ ਦਾ ਨਿਰਣਾ ਕਰਨ ਲਈ ਗੁਰੂ ਜੀ ਜਾ ਤਾਂ ਆਪ ਦਰਸ਼ਨ ਦੇਣ ਜਾਂ ਕਿਸੇ ਪ੍ਰਤੀਨਿਧ ਨੂੰ ਭੇਜਣ। ਗੁਰੂ ਅਮਰਦਾਸ ਜੀ ਨੇ ਗੁਰਮਤਿ ਦਾ ਪੱਖ ਪੇਸ਼ ਕਰਨ ਲਈ ਸਭ ਤੋਂ ਯੋਗ (ਗੁਰੂ) ਰਾਮਦਾਸ ਜੀ ਨੂੰ ਭੇਜਿਆ ਨਾਲ ਬਾਬਾ ਬੁੱਢਾ ਜੀ ਤੇ ਹੋਰ ਸਿੱਖ ਵੀ ਗਏ।ਭਾਈ ਜੇਠਾ ਜੀ ਜੀ ਨੇ ਇੱਕ ਇੱਕ ਸ਼ਿਕਾਇਤ ਦਾ ਦਲੀਲ ਭਰਪੂਰ ਉੱਤਰ ਦਿੱਤਾ ਅਤੇ ਸਿਧਾਂਤਾਂ ਦੀ ਅਜਿਹੀ ਵਿਆਖਿਆ ਕੀਤੀ ਕਿ ਦਰਬਾਰੀ ਵਿਦਵਾਨਾਂ ਦੀ ਪੂਰੀ ਸੰਤੁਸ਼ਟੀ ਹੋ ਗਈ ਤੇ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨੇ ਚਾਹੇ ਉਹ ਗੁਰੂ ਦਰਬਾਰ ਵਿੱਚ ਹਾਜ਼ਰ ਹੋਇਆ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ ਬਹੁਤ ਪ੍ਰਭਾਵਿਤ ਹੋਇਆ।

ਭਾਈ ਜੇਠਾਜੀ ਗੁਰੂ ਅਮਰਦਾਸ ਜੀ ਦੇ ਭਾਵੇਂ ਰਿਸ਼ਤੇ ਵਿੱਚ ਜਵਾਈ ਲੱਗਦੇ ਸਨ ਪਰ ਸਭ



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**

ਦੁਨਿਆਵੀ ਰਿਸ਼ਤੇ ਭੁਲਾ ਕੇ ਗੁਰੂ ਦੇ ਸਿੱਖ ਹੋ ਕੇ ਸੇਵਾ ਕਰਦੇ ਰਹੇ। ਬਾਕੀ ਸਿੱਖਾਂ ਵਾਂਗ ਟੋਕਰੀ ਢੋਣ ਗਾਰੇ ਮਿੱਟੀ ਚੂਨੇ ਦੀ ਸੇਵਾ ਦਾ ਕੰਮ ਕੀਤਾ। ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਨੂੰ ਵਧਦਾ ਦੇਖ ਕੇ ਫੈਸਲਾ ਕੀਤਾ ਕਿ ਨਵਾਂ ਪ੍ਰਚਾਰ ਕੇਂਦਰ ਬਣਾਇਆ ਜਾਵੇ। ਰਾਵੀ ਬਿਆਸ ਦਰਿਆਵਾਂ ਵਿਚਕਾਰਲਾ ਇਲਾਕਾ ਪਸੰਦ ਕਰਕੇ ਜਿੱਥੇ ਹੁਣ ਅੰਮ੍ਰਿਤਸਰ ਹੈ। ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰੂ ਕਾ ਚੱਕ ਵਸਾਉਣ ਦਾ ਕੰਮ ਸੌਂਪਿਆ। ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ 1570 ਵਿੱਚ ਨਗਰ ਦੀ ਨੀਂਹ ਰੱਖੀ। ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਪਹਿਲਾਂ ਸੰਤੋਖਸਰ ਦੀ ਖੁਦਾਈ ਆਰੰਭੀ ਹੋਰ ਸਰੋਵਰ ਵੀ ਸਥਾਪਿਤ ਕੀਤੇ। 1588 ਈ: ਵਿੱਚ ਜਦ ਅੰਮ੍ਰਿਤਸਰ ਸਰੋਵਰ ਤਿਆਰ ਹੋ ਗਿਆ ਤਾਂ ਇਸ ਸ਼ਹਿਰ ਦਾ ਨਾਮ ਅੰਮ੍ਰਿਤਸਰ ਪੈ ਗਿਆ। ਗੁਰੂ ਅਮਰਦਾਸ ਜੀ ਨੇ 16 ਸਤੰਬਰ 1574 ਵਿੱਚ ਸਾਰੀ ਸੰਗਤ ਤੇ ਆਪਣੇ ਸਾਰੇ ਪਰਿਵਾਰ ਦੇ ਸਾਹਮਣੇ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਿੱਤੀ ਤੇ ਗੁਰੂ ਨਾਨਕ ਸਾਹਿਬ ਜੀ ਗੁਰ ਅੰਗਦ ਜੀ ਤੇ ਆਪਣੀ ਗੁਰਬਾਣੀ ਤੇ ਭਗਤਾਂ ਦੀ ਬਾਣੀ ਦੀ ਪੋਥੀ ਗੁਰੂ ਰਾਮਦਾਸ ਜੀ ਨੂੰ ਬਖਸ਼ਿਸ਼ ਕਰ ਦਿੱਤੀ। ਜਦੋਂ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ ਤਾਂ ਆਪ ਵੈਰਾਗ ਵਿੱਚ ਬੋਲ ਉੱਠੇ ਪਾਤਸ਼ਾਹ ਤੁਸੀਂ ਆਪ ਜਾਣਦੇ ਹੋ ਮੈਂ ਲਾਹੌਰ ਦੀਆਂ ਗਲੀਆਂ ਵਿੱਚ ਕੱਖਾਂ ਵਾਂਗ ਰੁਲਣ ਵਾਲਾ ਸੀ। ਮੇਰੀ ਯਤੀਮ ਦੀ ਬਾਂਹ ਫੜਨ ਲਈ ਕੋਈ ਤਿਆਰ ਨਹੀਂ ਸੀ। ਪਾਤਸ਼ਾਹ! ਇਹ ਤੁਹਾਡੀ ਹੀ ਮਿਹਰ ਹੈ ਕਿ ਤੁਸੀਂ ਮੇਰੇ ਵਰਗੇ ਕੀੜੇ ਨੂੰ ਪਿਆਰ ਨਾਲ ਤੱਕਿਆ ਤੇ ਮੈਨੂੰ ਯਤੀਮ ਨੂੰ ਅੱਜ ਅਰਸ਼ਾਂ ਤੇ ਪਹੁੰਚਾ ਦਿੱਤਾ ਹੈ। ਇੰਝ ਬਿਆਨ ਕੀਤਾ ਹੈ:-

**"ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ,**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥"**
**(ਗਉੜੀ ਬੈਰਾਗਿਣ, ਮਹਲਾ 4, 167)**

ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਜੀ ਦੇ ਤਿੰਨ ਪੁੱਤਰ ਸਨ। ਸਭ ਤੋਂ ਵੱਡਾ ਬਾਬਾ ਪ੍ਰਿਥੀ ਚੰਦ ਕੰਮ ਕਾਜ, ਆਮਦਨ ਖਰਚ, ਆਏ ਗਏ ਦੀ ਸੰਭਾਲ ਕਰਨ ਵਾਲਾ ਚੁਸਤ ਤੇ ਯੋਗ ਸੀ, ਪਰ ਆਤਮਕ ਗੁਣਾਂ ਤੋਂ ਸੱਖਣਾ ਸੀ। ਦੂਸਰੇ ਪੁੱਤਰ ਬਾਬਾ ਮਹਾਂਦੇਵ ਜੀ ਮਸਤ ਸਾਧੂ ਸੁਭਾਅ ਵਾਲੇ ਸਨ ਬਹੁਤੇ ਸੰਸਾਰੀ ਕੰਮ ਕਾਰ ਵਿੱਚ ਰੁਚੀ ਨਹੀਂ ਸਨ ਰੱਖਦੇ। ਤੀਸਰੇ ਪੁੱਤਰ(ਗੁਰੂ)ਅਰਜਨ ਸਾਹਿਬ ਜੀ ਵਿੱਚ ਗੁਰਸਿੱਖੀ ਵਾਲੇ ਸਾਰੇ ਗੁਣ ਸਨ। ਉਹ ਹਰ ਤਰ੍ਹਾਂ ਲਾਇਕ ਸਨ। ਜਦੋਂ ਗੁਰੂ ਰਾਮਦਾਸ ਜੀ ਨੇ ਗੁਰਿਆਈ ਦੀ ਜਿੰਮੇਵਾਰੀ ਗੁਰੂ ਅਰਜਨ ਸਾਹਿਬ ਜੀ ਨੂੰ ਬਖਸ਼ ਦਿੱਤੀ। ਪ੍ਰਿਥੀ ਚੰਦ ਨਰਾਜ ਹੋ ਗਿਆ। ਗੁਰੂ ਸਾਹਿਬ ਜੀ ਨੇ ਦੁਨਿਆਵੀ ਜੀਵਾਂ ਨੂੰ ਸਮਝਾਇਆ ਕਿ ਧਨ ਦੀ ਖਾਤਰ ਪਿਤਾ ਪ੍ਰਭੂ ਜੀ ਨਾਲ ਲੜਨਾ ਠੀਕ ਨਹੀਂ। ਗੁਰੂ ਦੇ ਉਪਦੇਸ਼ ਨੂੰ ਮੰਨਣਾ ਚਾਹੀਦਾ ਹੈ। ਗੁਰੂ ਸਾਹਿਬ ਸ਼ਬਦ ਰਾਹੀ ਬਿਆਨ ਪ੍ਰਭੂ ਜੀ ਕਰਦੇ ਹਨ:-

**"ਕਾਹੇ ਪੂਤ ਝਗਰਤ, ਹਉ ਸੰਗਿ ਬਾਪ ॥**
**ਜਿਨ ਕੇ ਜਣੇ ਬਡੀਰੇ ਤੁਮ ਹਉ,**
**ਤਿਨ ਸਿਉ ਝਗਰਤ ਪਾਪ ॥੧॥ ਰਹਾਉ ॥"**
**(ਰਾਗ ਸਾਰੰਗ,੧੨੦੦)**

ਗੁਰੂ ਰਾਮਦਾਸ ਜੀ ਨੇ ਮਾਝੇ ਵਿੱਚ ਸਿੱਖੀ ਦੇ ਪ੍ਰਚਾਰ ਲਈ ਮਸੰਦ ਪ੍ਰਥਾ ਕਾਇਮ ਕੀਤੀ। ਉੱਚੇ ਸੁੱਚੇ ਗੁਰਸਿੱਖ ਆਪਣੀ ਕਿਰਤ-ਕਾਰ ਕਰਦੇ ਮਸੰਦਾਂ ਦੀ ਸੇਵਾ ਨਿਭਾਉਣ ਲੱਗੇ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੀ ਬਾਣੀ 30 ਰਾਗਾਂ ਵਿੱਚ ਹੈ। 22 ਵਾਰਾਂ ਵਿੱਚੋਂ ਗੁਰੂ ਰਾਮਦਾਸ ਜੀ ਦੀਆਂ 8 ਵਾਰਾਂ ਹਨ, ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਰਾਹੀਂ ਸਮਝਾਇਆ ਕਿ ਸੱਚ ਤੇ ਚਲਦਿਆਂ ਤੇ ਪ੍ਰਭੂ ਪ੍ਰੇਮ ਦੀ ਸਿਫਤ ਸਲਾਹ ਕਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ।

**"ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ,**
**ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥"(563)**

ਪ੍ਰਭ ਨਾਲ ਅਭੇਦਤਾ ਪ੍ਰਾਪਤ ਕਰਨ ਮਗਰੋਂ ਪ੍ਰਾਪਤ ਹੋਏ ਗਿਆਨ ਨੂੰ ਗੁਰੂ ਬਾਣੀ ਰਾਹੀ ਪ੍ਰਗਟ ਕਰਦਾ ਹੈ ਇਸ ਬਾਣੀ ਨੂੰ ਸ਼ਬਦ ਕਿਹਾ ਹੈ:-

# ਕੌਣ ਕੌਣ ਮੰਨ ਕੇ ਚੱਲੇਗਾ...

**ਅਮਰਪ੍ਰੀਤ ਸਿੰਘ ਗੁੱਜਰਵਾਲ 94655-66666**

ਮੇਰੇ ਪਾਤਸ਼ਾਹ ਨੇ ਸਾਰਿਆਂ ਵਿਚੋਂ ਜਾਤ ਪਾਤ ਖਤਮ ਕਰਨ ਲਈ, ਗੁਰੂ ਕੇ ਲੰਗਰ ਦੀ ਪ੍ਰਥਾ ਜਾਰੀ ਰੱਖੀ, ਪਰ ਅੱਜ ਆਹ ਅਖੰਡ ਕੀਰਤਨੀਏਂ, ਟਕਸਾਲ ਵਾਲੇ ਬਬੇਕੀ ਗੁਰੂ ਸਾਹਿਬ ਜੀ ਦੀ ਸੰਗਤ ਵਿਚ ਬੈਠਕੇ ਆਪਣੇ ਹੀ ਸਿੱਖ ਭਰਾ ਦੇ ਹੱਥ ਦਾ ਪ੍ਰਸ਼ਾਦ ਲੈਣ ਤੋਂ ਨਾਂਹ ਕਰਦੇ ਨੇ, ਕੀ ਇਹ ਸਿੱਖ ਮਰਿਆਦਾ ਹੈ..?

ਗੁਰੂ ਸਾਹਿਬ ਜੀ ਨੇ ਸਤੀ ਪ੍ਰਥਾ ਬੰਦ ਕਰਾਈ, ਪਰ ਅੱਜ ਜੇ ਸਿੱਖ ( ਸਾਰੇ ਨਹੀਂ ) ਪੇਟ ਵਿਚ ਧੀ ਦਾ ਕਤਲ ਕਰਦਾ ਹੈ, ਕੀ ਅਸੀਂ ਉਸ ਨੂੰ ਗੁਰਬਾਣੀ ਪੜਨ ਵਾਲਾ ਸਿੱਖ ਮੰਨ ਲਈਏ..?

ਔਰਤ ਨੂੰ ਗੁਲਾਮ ਬਣਾਕੇ ਰੱਖਿਆ ਜਾਂਦਾ ਸੀ, ਉਸ ਨੂੰ ਆਪਣਾ ਚਿਹਰਾ ਲੁਕਾਕੇ ਸਮਾਜ ਵਿਚ ਤੁਰਨਾ ਪੈਂਦਾ ਸੀ, ਇਹ ਗੁਰੂ ਅਮਰਦਾਸ ਸਾਹਿਬ ਜੀ ਦੀ ਹੀ ਦੇਣ ਹੈ, ਜੋ ਅੱਜ ਸਾਡੀ ਭੈਣ ਅਜਾਦ ਹੋਕੇ ਸਮਾਜ ਵਿਚ ਰਹਿ ਰਹੀ ਹੈ...?

ਪਰ ਅੱਜ ਦੀ ਭੈਣ ਉਸੇ ਹੀ ਗੁਰੂ ਜੀ ਦੀ ਬਾਣੀ ਨੂੰ ਸਿਰ ਝੁਕਾਕੇ ਆਖਦੀ ਹੈ, ਮੈਂ ਤੇਰੀ ਗੱਲ ਨਹੀਂ ਮੰਨ ਸਕਦੀ, ਮੈਂ ਸਮਾਜ ਵਾਂਗ ਹੀ ਚੱਲਣਾ ਹੈ ਕਿਉਂਕਿ ਬਾਬਾ ਹੁਣ ਮੈਂ ਮਾਡਰਨ ਹੋ ਗਈ ਹਾਂ..?

# ਸ਼ਰਾਧ

ਲਉ ਜੀ ਫਿਰ ਤੋਂ ਸ਼ਰਾਧ ਸ਼ੁਰੂ ਹੋ ਗਏ ਹਨ, ਇਸ ਲਈ ਕਾਵਾਂ ਅਤੇ ਕੁੱਤਿਆਂ ਨੇ ਵੀ ਸ਼ਰਾਧਾਂ ਦੀ ਤਿਆਰੀ ਲਈ ਆਪਣੀ ਮੀਟਿੰਗ ਬੁਲਾ ਲਈ ਹੈ। ਕੁਝ ਅਖੌਤੀ ਸਾਡੇ ਵਾਲੇ ਬ੍ਰਾਹਮਣਾਂ ਨੇ ਵੀ ਕਹਾਣੀਆਂ ਘੜ ਲਈਆਂ ਨੇ ਗੁਰਦੁਆਰਿਆਂ ਦੀਆਂ ਸਟੇਜਾਂ ਤੇ ਸੁਣਾਉਣ ਲਈ। ਹੁਣ ਇਹ ਉਸ ਬਾਬੇ ਨਾਨਕ ਸਾਹਿਬ ਜੀ ਦਾ ਵੀ ਸ਼ਰਾਧ ਪੰਡਤਾਂ ਨੂੰ ਖਲਾਕੇ ਹਟਣਗੇ, ਜਿਸ ਨੇ ਆਪਣੀ ਰਚਨਾ ਰਾਹੀਂ ਇਹ ਸ਼ਬਦ ਉਚਾਰ ਕੇ ਸਮਾਜ ਨੂੰ ਸੱਚ ਧਰਮ ਦਾ ਹੋਕਾ ਦੇ ਕੇ ਆਖਿਆ ਸੀ ਕਿ ਇਹ ਸ਼ਰਾਧਾਂ ਰਾਹੀਂ ਦਿੱਤੀਆਂ ਵਸਤੂਆਂ ਉਪਰ ਮਰੇ ਹੋਇਆਂ ਕੋਲ ਨਹੀਂ ਪਹੁੰਚਦੀਆਂ ਸਗੋਂ ਪੁਜਾਰੀ ਹੀ ਗੱਫੇ ਛੱਕ ਜਾਂਦੇ ਨੇ। ਪੜੋ ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ (472) ਵਾਲਾ ਪੂਰਾ ਸ਼ਬਦ।

ਚੇਤੇ ਰਹੇ ਕਿ ਸ਼ਰਾਧਾਂ ਦੇ ਦਿਨਾਂ ਵਿੱਚ ਹਿੰਦੂ ਸਮਾਜ ਵਾਲੇ ਬ੍ਰਾਹਮਣਾਂ ਨੂੰ ਭੋਜਨ ਖਵਾਉਣ ਦੇ ਨਾਲ ਨਾਲ ਕਾਵਾਂ ਤੇ ਕਾਲੇ ਕੁੱਤਿਆਂ ਨੂੰ ਵੀ ਖਾਸ ਤੌਰ ਤੇ ਖਾਣਾ ਖਵਾਉਂਦੇ ਹਨ। ਤੁਹਾਨੂੰ ਪਤਾ ਹੀ ਹੈ ਫਿਰ ਸਾਡੇ ਵਾਲੇ ਵੀ ਪਿਛੇ ਥੋੜਾ ਰਹਿਣਗੇ, ਗੁਰੂ ਸਾਹਿਬ ਜੀ ਨੂੰ ਮੱਥਾ ਟੇਕ ਸਕਦੇ ਨੇ, ਪਰ ਮੰਨਣ ਵਾਲਾ ਪਾਸਾ ਅਤੇ ਦਿਮਾਗ ਵਾਲਾ ਖਾਨਾ ਦੋਵੇਂ ਖਰਾਬ ਜੋ ਹੋਏ ਪਏ ਨੇ ਬਾਬਿਆਂ ਕੋਲੋਂ ਕਹਾਣੀਆਂ ਸੁਣ ਕੇ।

-0-


**"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥"**
**(982)**

ਸਿੱਖੀ ਵਿੱਚ ਸੇਵਾ ਦਾ ਬਹੁਤ ਉੱਚਾ ਸਥਾਨ ਹੈ ਹੰਕਾਰ ਅਤੇ ਸੁਆਰਥ ਤੋਂ ਬਿਨਾਂ ਸੇਵਾ ਕਰਨੀ ਚਾਹੀਦੀ ਹੈ।

**"ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥"**

ਗੁਰੂ ਰਾਮਦਾਸ ਜੀ ਨੇ 16 ਸਤੰਬਰ ਸੰਨ 1581 ਨੂੰ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਿਆਈ ਬਖਸ਼ੀ। ਪਹਿਲੇ ਗੁਰੂਆਂ ਦੀ ਬਾਣੀ ਭਗਤਾਂ ਦੀ ਬਾਣੀ ਵੀ ਸੌਂਪ ਕੇ ਜੋਤੀ ਜੋਤ ਸਮਾ ਗਏ। -0-

# ਬਣੇ ਹਾਲਾਤ ਮੁਤਾਬਕ ਸਿੱਖ ਪੰਥ ਦਾ ਭਾਰਤ ਨਾਲ ਰਹਿਣ ਦਾ ਫੈਸਲਾ ਸਹੀ ਸੀ



## ਪਰ ਭਾਰਤੀ ਹੁਕਮਰਾਨਾਂ ਨੇ ਸਿੱਖਾਂ ਨੂੰ ਬਣਦਾ ਹੱਕ ਤੇ ਸਨਮਾਨ ਨਹੀਂ ਦਿੱਤਾ

– ਹਰਜਿੰਦਰ ਸਿੰਘ ਲਾਲ # 92168–60000 E-mail : hslall@ymail.com



ਦਗ਼ਾ ਫ਼ਰੇਬ ਸਿਤਮ ਕਤਲ-ਏ-ਆਮ ਕਯਾ-ਕਯਾ ਹੈ।
ਅਮੀਰ-ਏ-ਸ਼ਹਿਰ ਬਤਾ ਤੇਰਾ ਕਾਮ ਕਯਾ-ਕਯਾ ਹੈ।

ਖ਼ਾਲਿਦ ਆਜ਼ਮੀ ਦਾ ਇਹ ਸ਼ਿਅਰ ਮੈਨੂੰ ਉਸ ਵੇਲੇ ਯਾਦ ਆਇਆ ਜਦੋਂ ਭਾਰਤ-ਪਾਕਿ ਵੰਡ ਵੇਲੇ ਹੋਏ ਕਤਲੇਆਮ ਦੀ ਪੀੜ ਉਸ ਵੇਲੇ ਮਿਲੀ ਆਜ਼ਾਦੀ ਦੀ ਖ਼ੁਸ਼ੀ ਨਾਲੋਂ ਵੀ ਜ਼ਿਆਦਾ ਤਿੱਖੀ ਮਹਿਸੂਸ ਹੋਈ। ਹੈਰਾਨੀ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਵਿਚ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਤੇ ਪੰਜਾਬੀ ਕੌਮ ਨਾਲ ਸਭ ਤੋਂ ਵੱਧ ਦਗ਼ਾ/ਫ਼ਰੇਬ ਹੋਇਆ ਹੈ। ਹਾਲਾਂਕਿ ਉਪਰੋਕਤ ਸ਼ਿਅਰ ਆਜ਼ਾਦ ਹਿੰਦੁਸਤਾਨ ਦੇ ਅਮੀਰ-ਏ-ਸ਼ਹਿਰ (ਹੁਕਮਰਾਨ) ਨਾਲੋਂ ਗ਼ੁਲਾਮ ਭਾਰਤ ਦੇ ਅਮੀਰ-ਏ-ਸ਼ਹਿਰ 'ਤੇ ਜ਼ਿਆਦਾ ਢੁਕਵਾਂ ਹੈ। ਭਾਵੇਂ ਇਸ ਦਾ ਜ਼ਿਕਰ ਇਤਿਹਾਸ ਦੀਆਂ ਕਿਤਾਬਾਂ ਵਿਚ ਬਹੁਤਾ ਨਹੀਂ ਮਿਲਦਾ ਪਰ ਜਦੋਂ ਵੀ ਮੈਂ ਭਾਰਤ ਦੀ ਵੰਡ ਤੇ ਹਿਜਰਤ ਦਾ ਇਤਿਹਾਸ ਪੜ੍ਹਦਾ ਹਾਂ ਤਾਂ ਮੈਨੂੰ ਇਨ੍ਹਾਂ ਕਿਤਾਬਾਂ ਦੀਆਂ ਲਾਈਨਾਂ ਵਿਚ (ਇਨ ਬਿਟਵੀਨ ਦਾ ਲਾਈਨਜ਼) ਖਾਲੀ ਥਾਂ 'ਤੇ ਲਿਖਿਆ ਇਸ ਤਰ੍ਹਾਂ ਮਿਲਦਾ ਹੈ, ਜਿਵੇਂ ਉਸ ਵਕਤ ਦੇ ਹਾਕਮ ਅੰਗਰੇਜ਼ਾਂ ਨੇ ਭਾਰਤ ਦੀ ਵੰਡ ਨਹੀਂ ਕੀਤੀ, ਸਗੋਂ ਪੰਜਾਬੀਆਂ ਤੇ ਸਿੱਖਾਂ ਅਤੇ ਬੰਗਾਲੀਆਂ ਨੂੰ ਆਜ਼ਾਦੀ ਦੀ ਲੜਾਈ ਵਿਚ ਅੱਗੇ ਹੋ ਕੇ ਲੜਨ ਦੀ ਸਜ਼ਾ ਦਿੱਤੀ ਹੋਵੇ।

ਹਾਲਾਂਕਿ ਸਿੱਖ ਇਤਿਹਾਸ ਵਿਚ 2 ਘੱਲੂਘਾਰੇ ਮਸ਼ਹੂਰ ਹਨ, ਪਹਿਲਾ ਛੋਟਾ ਘੱਲੂਘਾਰਾ ਜੋ 17 ਮਈ, 1746 ਨੂੰ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ਵਿਚ ਵਾਪਰਿਆ, ਇਸ ਵਿਚ ਕਰੀਬ 12 ਹਜ਼ਾਰ ਸਿੱਖ ਮਾਰੇ ਗਏ ਸਨ। ਦੂਜਾ ਵੱਡਾ ਘੱਲੂਘਾਰਾ ਜੋ 5 ਫਰਵਰੀ, 1762 ਵਿਚ ਵਾਪਰਿਆ, ਜਿਸ ਵਿਚ ਅਹਿਮਦ ਸ਼ਾਹ ਅਬਦਾਲੀ (ਦੁਰਾਨੀ) ਨਾਲ ਲੜਾਈ ਦਰਮਿਆਨ 35000 ਤੋਂ ਵੱਧ ਸਿੱਖਾਂ ਦੀ ਮੌਤ ਹੋਈ ਸੀ। ਅਸੀਂ 1984 ਦੇ ਸਿੱਖ ਕਤਲੇਆਮ ਨੂੰ ਵੀ ਘੱਲੂਘਾਰਾ ਹੀ ਮੰਨਦੇ ਹਾਂ ਪਰ ਮੇਰਾ ਮੰਨਣਾ ਹੈ ਕਿ 1947 ਦੀ ਵੰਡ ਵੇਲੇ ਹੋਇਆ ਕਤਲੇਆਮ ਵੀ ਸਿੱਖਾਂ ਲਈ ਇਕ ਵੱਡਾ ਘੱਲੂਘਾਰਾ ਸੀ। ਇਸ ਵੇਲੇ ਮੁਸਲਿਮ, ਸਿੱਖ ਤੇ ਹਿੰਦੂ ਕਰੀਬ 10 ਲੱਖ ਲੋਕ ਮਰੇ ਅਤੇ ਕਰੀਬ ਡੇਢ ਕਰੋੜ ਲੋਕ ਸ਼ਰਨਾਰਥੀ ਬਣੇ। ਇਕ ਅੰਦਾਜ਼ੇ ਅਨੁਸਾਰ ਇਸ ਕਤਲੇਆਮ ਵਿਚ ਕਰੀਬ 4 ਲੱਖ ਸਿੱਖਾਂ ਦੀ ਜਾਨ ਗਈ ਸੀ। ਸ਼ਰਨਾਰਥੀਆਂ ਵਿਚ 72 ਲੱਖ 26 ਹਜ਼ਾਰ ਮੁਸਲਮਾਨ ਸਨ ਤੇ 72 ਲੱਖ 49 ਹਜ਼ਾਰ ਹਿੰਦੂ ਤੇ ਸਿੱਖ ਸਨ। ਇਨ੍ਹਾਂ ਵਿਚੋਂ 78 ਫ਼ੀਸਦੀ ਪੰਜਾਬੀ ਸਨ, ਜਦੋਂਕਿ ਬਾਕੀ ਬੰਗਾਲੀ, ਯੂ.ਪੀ., ਬਿਹਾਰ, ਦਿੱਲੀ ਤੇ ਹੋਰ ਇਲਾਕਿਆਂ ਦੇ ਸਿਰਫ਼ 22 ਫ਼ੀਸਦੀ ਲੋਕ ਹੀ ਸ਼ਰਨਾਰਥੀ ਬਣੇ ਸਨ।

ਇਸ ਤਰ੍ਹਾਂ ਜਾਪਦਾ ਹੈ ਕਿ ਆਜ਼ਾਦੀ ਦੀ ਲੜਾਈ ਤੋਂ ਬਾਅਦ ਦੇ ਇਤਿਹਾਸਕਾਰਾਂ ਨੇ ਸਭ ਤੋਂ ਵੱਧ ਬੇਇਨਸਾਫ਼ੀ ਪੰਜਾਬੀਆਂ ਤੇ ਸਿੱਖਾਂ ਨਾਲ ਕੀਤੀ ਹੈ। ਖ਼ਾਸਕਰ ਉਸ ਵੇਲੇ ਦੇ ਸਿੱਖ ਨੇਤਾ ਮਾਸਟਰ ਤਾਰਾ ਸਿੰਘ ਨਾਲ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਬੇਇਨਸਾਫ਼ੀ ਹੋਈ ਹੈ, ਕਿਉਂਕਿ ਉਸ ਦੇ ਕਾਰਨ ਹੀ ਅੱਧਾ ਸਾਂਝਾ ਪੰਜਾਬ ਭਾਵ ਹੁਣ ਦਾ ਪੰਜਾਬ, ਹਰਿਆਣਾ ਤੇ ਹਿਮਾਚਲ ਪਾਕਿਸਤਾਨ ਦਾ ਹਿੱਸਾ ਨਹੀਂ ਬਣੇ, ਨਹੀਂ ਤਾਂ ਜੇ ਮਾਸਟਰ ਤਾਰਾ ਸਿੰਘ ਉਸ ਵੇਲੇ ਪਾਕਿਸਤਾਨ ਨਾਲ ਜਾਣ ਦੀ ਗੱਲ ਮੰਨ ਲੈਂਦੇ ਤਾਂ ਪਾਕਿਸਤਾਨ ਦੀ ਸਰਹੱਦ ਪਾਣੀਪਤ ਤੱਕ ਹੁੰਦੀ। ਕਈ ਲੋਕ ਮਾਸਟਰ ਤਾਰਾ ਸਿੰਘ 'ਤੇ ਮੁਸਲਿਮ-ਹਿੰਦੂ ਸਿੱਖ ਕਤਲੇਆਮ ਸ਼ੁਰੂ ਕਰਵਾਉਣ ਦੇ ਦੋਸ਼ ਲਾਉਂਦੇ ਹਨ ਕਿ ਉਨ੍ਹਾਂ ਪਾਕਿਸਤਾਨ ਦਾ ਝੰਡਾ ਵੱਢ ਕੇ ਦੰਗੇ ਸ਼ੁਰੂ ਕਰਵਾਏ। ਇਹ ਸਰਾਸਰ ਗ਼ਲਤ ਹੈ, ਦੰਗੇ ਤਾਂ ਪਹਿਲਾਂ ਹੀ ਮੁਸਲਿਮ ਲੀਗ ਵਲੋਂ ਸ਼ੁਰੂ ਕੀਤੇ ਜਾ ਚੁੱਕੇ ਸਨ, ਡਾਇਰੈਕਟ ਐਕਸ਼ਨ ਤਹਿਰੀਕ ਸ਼ੁਰੂ ਕਰਕੇ। ਕਈ ਲੋਕ ਮਾਸਟਰ

**ਭਾਰਤ ਨੇ ਪੰਜਾਬੀਆਂ ਤੇ ਖ਼ਾਸ ਕਰ ਸਿੱਖਾਂ ਦਾ ਅਹਿਸਾਨਮੰਦ ਤਾਂ ਕੀ ਹੋਣਾ ਸੀ, ਸਗੋਂ ਦੇਸ਼ ਭਰ ਵਿਚ ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾਏ, ਪਰ ਪੰਜਾਬੀ ਸੂਬਾ ਬਣਾਉਣ ਲਈ ਫੇਰ ਸਿੱਖਾਂ ਨੂੰ ਕੁਰਬਾਨੀਆਂ ਕਰਨੀਆਂ ਪਈਆਂ। ਮੈਂ ਸਮਝਦਾ ਹਾਂ ਕਿ ਇਤਿਹਾਸ ਦੇ ਇਸ ਦੌਰ ਵਿਚ ਆਰੀਆ ਸਮਾਜੀ ਲੀਡਰਾਂ ਨੇ ਪਹਿਲੀ ਵਾਰ ਸਿੱਖ ਸਿਆਸਤਦਾਨਾਂ ਕੋਲੋਂ ਸਿਆਸੀ ਮਾਰ ਖਾਧੀ ਤੇ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾ ਕੇ ਪੰਜਾਬੀ ਸੂਬਾ, ਸਿੱਖ ਬਹੁਗਿਣਤੀ ਵਾਲਾ ਸੂਬਾ ਬਣਵਾ ਦਿੱਤਾ। ਅਸਲੀਅਤ ਇਹ ਹੈ ਕਿ ਆਰ.ਐੱਸ.ਐੱਸ. ਇਸ ਸਥਿਤੀ ਨੂੰ ਸਮਝਦਾ ਸੀ ਤੇ ਉਹ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਵਾਉਣ ਲਈ ਕਹਿੰਦਾ ਵੀ ਰਿਹਾ। ਹਾਂ ਇਹ ਜ਼ਰੂਰ ਫ਼ਿਕਰ ਵਾਲੀ ਗੱਲ ਹੈ ਕਿ ਸਿੱਖ ਲੀਡਰਸ਼ਿਪ ਦੀ ਨਾਲਾਇਕੀ ਤੇ ਲਾਪ੍ਰਵਾਹੀ ਕਾਰਨ ਹੁਣ ਹੌਲੀ-ਹੌਲੀ ਇਹ ਪੰਜਾਬ ਵੀ ਸਿੱਖ ਬਹੁਗਿਣਤੀ ਵਾਲਾ ਸੂਬਾ ਸ਼ਾਇਦ ਨਾ ਰਹੇ।**

ਤਾਰਾ ਸਿੰਘ 'ਤੇ ਇਹ ਇਲਜ਼ਾਮ ਵੀ ਲਗਾਉਂਦੇ ਰਹਿੰਦੇ ਹਨ ਕਿ ਅੰਗਰੇਜ਼ ਤਾਂ ਸਿੱਖਾਂ ਨੂੰ ਵੱਖਰਾ ਮੁਲਕ ਦਿੰਦੇ ਸਨ ਪਰ ਅਕਾਲੀ ਲੀਡਰਸ਼ਿਪ ਦੀਆਂ ਗ਼ਲਤ



ਨੀਤੀਆਂ ਕਰਕੇ ਨਹੀਂ ਮਿਲਿਆ। ਇਹ ਵੀ ਸਰਾਸਰ ਗ਼ਲਤ ਹੈ। ਮਾਸਟਰ ਜੀ ਨੇ ਝੰਡਾ ਵੀ ਨਹੀਂ ਵੱਢਿਆ ਸੀ। ਅਸਲੀਅਤ ਇਹ ਹੈ ਕਿ ਸਿੱਖ ਲੀਡਰਸ਼ਿਪ ਪੰਜਾਬ ਦੀ ਵੰਡ ਦੀ ਵਿਰੋਧੀ ਸੀ, ਉਹ ਪਾਕਿਸਤਾਨ ਦੇ ਨਜ਼ਰੀਏ ਦੇ ਹੀ ਖਿਲਾਫ਼ ਸੀ। ਫਿਰ ਉਸ ਨੇ ਮੁਸਲਮਾਨਾਂ ਨੂੰ ਪਾਕਿਸਤਾਨ ਦੀ ਮੰਗ ਤੋਂ ਪਿੱਛੇ ਹਟਾਉਣ ਲਈ ਅਤੇ ਉਨ੍ਹਾਂ ਨੂੰ ਬਰਾਬਰੀ ਦਾ ਅਹਿਸਾਸ ਕਰਵਾਉਣ ਲਈ ਆਜ਼ਾਦ ਪੰਜਾਬ ਦੀ ਤਜਵੀਜ਼ ਵੀ ਪੇਸ਼ ਕੀਤੀ, ਜਿਸ ਵਿਚ ਮੁਸਲਮਾਨ ਤੇ ਹਿੰਦੂ ਬਰਾਬਰ ਦੀ ਆਬਾਦੀ ਹੋਣੀ ਸੀ ਤੇ ਸਿੱਖਾਂ ਦੇ ਹੱਥ ਤੱਕੜੀ ਵਾਲੀ ਭੂਮਿਕਾ ਹੋ ਸਕਦੀ ਸੀ ਪਰ ਗੱਲ ਨਹੀਂ ਮੰਨੀ ਗਈ। ਅਸਲ ਵਿਚ ਭਾਰਤ-ਪਾਕਿ ਵੰਡ 2 ਕੌਮੀ ਨਜ਼ਰੀਏ ਅਧੀਨ ਹੋਈ ਸੀ। ਸਿੱਖ ਪੰਜਾਬ ਵਿਚ ਵੀ ਘੱਟ ਗਿਣਤੀ ਸਨ। 1941 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿਚ ਮੁਸਲਿਮ ਆਬਾਦੀ 53 ਫ਼ੀਸਦੀ ਤੋਂ ਵਧੇਰੇ ਸੀ, ਹਿੰਦੂ 29 ਫ਼ੀਸਦੀ ਤੋਂ ਵੱਧ ਤੇ ਸਿੱਖ 15 ਫ਼ੀਸਦੀ ਦੇ ਨੇੜੇ-ਤੇੜੇ ਸਨ। ਬਾਕੀ ਇਸਾਈ ਤੇ ਹੋਰ ਕੌਮਾਂ ਸਨ। ਉਸ ਵੇਲੇ ਸਿਰਫ਼ 2 ਤਹਿਸੀਲਾਂ ਤਰਨ ਤਾਰਨ ਤੇ ਮੋਗਾ ਜਾਂ ਜਗਰਾਉਂ ਵਿਚ ਹੀ ਸਿੱਖ ਬਹੁਗਿਣਤੀ ਵਿਚ ਸਨ। ਜਦੋਂ ਸਿੱਖ ਨੇਤਾ ਪੰਜਾਬ ਤੇ ਦੇਸ਼ ਦੀ ਵੰਡ ਰੋਕਣ ਵਿਚ ਸਫਲ ਨਹੀਂ ਹੋਏ ਤਾਂ ਉਨ੍ਹਾਂ ਸਿੱਖਾਂ ਲਈ ਵੱਖਰੇ ਦੇਸ਼ ਦੀ ਮੰਗ ਜ਼ਰੂਰ ਕੀਤੀ, ਪਰ ਸਿੱਖ ਬਹੁਗਿਣਤੀ ਤਾਂ ਕਿਸੇ ਵੀ ਇਲਾਕੇ ਵਿਚ ਨਹੀਂ ਸੀ। ਉਸ ਵੇਲੇ ਮੁਸਲਿਮ ਲੀਗ ਦੇ ਮੁਖੀ ਮੁਹੰਮਦ ਅਲੀ ਜਿਨਾਹ ਨੇ ਮਾਸਟਰ ਤਾਰਾ ਸਿੰਘ ਨੂੰ ਪਾਕਿਸਤਾਨ ਨਾਲ ਆਉਣ ਦੀ ਤਜਵੀਜ਼ ਦਿੱਤੀ ਸੀ ਅਤੇ ਪਾਕਿਸਤਾਨ ਦੇ ਅੰਦਰ ਇਕ ਖਿੱਤਾ ਸਿੱਖ ਆਬਾਦੀ ਲਈ ਦੇਣ ਦੀ ਗੱਲ ਵੀ ਕਹੀ ਸੀ। ਇਸ ਨਾਲ ਪਾਕਿਸਤਾਨ ਤਾਂ



ਪਾਣੀਪਤ ਤੱਕ ਬਣ ਜਾਂਦਾ ਪਰ ਸਿੱਖਾਂ ਦਾ ਹਾਲ ਉਹੋ ਜਿਹਾ ਹੀ ਹੁੰਦਾ ਜਿਹੋ ਜਿਹਾ ਭਾਰਤ ਵਿਚ ਧਾਰਾ 370 ਦਾ ਹੋਇਆ ਹੈ। ਭਾਰਤ ਤਾਂ ਫਿਰ ਵੀ ਕਾਨੂੰਨੀ ਤੌਰ 'ਤੇ ਧਰਮ-ਨਿਰਪੱਖ ਰਾਜ ਹੈ, ਪਰ ਪਾਕਿਸਤਾਨ ਤਾਂ ਪਹਿਲੇ ਦਿਨ ਤੋਂ ਹੀ ਮੁਸਲਿਮ ਰਾਜ ਬਣਨਾ ਸੀ। ਸਾਡੇ ਸਾਹਮਣੇ ਹੈ ਕਿ ਪਾਕਿਸਤਾਨ ਤੇ ਅਫ਼ਗਾਨਿਸਤਾਨ ਵਿਚ ਰਹਿ ਗਏ ਸਿੱਖਾਂ ਦਾ ਕੀ ਹਾਲ ਹੋਇਆ ਹੈ। ਜੋ ਅਜਿਹੀ ਸਥਿਤੀ ਵਿਚ ਭਾਰਤ ਦੀ ਚੋਣ ਕਰਨਾ ਸਿੱਖ ਲੀਡਰਸ਼ਿਪ ਦੀ ਮਜਬੂਰੀ ਸੀ ਤੇ ਸਿਆਣਪ ਵੀ, ਪਰ ਨਾ ਤਾਂ ਭਾਰਤੀ ਇਤਿਹਾਸ ਨੇ ਸਿੱਖਾਂ ਵਲੋਂ ਕੀਤੀਆਂ ਕੁਰਬਾਨੀਆਂ ਤੇ ਅੱਧਾ ਸਾਂਝਾ ਪੰਜਾਬ ਭਾਰਤ ਨੂੰ ਲੈ ਕੇ ਦੇਣ ਦੀ ਕੀਮਤ ਪਾਈ ਤੇ ਨਾ ਹੀ ਭਾਰਤੀ ਹੁਕਰਮਾਨਾਂ ਨੇ। ਅਸਲ ਵਿਚ ਇਤਿਹਾਸ ਹਮੇਸ਼ਾ ਜੇਤੂਆਂ ਦੀ ਮਰਜ਼ੀ ਦਾ ਹੀ ਲਿਖਿਆ ਜਾਂਦਾ ਹੈ।

ਜਦੋਂ ਜਿੱਤੇ ਬਣੇ ਨਾਇਕ, ਜਦੋਂ ਹਾਰੇ ਬਣੇ ਬਾਗ਼ੀ,
ਕਿ ਜਿੱਤੇ ਦੀ ਸਦਾ ਜੈ, ਹਾਰਿਆਂ ਨੂੰ ਕੌਣ ਪੁੱਛਦਾ ਹੈ।

ਭਾਰਤ ਨੇ ਪੰਜਾਬੀਆਂ ਤੇ ਖ਼ਾਸ ਕਰ ਸਿੱਖਾਂ ਦਾ ਅਹਿਸਾਨਮੰਦ ਤਾਂ ਕੀ ਹੋਣਾ ਸੀ, ਸਗੋਂ ਦੇਸ਼ ਭਰ ਵਿਚ ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾਏ, ਪਰ ਪੰਜਾਬੀ ਸੂਬਾ ਬਣਾਉਣ ਲਈ ਫੇਰ ਸਿੱਖਾਂ ਨੂੰ ਕੁਰਬਾਨੀਆਂ ਕਰਨੀਆਂ ਪਈਆਂ। ਮੈਂ ਸਮਝਦਾ ਹਾਂ ਕਿ ਇਤਿਹਾਸ ਦੇ ਇਸ ਦੌਰ ਵਿਚ ਆਰੀਆ ਸਮਾਜੀ ਲੀਡਰਾਂ ਨੇ ਪਹਿਲੀ ਵਾਰ ਸਿੱਖ ਸਿਆਸਤਦਾਨਾਂ ਕੋਲੋਂ ਸਿਆਸੀ ਮਾਰ ਖਾਧੀ ਤੇ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾ ਕੇ ਪੰਜਾਬੀ ਸੂਬਾ, ਸਿੱਖ ਬਹੁਗਿਣਤੀ ਵਾਲਾ ਸੂਬਾ ਬਣਵਾ ਦਿੱਤਾ। ਅਸਲੀਅਤ ਇਹ ਹੈ ਕਿ ਆਰ.ਐੱਸ.ਐੱਸ. ਇਸ ਸਥਿਤੀ ਨੂੰ ਸਮਝਦਾ ਸੀ ਤੇ ਉਹ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਵਾਉਣ ਲਈ ਕਹਿੰਦਾ ਵੀ ਰਿਹਾ। ਹਾਂ ਇਹ ਜ਼ਰੂਰ ਫ਼ਿਕਰ ਵਾਲੀ ਗੱਲ ਹੈ ਕਿ ਸਿੱਖ ਲੀਡਰਸ਼ਿਪ ਦੀ ਨਾਲਾਇਕੀ ਤੇ ਲਾਪ੍ਰਵਾਹੀ ਕਾਰਨ ਹੁਣ ਹੌਲੀ-ਹੌਲੀ ਇਹ ਪੰਜਾਬ ਵੀ ਸਿੱਖ ਬਹੁਗਿਣਤੀ ਵਾਲਾ ਸੂਬਾ ਸ਼ਾਇਦ ਨਾ ਰਹੇ। ਪੰਜਾਬ ਦੀ ਵੰਡ ਨੂੰ ਸਮਰਪਿਤ ਮੈਨੂੰ ਮੇਰਾ ਇਕ ਸ਼ਿਅਰ ਯਾਦ ਆਇਆ ਹੈ:

ਧਰਤ ਦੀ ਹਿੱਕ ਵੰਡ ਕੇ ਸੀ ਵੰਡ ਲਈ ਇੱਜ਼ਤ ਦੁਹਾਂ,
ਨਫ਼ਰਤਾਂ ਦੀ ਅਗਨ ਵਿਚ ਇਹ ਵੀ ਜਲੇ ਉਹ ਵੀ ਜਲੇ।

-----

**ਕੰਗਨਾ ਨੂੰ ਨਜ਼ਰ ਅੰਦਾਜ਼ ਕਰੋ**

ਕੰਗਨਾ ਰਣੌਤ ਦਾ ਰਵੱਈਆ, ਪੰਜਾਬੀਆਂ ਤੇ ਸਿੱਖਾਂ ਲਈ ਖ਼ਾਸ ਤੌਰ 'ਤੇ ਨਫ਼ਰਤ ਭਰਿਆ ਹੀ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਭਾਜਪਾ ਦੇ ਵੱਡੇ ਨੇਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਇਕ ਪਾਸੇ ਸਿੱਖਾਂ ਨੂੰ ਪਤਿਆਉਣ ਦੀ ਕੋਸ਼ਿਸ਼ ਕਰਦੇ ਹਨ ਤੇ ਕੁਝ ਕੰਮ ਵੀ ਉਨ੍ਹਾਂ ਦੇ ਹੱਕ ਵਿਚ ਕੀਤੇ ਹਨ, ਪਰ ਦੂਜੇ ਪਾਸੇ ਸਿੱਖਾਂ ਨਾਲ ਨਫ਼ਰਤ ਦਿਖਾਉਣ ਵਾਲੇ ਨੇਤਾਵਾਂ ਦੀ ਪੁਸ਼ਤਪਨਾਹੀ ਕਰਕੇ ਖ਼ੀਰ ਬਣਾ ਕੇ ਉੱਪਰ ਸੁਆਹ ਪਾਉਣ ਵਾਲੀ ਗੱਲ ਵੀ ਕਰਦੇ ਨਜ਼ਰ ਆਉਂਦੇ ਹਨ। ਖ਼ੈਰ, ਕੰਗਨਾ ਦੀ ਫ਼ਿਲਮ 'ਐਮਰਜੈਂਸੀ' ਦਾ ਟਰੇਲਰ ਰਿਲੀਜ਼ ਹੋਇਆ ਹੈ, ਜਿਸ ਦੀ ਕਹਾਣੀ ਅਜੇ ਕਿਸੇ ਨੂੰ ਪਤਾ ਨਹੀਂ। ਸਭ ਨੂੰ ਪਤਾ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਅਜਿਹੀਆਂ ਫ਼ਿਲਮਾਂ ਦਾ ਹੜ੍ਹ ਆਇਆ ਹੋਇਆ ਹੈ ਜੋ ਬਹੁਗਿਣਤੀ ਨੂੰ ਰਾਸ਼ਟਰਵਾਦ ਦੇ ਨਾਂਅ 'ਤੇ ਇਕ ਪਾਰਟੀ ਨਾਲ ਜੋੜਨ ਦਾ ਕੰਮ ਕਰਦੀਆਂ ਹਨ। ਕੰਗਨਾ ਦੀ ਫ਼ਿਲਮ 'ਐਮਰਜੈਂਸੀ' ਵੀ ਇਕ ਅਜਿਹੀ ਹੀ ਫ਼ਿਲਮ ਜਾਪਦੀ ਹੈ। ਇਹ ਸਭ ਨੂੰ ਪਤਾ ਹੈ ਕਿ ਜਿਸ ਫ਼ਿਲਮ ਦਾ ਉਸ ਦੀ ਰਿਲੀਜ਼ ਤੋਂ ਪਹਿਲਾਂ ਜਿੰਨਾ ਜ਼ੋਰਦਾਰ ਵਿਰੋਧ ਹੁੰਦਾ ਹੈ, ਉਹ ਬਾਕਸ ਆਫ਼ਿਸ 'ਤੇ ਓਨੀ ਹੀ ਵੱਧ ਕਾਮਯਾਬ ਹੁੰਦੀ ਹੈ। ਫ਼ਿਲਮ ਭਾਵੇਂ 'ਸੀ' ਤੇ 'ਡੀ' ਗਰੇਡ ਦੀ ਹੋਵੇ ਪਰ ਪਹਿਲਾਂ ਪਏ ਰੌਲੇ ਕਾਰਨ ਲੋਕ ਦੇਖਣ ਚਲੇ ਹੀ ਜਾਂਦੇ ਹਨ। ਇਕ ਉਤਸੁਕਤਾ ਬਣ ਜਾਂਦੀ ਹੈ ਕਿ ਇਸ ਵਿਚ ਅਜਿਹਾ ਕੀ ਹੈ, ਜੋ ਏਨਾ ਵਿਰੋਧ ਹੋ ਰਿਹਾ ਹੈ।

ਫ਼ਿਲਮ ਦਾ ਟਰੇਲਰ ਵੇਖ ਕੇ ਸਾਫ਼ ਮਹਿਸੂਸ ਹੁੰਦਾ ਹੈ ਕਿ ਇਹ ਇੰਦਰਾ ਗਾਂਧੀ ਤੇ ਵਿਰੋਧੀ ਪਾਰਟੀ ਕਾਂਗਰਸ ਨੂੰ ਕਟਹਿਰੇ ਵਿਚ ਖੜ੍ਹਾ ਕਰੇਗੀ। ਪਰ 'ਐਮਰਜੈਂਸੀ' ਨਾਂਅ ਦੀ ਫ਼ਿਲਮ ਵਿਚ ਇਕ ਪਾਤਰ ਜੋ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵਾਂਗ ਜਾਪਦਾ ਹੈ, ਇਸ ਟਰੇਲਰ ਵਿਚ ਕਹਿ ਰਿਹਾ ਹੈ ਕਿ 'ਤੁਹਾਡੀ ਪਾਰਟੀ ਨੂੰ ਵੋਟਾਂ ਚਾਹੀਦੀਆਂ ਹਨ ਤੇ ਸਾਨੂੰ ਚਾਹੀਦਾ ਏ ਖ਼ਾਲਿਸਤਾਨ' ਪਹਿਲੀ ਗੱਲ ਤਾਂ ਇਹ ਹੈ ਕਿ ਸੰਤਾਂ ਨੇ ਕਦੇ ਵੀ ਸਪੱਸ਼ਟ ਰੂਪ ਵਿਚ ਖ਼ਾਲਿਸਤਾਨ ਨਹੀਂ ਮੰਗਿਆ। ਦੂਜੀ ਗੱਲ ਐਮਰਜੈਂਸੀ 25 ਜੂਨ, 1975 ਨੂੰ ਲੱਗੀ ਤੇ 21 ਮਾਰਚ, 1977 ਨੂੰ ਖ਼ਤਮ ਹੋ ਗਈ। ਸੰਤ ਭਿੰਡਰਾਂਵਾਲੇ ਪੰਜਾਬ ਦੇ ਧਾਰਮਿਕ ਤੇ ਸਿਆਸੀ ਦ੍ਰਿਸ਼ 'ਤੇ 25 ਅਗਸਤ, 1977 ਨੂੰ ਉੱਭਰੇ ਜਦੋਂ ਉਹ ਦਮਦਮੀ ਟਕਸਾਲ (ਮਹਿਤਾ ਚੌਕ) ਦੇ ਮੁਖੀ ਬਣੇ। ਉਨ੍ਹਾਂ ਦਾ ਐਮਰਜੈਂਸੀ ਨਾਲ ਕੋਈ ਸੰਬੰਧ ਹੀ ਨਹੀਂ ਸੀ। ਬਿਨਾਂ ਪੂਰੀ ਫ਼ਿਲਮ ਦੇਖੇ ਜਾਂ ਫ਼ਿਲਮ ਦੀ ਕਹਾਣੀ ਪੜ੍ਹੇ-ਸਮਝਿਆ ਹੀ ਨਹੀਂ ਜਾ ਸਕਦਾ ਕਿ ਉਨ੍ਹਾਂ ਦਾ ਕੀ ਰੋਲ ਹੈ? ਅਸੀਂ ਸਮਝਦੇ ਹਾਂ ਕਿ ਅਸੀਂ ਕੰਗਨਾ ਦਾ ਵਿਰੋਧ ਕਰਕੇ ਉਸ ਦੀ ਫ਼ਿਲਮ ਦਾ ਪ੍ਰਚਾਰ ਕਰ ਰਹੇ ਹਾਂ। ਸਾਨੂੰ ਸਿਰਫ਼ ਸ਼੍ਰੋਮਣੀ ਕਮੇਟੀ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸੂਚਨਾ ਤੇ ਪ੍ਰਸਾਰਨ ਮੰਤਰੀ ਅਤੇ ਸੈਂਸਰ ਬੋਰਡ ਦੇ ਮੁਖੀ ਨੂੰ ਇਕ ਚਿੱਠੀ ਲਿਖ ਕੇ ਉਡੀਕ ਕਰਨੀ ਚਾਹੀਦੀ ਹੈ ਕਿ ਇਸ ਫ਼ਿਲਮ ਨੂੰ ਰਿਲੀਜ਼ ਕੀਤੇ ਜਾਣ ਤੋਂ ਪਹਿਲਾਂ ਇਹ ਫ਼ਿਲਮ ਸ਼੍ਰੋਮਣੀ ਕਮੇਟੀ ਵਲੋਂ ਨਿਯੁਕਤ ਸਿੱਖ ਵਿਦਵਾਨਾਂ ਨੂੰ ਵਿਖਾਈ ਜਾਵੇ। ਜੇ ਅਸੀਂ ਆਪਣੀ ਤਾਕਤ ਸਮਾਂ ਤੇ ਸਾਧਨ ਅਜਿਹੀ ਫ਼ਿਲਮ ਦੇ ਵਿਰੋਧ ਵਿਚ ਵਰਤ ਰਹੇ ਰਹੇ ਹਾਂ ਤਾਂ ਅਜਿਹਾ ਕਰਕੇ ਅਸੀਂ ਉਸ ਦੀ ਚਾਲ ਵਿਚ ਹੀ ਫਸ ਰਹੇ ਹਾਂ:


ਹੋਸ਼ ਉਸ ਕੋ ਕਹਾਂ ਹੈ ਇੱਜ਼ਤ ਕੀ, ਭੂਖ ਉਸ ਕੋ ਬਹੁਤ ਹੈ ਸ਼ੋਹਰਤ ਕੀ,
ਉਸ ਕੋ ਐਸੇ ਨਜ਼ਰ-ਅੰਦਾਜ਼ ਕਰੋ, ਜੈਸੇ ਵੋ ਦਾਸਤਾਂ ਮੇਂ ਹੋ ਹੀ ਨਹੀਂ।

-0-

# ਗਿ. ਜਗਤਾਰ ਸਿੰਘ ਜਾਚਕ ਦੀ ਪੁਸਤਕ 'ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ'

**ਦਿਲਜੀਤ ਸਿੰਘ 'ਬੇਦੀ' 98148-98570**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਭੇਦ ਦਾ ਮਾਮਲਾ ਅੱਜ ਨਵਾਂ ਨਹੀਂ ਹੈ। ਇਹ ਸਮੇਂ ਸਮੇਂ ਉਠਦਾ ਰਿਹਾ ਹੈ। ਪਰ ਬਿਨਾਂ ਕਿਸੇ ਸਿੱਟਾ ਕੱਢੇ ਬਗੈਰ ਹੀ ਇਹ ਮਾਮਲਾ ਪਹਿਲਾਂ ਦੀ ਤਰ੍ਹਾਂ ਹੀ ਅਮਲਅਸੋਧ ਹੋ ਜਾਂਦਾ ਹੈ। ਗਿਆਨੀ ਜਗਤਾਰ ਸਿੰਘ ਜਾਚਕ, ਸਿਰੜੀ, ਮਿਹਨਤੀ ਤੇ ਗੁਰਬਾਣੀ ਗੁਰਮੁਖ ਜਨ ਹਨ। ਉਨ੍ਹਾਂ ਵੱਲੋਂ ਹਵਾਲਿਆਂ ਸਹਿਤ ਰਚੀ ਗਈ ਹੱਥਲੀ ਪੁਸਤਕ ਗੁਰਬਾਣੀ ਤੇ ਕੰਮ ਕਰ ਰਹੇ ਜਾਂ ਪਾਠ ਭੇਦਾਂ ਬਾਰੇ ਵਿਚਾਰ ਕਰ ਰਹੇ ਗੁਰਮੁੱਖਾਂ ਸਿੱਖਾਂ ਵਾਸਤੇ ਗਿਆਨ ਵਾਲੀ ਪੁਸਤਕ ਹੈ। ਰੂਹਾਨੀਅਤ ਦੇ ਅਬਿਨਾਸੀ ਸੂਰਜ, ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਐਸੇ ਧਰਮ-ਗ੍ਰੰਥ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਆਪ ਸੰਪਾਦਿਤ ਕਰ ਕੇ ਮਾਨਵਤਾ ਦੀ ਸਰਬਪੱਖੀ ਤੇ ਸਦੀਵੀ ਅਗਵਾਈ ਲਈ ਗੁਰਿਆਈ ਤਖ਼ਤ 'ਤੇ ਸੁਭਾਇਮਾਨ ਕੀਤਾ। ਸਤਿਗੁਰੂ ਜੀ ਦੀ ਨਿਗਰਾਨੀ ਹੇਠ ਸਮੁੱਚੀ ਬਾਣੀ ਲਿਖਣ ਦੀ ਜ਼ਿੰਮੇਵਾਰੀ ਭਾਈ ਗੁਰਦਾਸ ਜੀ ਨੇ ਨਿਭਾਈ, ਜੋ ਸੰਸਕ੍ਰਿਤ ਤੇ ਫਾਰਸੀ ਭਾਸ਼ਾ ਦੇ ਵਿਦਵਾਨ ਸਨ। ਗਿ. ਜਗਤਾਰ ਸਿੰਘ ਜਾਚਕ ਵੱਲੋਂ ਪਰਕਾਸ਼ਤ ਹੋਈ ਇਸ ਕਿਤਾਬ ਦੇ 225 ਪੰਨੇ ਅਤੇ 495 ਰੁਪਏ ਕੀਮਤ ਤਹਿ ਹੈ। ਗੁਰੂ ਕਾਲ ਦੇ ਵੇਲੇ ਹੋਏ ਸ਼ਰਧਾਵਾਨ ਸਿੱਖ ਕਾਤਿਬਾਂ ਨੇ ਗੁਰੂ ਜੀ ਦੀ ਬਾਣੀ ਨੂੰ ਸਤਿਕਾਰ ਸਹਿਤ ਲਿਖਿਆ, ਨਕਲਾਂ ਤਿਆਰ ਕੀਤੀਆਂ ਤੇ ਵੰਡੀਆਂ। ਇਸ ਗੱਲ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਪਰ ਕਾਤਿਬ ਕਿੱਤਾਕਾਰਾਂ ਤੋਂ ਭੁੱਲਾਂ ਹੋਈਆਂ ਹਨ। ਇਹ ਪੁਸਤਕ ਸਾਨੂੰ ਕਾਤਿਬਾਂ ਦੀਆਂ ਅਜਿਹੀਆਂ ਭੁੱਲਾਂ ਨੂੰ ਯਾਦ ਕਰਵਾਉਂਦੀ ਹੈ ਅਤੇ ਭੁੱਲਾਂ ਨੂੰ ਸੁਧਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਪੰਥ ਪ੍ਰਮਾਣਿਤ ਪਾਵਨ ਬੀੜ ਸਿੱਖ ਸੰਗਤਾਂ ਨੂੰ ਦੇਣ ਲਈ ਪ੍ਰੇਰਿਤ ਕਰਦੀ ਹੈ। ਕਿਤਾਬ ਨੂੰ ਲੇਖਕ ਨੇ 7 ਭਾਗਾਂ ਵਿੱਚ ਵੰਡਿਆ ਹੈ ਪਹਿਲੇ ਅਧਿਆਇ ਵਿਚ ਗਾਥਾ: ਧਰਮ ਗ੍ਰੰਥਾਂ ਦੀ ਲਿਖਤੀ ਪਰੰਪਰਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ੇਸ਼ ਸਥਾਨ ਦੀ, ਦੂਸਰੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਤੇ ਛਪਾਈ ਦੀ, ਤੀਸਰੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤੀ ਪੁਰਾਤਨ ਬੀੜਾਂ ਦੇ ਖੋਜ ਦੀ, ਚੌਥੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਦੀ ਪੈਦਾਇਸ਼ ਤੇ ਸੋਧ-ਸੁਧਾਈ ਦੀ, ਪੰਜਵੇਂ ਅਧਿਆਇ ਵਿੱਚ ਪਾਵਨ ਬੀੜ ਦੀ ਸ਼ੁਧ ਛਪਾਈ ਲਈ ਸ਼੍ਰੋਮਣੀ ਕਮੇਟੀ ਦੇ ਖੋਜ ਕਾਰਜਾਂ ਦੀ, ਛੇਵੇਂ ਅਧਿਆਇ ਵਿਚ ਪਾਠ-ਭੇਦ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਸਤਵੇਂ ਅਧਿਆਇ ਵਿਚ ਪਾਠ-ਭੇਦ ਗੁਰਬਾਣੀ ਪਾਠ ਦਰਸ਼ਨ ਦਰਜ਼ ਹੈ। ਕਿਤਾਬ ਦੇ ਮੁੱਖ ਪੰਨੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਮੰਨੀ ਜਾਂਦੀ ਸੁਨਹਿਰੀ ਬੀੜ (ਦਮਦਮੀ) ਦਾ ਚਿਤਰ ਹੈ ਜੋ ਹੁਣ ਦਰਸ਼ਨੀ ਡਿਓਢੀ ਵਾਲੇ ਤੋਸ਼ਖਾਨੇ ਵਿੱਚ ਸੁਰੱਖਿਅਤ ਹੈ। ਇਸੇ ਤਰ੍ਹਾਂ ਕਿਤਾਬ ਦੇ ਅਖੀਰਲੇ ਪੰਨਿਆਂ ਵਿੱਚ ਵੱਖ-ਵੱਖ ਬੀੜਾਂ ਦੇ 53 ਫੋਟੋ ਚਿੱਤਰ ਹਵਾਲੇ ਸਹਿਤ ਪ੍ਰਕਾਸ਼ਤ ਕੀਤੇ ਗਏ ਹਨ। ਅੰਤਿਕਾ 'ਚ ਵਿਦਵਾਨਾਂ ਅਧਾਰਤ ਬਣੀ ਕਮੇਟੀ ਦੀ ਰਿਪੋਰਟ ਵੀ ਦਰਜ਼ ਹੈ। ਵਿਸ਼ਵ ਧਰਮ ਗ੍ਰੰਥ ਪਰੰਪਰਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਗਟੀਕਰਨ ਬਗੈਰ ਕਿਸੇ ਮਿੱਥ, ਅਤਾਰਕਿਕ ਅਤੇ ਰਹੱਸ ਦੇ ਸਾਡੇ ਸਾਹਮਣੇ ਜਿਸ ਪ੍ਰਕਾਰ ਆਉਂਦਾ ਹੈ, ਉਸ ਨੂੰ ਵੇਖਦੇ ਹੋਏ ਇਹ ਗੱਲ ਕਰਨੀ ਸੁਭਾਵਿਕ ਹੋ ਜਾਂਦੀ ਹੈ। ਸਿੱਖਾਂ ਲਈ ਇਹ ਸਮੱਸਿਆ ਇਸ ਲਈ ਵੀ ਵੱਡੀ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਦੇ ਉਨ੍ਹਾਂ ਕੋਲ ਇੱਕ ਜਾਂ ਦੋ ਨਹੀਂ, ਕਈ ਸਾਰੇ ਉਹ ਪ੍ਰਮਾਣ ਹਨ। ਇਸ ਦੇ ਵੀ ਕਈ ਕਾਰਨ ਹਨ, ਜੋ ਅਸੀਂ ਹੱਥਲੀ ਕਿਤਾਬ ਵਿੱਚ ਦੇਖਾਂਗੇ। ਗਿਆਨੀ ਜਗਤਾਰ ਸਿੰਘ ਜਾਚਕ ਪਿਛਲੇ ਕਈ ਦਹਾਕਿਆਂ ਤੋਂ ਇਸ ਕਾਰਜ ਵਿੱਚ ਲੱਗੇ ਹੋਏ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਅਜਿਹਾ ਸਰੂਪ ਸਾਡੇ ਸਾਹਮਣੇ ਹੋਏ, ਜੋ ਨਾ ਸਿਰਫ਼ ਸ਼ਬਦ-ਜੋੜ ਤੇ ਲਗ- ਮਾਤਰੀ ਰੂਪ ਵਿੱਚ ਆਪਣੇ ਮੌਲਿਕ ਸਰੂਪ ਨੂੰ ਪ੍ਰਗਟ ਕਰੇ, ਬਲਕਿ ਜਿਸ ਦੀ ਪਹੁੰਚ ਜਨ ਸਾਧਾਰਨ ਤਕ ਵੀ ਆਸਾਨੀ ਨਾਲ ਹੋਏ। ਇਹ ਗੱਲ ਤਾਂ ਬਿਲਕੁਲ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਾ ਬੀੜ ਅੰਦਰ ਲਿਖਤ ਦੀ ਮੌਲਿਕਤਾ ਖੰਡਿਤ ਹੋਈ ਹੈ। ਮੌਜੂਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਹੱਥ-ਲਿਖਤ ਬੀੜਾਂ ਨਾਲੋਂ ਨਾ ਸਿਰਫ਼ ਲਗ-ਮਾਤਰੀ, ਬਲਕਿ ਸ਼ਾਬਦਿਕ ਵੱਖਰੇਵੇਂ ਵੀ ਵੱਡੀ ਮਾਤਰਾ ਵਿੱਚ ਪਾਏ ਜਾਂਦੇ ਹਨ। ਇਸ ਕਾਰਜ ਨੂੰ ਜਿੱਥੇ ਦਮਦਮੀ ਟਕਸਾਲ ਨੇ ਗੁਰਬਾਣੀ ਪਾਠ ਦਰਸ਼ਨ ਰਾਹੀਂ ਸਵੀਕਾਰਿਆ ਹੈ, ਉੱਥੇ ਹੀ ਸ਼੍ਰੋਮਣੀ ਕਮੇਟੀ ਤੇ ਹੋਰਨਾਂ ਧਿਰਾਂ ਨੇ ਪਾਠ-ਭੇਦਾਂ ਦੀ ਸੂਚੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ ਜ਼ਰੂਰੀ ਵਾਕਫ਼ੀਅਤ ਆਦਿ ਪ੍ਰਕਾਸ਼ਿਤ ਕੰਮਾਂ ਰਾਹੀਂ ਮਾਨਤਾ ਦਿੱਤੀ ਹੈ।




ਅਸ਼ੁੱਧੀਆਂ ਹੱਥ ਲਿਖਤ, ਪੱਥਰ ਛਾਪਾ ਤੇ ਪ੍ਰਿੰਟ ਤਿੰਨਾਂ ਤਰ੍ਹਾਂ ਦੇ ਸਰੂਪਾਂ ਵਿੱਚ ਮਿਲਦੀਆਂ ਹਨ। ਫਿਰ ਇਸ ਗੱਲ ਦਾ ਕੀ ਅਰਥ ਰਹਿ ਜਾਂਦਾ ਹੈ ਕਿ ਅਸ਼ੁੱਧੀਆਂ ਦਾ ਵੱਡਾ ਕਾਰਨ ਸਿਰਫ਼ ਪਦ-ਛੇਦ ਸਰੂਪ ਹਨ? ਮਸਲਾ ਇਹ ਹੈ ਕਿ ਇਨ੍ਹਾਂ ਨੂੰ ਹੁਣ ਦੂਰ ਕਿਵੇਂ ਕੀਤਾ ਜਾਏ। ਗੁਰਬਾਣੀ ਵਿੱਚੋਂ ਇਹ ਅਸ਼ੁੱਧੀਆਂ ਦੂਰ ਕਰਨ ਦਾ ਮਸਲਾ ਹੀ ਦਰਅਸਲ ਕਈ ਸਮੱਸਿਆਵਾਂ ਦੀ ਜੜ੍ਹ ਹੈ। ਭੰਗਤਾ ਕੇਂਦਰ ਵਿੱਚ ਨਹੀਂ, ਬਲਕਿ ਉਸ ਦੇ ਭੌਤਿਕ ਸਰੂਪ ਵਿੱਚ ਹੈ। ਇਹ ਮਸਲਾ ਬੜਾ ਪੇਚੀਦਾ ਹੈ। ਇਹ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਾਰੇ ਧਰਮਾਂ ਲਈ ਕਦੀ ਨਾ ਕਦੀ ਚੁਣੌਤੀ ਬਣ ਕੇ ਸਾਹਮਣੇ ਆਇਆ ਹੋਇਆ ਹੈ। ਗਿਆਨੀ ਜਗਤਾਰ ਸਿੰਘ 'ਜਾਚਕ' ਹੁਰਾਂ ਕਿਤਾਬ ਵਿੱਚ ਧਰਮ ਗ੍ਰੰਥ ਪਰੰਪਰਾ ਅਤੇ ਭੌਤਿਕ ਸਰੂਪ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਇਤਿਹਾਸ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਹਵਾਲੇ ਨਾਲ ਇੱਕ ਬੱਝਵਾਂ ਸੰਵਾਦ ਵੀ ਸਿਰਜਿਆ ਹੈ। ਗਿਆਨੀ ਜਗਤਾਰ ਸਿੰਘ ਜਾਚਕ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਸਿੱਖਿਆ ਪ੍ਰਾਪਤ ਕਰ ਕੇ ਗੁਰੂ ਨਾਨਕ ਪਾਤਸ਼ਾਹ ਦੇ ਉਪਦੇਸ਼ਾਂ ਦੇ ਪ੍ਰਚਾਰ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਆਪ ਨੂੰ ਕੁਝ ਸਮੇਂ ਲਈ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਗ੍ਰੰਥੀ ਵਜੋਂ ਵੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਨੇ ਡੂੰਘੇ ਅਧਿਐਨ, ਸਿਦਕ-ਸਾਧਨਾ ਤੇ ਅਭਿਆਸ ਨਾਲ ਗੁਰੂ ਨਾਨਕ ਪਾਤਿਸ਼ਾਹ ਦੇ ਨਿਰਮਲ ਉਪਦੇਸ਼ਾਂ ਦੀ ਵਿਆਖਿਆ ਕਰਨ ਵਿਚ ਚੋਖੀ ਮੁਹਾਰਤ ਹਾਸਲ ਕਰ ਲਈ ਹੈ, ਜੋ ਹਰ ਵਰਗ ਦੇ ਸਰੋਤ ਨੂੰ ਕੀਲ ਲੈਣ ਦੀ ਸਮਰੱਥਾ ਰੱਖਦੀ ਹੈ। ਗੁਰਬਾਣੀ ਅਰਥ- ਬੋਧ, ਉਚਾਰਣ, ਗੁਰ-ਇਤਿਹਾਸ, ਤੱਤ ਗੁਰਮਤੀ ਫਲਸਫ਼ੇ ਅਤੇ ਚਲੰਤ ਪੰਥਕ ਮੁੱਦਿਆਂ ਬਾਰੇ ਆਪ ਦੇ ਅਨੇਕਾਂ ਖੋਜ ਭਰਪੂਰ ਤੇ ਸੰਤੁਲਿਤ ਲੇਖ ਦੇਸ਼-ਵਿਦੇਸ਼ ਦੇ ਰਸਾਲਿਆਂ ਆਦਿ ਵਿਚ ਛਪ ਚੁੱਕੇ ਹਨ। ਡਾ. ਪਰਮਿੰਦਰ ਸਿੰਘ ਸ਼ੌਕੀ ਦੀ ਭੂਮਿਕਾ ਅਤੇ ਸ. ਗਗਨਦੀਪ ਸਿੰਘ ਦਾ ਧੰਨਵਾਦ ਪੁਸਤਕ ਸਾਰੇ ਪੱਖਾਂ ਨੂੰ ਉਘੇੜ ਦੇਂਦੇ ਸਨ। ਉਮੀਦ ਹੈ ਇਸ ਕਿਤਾਬ ਦਾ ਸਿੱਖ ਜਗਤ ਭਰਪੂਰ ਸਵਾਗਤ ਕਰੇਗਾ ਤੇ ਇਹ ਕਿਤਾਬ ਬਹੁਤ ਸਾਰੀਆਂ ਉਲਝੀਆਂ ਤੰਦਾਂ ਨੂੰ ਸਮੇਟਣ ਵਿੱਚ ਸਾਨੂੰ ਸਫਲਤਾ ਪ੍ਰਦਾਨ ਕਰਾਏਗੀ।

-0-




# ਗੈਲੀਲਿਓ ਦਾ ਵਾਰਿਸ ਸਟੀਫਨ ਹਾਕਿੰਗ

**-ਪ੍ਰਿੰ. ਹਰੀ ਕ੍ਰਿਸ਼ਨ ਮਾਇਰ**

ਉਸ ਦਾ ਸਰੀਰ ਲਕਵੇ ਦਾ ਮਾਰਿਆ ਹੋਇਆ ਸੀ। ਪਹੀਆਂ ਵਾਲੀ ਕੁਰਸੀ ਉੱਤੇ, ਉਸ ਇਕ ਛੋਟਾ ਜਿਹਾ ਕੰਪਿਊਟਰ ਜੋੜਿਆ ਹੋਇਆ ਸੀ, ਜਿਸ ਰਾਹੀਂ ਉਹ ਬੋਲਦਾ ਸੀ। ਉਂਝ ਉਹ ਬੋਲਣ ਤੋਂ ਅਸਮਰੱਥ ਸੀ। ਤੁਸੀਂ ਠੀਕ ਸੋਚਿਆ ਹੈ, ਅਸੀਂ ਸਟੀਫ਼ਨ ਹਾਕਿੰਗ ਦੀ ਹੀ ਗੱਲ ਕਰ ਰਹੇ ਹਾਂ।

ਦੂਜੇ ਵਿਸ਼ਵ ਯੁੱਧ ਸਮੇਂ ਕੈਂਬਰਿਜ ਯੂਨੀਵਰਸਿਟੀ ਦੇ ਇਤਿਹਾਸਕ ਕਾਲਜ, ਜਰਮਨ ਬੰਬਾਂ ਦੇ ਨਿਸ਼ਾਨੇ 'ਤੇ ਸਨ। ਸਟੀਫ਼ਨ ਮਾਂ ਦੇ ਗਰਭ ਵਿਚ ਸੀ। ਮਾਂ ਬੱਚੇ ਨੂੰ ਸੁਰੱਖਿਅਤ ਜਨਮ ਦੇਣ ਲਈ ਆਕਸਫੋਰਡ ਚਲੀ ਗਈ ਸੀ। ਉਸ ਦਾ ਪਿਤਾ ਦਵਾਈਆਂ ਦੀ ਪੜ੍ਹਾਈ ਪੜ੍ਹਿਆ ਹੋਇਆ ਸੀ ਅਤੇ ਮਾਂ ਨੇ ਦਰਸ਼ਨ, ਸਿਆਸਤ ਅਤੇ ਅਰਥ ਸ਼ਾਸਤਰ ਦੇ ਵਿਸ਼ੇ ਪੜ੍ਹੇ ਸਨ। ਮੇਰੀ ਅਤੇ ਫਿਲਿਪਾ ਉਸ ਦੀਆਂ ਦੋ ਛੋਟੀਆਂ ਭੈਣਾਂ ਸਨ। ਇਕ ਮੁਤਬੰਨਾ ਭਾਈ ਐਡਵਾਰਡ ਫਰੈਂਕ ਡੇਵਿਡ ਵੀ ਸੀ।

ਹਾਕਿੰਗ ਨੇ ਹਾਈਗੇਟ ਲੰਡਨ ਦੇ ਬਾਇਰਾਨ ਹਾਊਸ ਸਕੂਲ ਤੋਂ ਪੜ੍ਹਾਈ ਦੀ ਸ਼ੁਰੂਆਤ ਕੀਤੀ। ਉਸ ਨੂੰ ਪੜ੍ਹਾਉਣ ਦਾ ਪ੍ਰਚੱਲਤ ਤਰੀਕਾ ਚੰਗਾ ਨਹੀਂ ਸੀ ਲਗਦਾ। ਜਦੋਂ ਉਸ ਦਾ ਪਿਤਾ ਪੈਰਾਸਿਟੌਲੋਜੀ ਦਾ ਮੁਖੀ ਬਣ ਕੇ ਮਿਲਹਿੱਲ ਦੀ ਕੌਮਾਂਤਰੀ ਮੈਡੀਕਲ ਖੋਜ ਸੰਸਥਾ ਵਿਚ, ਉੱਤਰੀ ਲੰਡਨ ਚਲਾ ਗਿਆ, ਉਦੋਂ ਸਟੀਫ਼ਨ ਅੱਠ ਵਰ੍ਹਿਆਂ ਦਾ ਸੀ। ਉਨ੍ਹਾਂ ਦੇ ਪਰਿਵਾਰ ਨੂੰ ਸੇਂਟ ਅਲਬੈਨਜ਼ ਜਾਣਾ ਪਿਆ। ਉੱਥੇ ਜਾ ਕੇ ਉਨ੍ਹਾਂ ਨੇ ਇਕ ਘਰ ਖਰੀਦ ਲਿਆ। ਘਰ ਮੁਰੰਮਤ ਪੱਖੋਂ ਮਾੜੀ ਹਾਲਤ ਵਿਚ ਸੀ। ਉਸ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟੇ ਹੋਏ ਸਨ। ਘਰ ਨੂੰ ਗਰਮ ਰੱਖਣ ਦਾ ਕੋਈ ਪ੍ਰਬੰਧ ਨਹੀਂ ਸੀ। ਉਨ੍ਹਾਂ ਦੇ ਘਰ ਆਣ ਜਾਣ ਵਾਲੇ ਇਹੀ ਕਹਿੰਦੇ, ਇਸ ਘਰ ਵਿਚ ਹੈ, ਤਾਂ ਸਾਰੇ ਸੁੱਘੜਸਿਆਣੇ, ਪਰ ਸਭ ਕਿਤਾਬਾਂ ਵਿਚ ਮੂੰਹ ਵਾੜੀ ਰੱਖਦੇ ਹਨ। ਇਹ ਗੱਲ ਤਾਂ ਹਾਕਿੰਗ ਦੇ ਨਵੇਂ ਬਣੇ ਦੋਸਤਾਂ ਨੂੰ ਵੀ ਬੁਰੀ ਲਗਦੀ ਸੀ। ਪਹਿਲਾਂ ਪਹਿਲਾਂ ਕੁਝ ਮਹੀਨੇ ਹਾਕਿੰਗ ਕੁੜੀਆਂ ਦੇ ਹਾਈ ਸਕੂਲ ਵਿਚ ਪੜ੍ਹਦਾ ਰਿਹਾ ਸੀ। ਇਕ ਵਾਰ ਸਰਦੀ ਦੀ ਰੁੱਤੇ ਉਸ ਦੇ ਪਿਤਾ ਨੇ ਟੂਰ ਤੇ ਅਫ਼ਰੀਕਾ ਜਾਣ ਦੀ ਸਲਾਹ ਬਣਾਈ। ਟੂਰ 'ਤੇ ਪਿਤਾ ਦੇ ਜਾਣ ਪਿੱਛੋਂ, ਸਟੀਫ਼ਨ ਦੀ ਮਾਂ ਚਾਰ ਮਹੀਨੇ ਮਜ਼ੋਰਕਾ ਟਾਪੂ 'ਤੇ, ਆਪਣੀ ਸਹੇਲੀ ਬਰਾਇਲ ਦੇ ਘਰ ਠਹਿਰੀ ਸੀ। ਬਰਾਇਲ ਪ੍ਰਸਿੱਧ ਕਵੀ ਰਾਬਰਟ ਗ੍ਰੇਵਜ ਦੀ ਪਤਨੀ ਸੀ। ਇੱਥੇ ਰਹਿੰਦਿਆਂ ਸਟੀਫ਼ਨ ਉਸ ਦੇ ਪੁੱਤਰ ਵਿਲੀਅਮ ਦੇ ਟਿਊਟਰ ਕੋਲ ਹੀ ਪੜ੍ਹਦਾ ਰਿਹਾ। ਇੰਗਲੈਂਡ ਮੁੜਨ 'ਤੇਉਹ ਰੈੱਡਲੈਟ ਸਕੂਲ ਵਿਚ ਪੜ੍ਹਨ ਲੱਗਾ। ਇਕ ਸਾਲ ਪਿੱਛੋਂ ਉਹ ਸੇਂਟ ਅਲਬੈਨਜ਼ ਸਕੂਲ ਵਿਚ ਚਲਾ ਗਿਆ। ਇਥੇ ਉਸ ਦਾ ਝੁਕਾਓ ਵਧੇਰੇ ਵਿਗਿਆਨ ਦੇ ਵਿਸ਼ੇ ਵੱਲ ਹੋ ਗਿਆ ਸੀ।



ਉਸ ਨੇ ਆਪਣੇ ਗਣਿਤ ਅਧਿਆਪਕ ਡਿਕਟਾਨ ਟਾਹਟਾ ਨਾਲ ਮਿਲ ਕੇ ਕਲਾਕ ਅਤੇ ਟੈਲੀਫ਼ੋਨ ਦੇ ਸਵਿਚ ਬੋਰਡ ਨਾਲ, ਇਕ ਕੰਪਿਊਟਰ ਵੀ ਤਿਆਰ ਕੀਤਾ ਸੀ। ਆਪਣੇ ਗਣਿਤ ਅਧਿਆਪਕ ਦੇ ਪ੍ਰਭਾਵ ਹੇਠ, ਉਸ ਦੀ ਰੁਚੀ ਗਣਿਤ ਪੜ੍ਹਨ ਵੱਲ ਵੀ ਵਧੀ ਸੀ। ਉਸ ਦਾ ਪਿਤਾ ਚਾਹੁੰਦਾ ਸੀ ਕਿ ਉਹ ਦਵਾਈਆਂ ਦੀ ਪੜ੍ਹਾਈ ਕਰੇ ਕਿਉਂਕਿ ਗਣਿਤ ਪੜ੍ਹ ਕੇ ਨੌਕਰੀ ਘੱਟ ਮਿਲਦੀ ਸੀ।

ਵਜ਼ੀਫ਼ੇ ਦੀ ਪ੍ਰੀਖਿਆ ਪਾਸ ਕਰਕੇ ਉਹ ਆਕਸਫੋਰਡ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ। ਇਥੇ ਸਟੀਫ਼ਨ ਗ਼ਲਤ ਸੰਗਤ ਦਾ ਸ਼ਿਕਾਰ ਵੀ ਹੋਇਆ ਅਤੇ ਪੜ੍ਹਾਈ ਵਿਚ ਪਛੜਿਆ ਵੀ। ਸਾਲਾਨਾ ਪ੍ਰੀਖਿਆ ਵਿਚ ਉਸ ਨੇ ਯਥਾਰਥਿਕ ਸਵਾਲ ਛੱਡ ਦੇਣ ਅਤੇ ਸਿਧਾਂਤਕ ਫਿਜ਼ਿਕਸ ਵਾਲੇ ਪ੍ਰਸ਼ਨਾਂ ਦੇ ਉੱਤਰ ਦੇਣ ਦਾ ਫ਼ੈਸਲਾ ਕੀਤਾ। ਪੇਪਰਾਂ ਤੋਂ ਪਹਿਲਾਂ ਦੀ ਰਾਤ ਉਹ ਘੱਟ ਹੀ ਸੌਂਦਾ ਸੀ। ਕੈਂਬਰਿਜ ਯੂਨੀਵਰਸਿਟੀ ਵਿਚ ਕਾਸਮਾਲੋਜੀ ਦੀ ਗ੍ਰੈਜੂਏਸ਼ਨ ਵਿਚ ਦਾਖਲਾ ਲੈਣ ਲਈ ਫ਼ਸਟ ਕਲਾਸ ਆਨਰਜ਼ ਦੀ ਡਿਗਰੀ ਲੋੜੀਂਦੀ ਸੀ। ਪਰ ਜਦੋਂ ਰਿਜ਼ਲਟ ਆਇਆ ਤਾਂ ਉਹ ਫ਼ਸਟ ਅਤੇ ਸੈਕਿੰਡ ਕਲਾਸ ਦੇ ਵਿਚਕਾਰ ਸੀ। ਜ਼ੁਬਾਨੀ ਪ੍ਰੀਖਿਆ ਜ਼ਰੂਰੀ ਸੀ। ਜਦੋਂ ਜ਼ੁਬਾਨੀ ਪ੍ਰੀਖਿਆ ਵਿਚ ਪ੍ਰੀਖਿਅਕ ਨੇ ਉਸ ਨੂੰ ਭਵਿੱਖ ਦੀ ਯੋਜਨਾ ਦੱਸਣ ਲਈ ਕਿਹਾ। ਸਟੀਫ਼ਨ ਬੋਲਿਆ, ਜੇ ਤੁਸੀਂ ਮੈਨੂੰ ਫ਼ਸਟ ਕਲਾਸ ਦਿਓਗੇ ਤਾਂ ਮੈਂ ਕੈਂਬਰਿਜ ਚਲਾ ਜਾਵਾਂਗਾ। ਜੇ ਮੈਨੂੰ ਸੈਕਿੰਡ ਕਲਾਸ ਮਿਲੀ ਤਾਂ ਮੈ ਆਕਸਫੋਰਡ ਹੀ ਰਹਾਂਗਾ। ਸੋ ਮੈਨੂੰ ਆਸ ਹੈ ਕਿ ਤੁਸੀਂ ਮੈਨੂੰ ਫ਼ਸਟ ਕਲਾਸ ਹੀ ਦਿਓਗੇ। ਉਸ ਨੂੰ ਪ੍ਰੀਖਿਅਕ ਨੇ ਉਮੀਦ ਤੋਂ ਵੱਧ ਨੰਬਰ ਦਿੱਤੇ ਸਨ। ਇੰਜ ਉਹ ਫ਼ਸਟ ਕਲਾਸ ਵਿਚ ਆਨਰ ਕਰਕੇ ਟ੍ਰਿਨਿਟੀ ਹਾਲ ਕੈਂਬਰਿਜ ਵਿਚ ਅੱਗੇ ਪੜ੍ਹਨ ਦੇ ਯੋਗ ਹੋ ਗਿਆ ਸੀ।

ਇਸ ਪਿੱਛੋਂ ਉਹ ਸਰੀਰਕ ਬਿਮਾਰੀ ਨਾਲ ਜੂਝਣ ਲੱਗਾ। ਉਹ ਪੌੜੀਆਂ ਥੱਲੇ ਪੈਂਦਾ। ਉਹ ਜੋ ਬੋਲਦਾ ਸਮਝ ਨਾ ਪੈਂਦਾ। ਘਰਦਿਆਂ ਨੂੰ ਤਾਂ ਉਦੋਂ ਪਤਾ ਲੱਗਾ ਜਦੋਂ ਉਹ ਕ੍ਰਿਸਮਸ ਦੀਆਂ ਛੁੱਟੀਆਂ ਵਿਚ ਘਰ ਆਇਆ ਸੀ। ਮੈਡੀਕਲ ਚੈੱਕਅਪ ਕਰਾਇਆ ਤਾਂ ਮੋਟਰ ਨਿਊਰੋਨ ਦੀ ਬਿਮਾਰੀ ਦਾ ਪਤਾ ਲੱਗਾ। ਡਾਕਟਰ ਨੇ ਕਿਹਾ, ਇਹ ਵੱਧ ਤੋਂ ਵੱਧ ਦੋ ਸਾਲ ਹੋਰ ਜੀਵੇਗਾ। ਪਰ ਉਹ ਪੰਜਾਹ ਸਾਲ ਤੋਂ ਵੱਧ ਹੋਰ ਜਿਉਂਦਾ ਰਿਹਾ। ਉਸ ਨੇ ਉਹ ਕੁਝ ਕਰ ਦਿਖਾਇਆ ਜੋ ਇਕ ਚੰਗਾ ਭਲਾ ਤੰਦਰੁਸਤ ਬੰਦਾ ਨਹੀਂ ਕਰ ਸਕਦਾ। ਉਸ ਦੀ ਦੇਖ ਰੇਖ ਅਧੀਨ 39 ਖੋਜਾਰਥੀਆਂ ਨੇ ਪੀ. ਐਚ. ਡੀ. ਦੀ ਡਿਗਰੀ ਹਾਸਿਲ ਕੀਤੀ। ਗੈਲੀਲਿਓ ਦਾ ਵਾਰਿਸ ਹਾਕਿੰਗ ਬ੍ਰਹਿਮੰਡ ਦੇ ਰਹੱਸਾਂ ਤੋਂ ਪਰਦੇ ਹਟਾ ਕੇ, ਕਾਲੇ ਛੇਦਾਂ ਅਤੇ ਇਕਮਾਤਰਤਾਵਾਂ (ਸ}ਨ{ਫ਼ਓਰ}ਟ}ਇਸ) ਜਿਹੇ ਨਵੇਂ ਸੰਕਲਪ ਸਿਰਜ ਕੇ ਆਪਣੀ ਪ੍ਰਚੰਡ ਮਨੋਇੱਛਾ ਦੀ ਇਕ ਮਿਸਾਲ ਬਣ ਗਿਆ। ਆਪਣੀ ਧੀ ਲੂਸੀ ਨਾਲ ਮਿਲ ਕੇ ਉਸ ਨੇ ਬੱਚਿਆਂ ਲਈ ਵਿਗਿਆਨਕ ਜਾਣਕਾਰੀ ਦੀਆਂ ਨਿਮਨ ਕਿਤਾਬਾ ਵੀ ਲਿਖੀਆ ਹਨ-ਜਾਰਜ ਸੀਕਰਟ ਕੀ ਟੂ ਯੂਨੀਵਰਸ, ਜਾਰਜ ਕਾਸਮਿਕ ਟਰੇਜਰ ਹੰਟ, ਜਾਰਜ ਐਂਡ ਬਲੂ ਮੂਨ, ਜਾਰਜ ਐਂਡ ਬਿਗ ਬੈਂਗ ਇਸ ਦੇ ਨਾਲ ਹੀ ਉਸ ਉੱਪਰ ਬਣੇ ਕਈ ਸੀਰੀਅਲ ਅਤੇ ਫ਼ਿਲਮਾਂ ਵੀ ਉਪਲਬਧ ਹਨ।

-0-

# ਹੀਟਰ ਕਮਰਾ ਗਰਮ ਕਿਵੇਂ ਕਰਦਾ ਹੈ?

ਸਾਡੇ ਆਲੇ ਦੁਆਲੇ ਹਵਾ ਇੱਕ ਗਿਲਾਫ਼ ਦੀ ਤਰ੍ਹਾਂ ਫੈਲੀ ਹੋਈ ਹੈ। ਸਾਡੇ ਸੌਣ ਵਾਲੇ ਕਮਰੇ ਅੰਦਰ ਜੋ ਹਵਾ ਹੁੰਦੀ ਹੈ, ਉਹ ਵੀ ਇਸੇ ਹਵਾ ਦਾ ਹੀ ਇੱਕ ਹਿੱਸਾ ਹੁੰਦੀ ਹੈ। ਪਰ ਹੀਟਰ ਸਾਡੇ ਕਮਰੇ ਨੂੰ ਗਰਮ ਕਿਵੇਂ ਕਰਦਾ ਹੈ? ਇਹ ਦੱਸਣ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਠੰਢੀ ਹਵਾ ਭਾਰੀ ਅਤੇ ਗਰਮ ਹਵਾ ਹਲਕੀ ਹੁੰਦੀ ਹੈ। ਇਸ ਤੋਂ ਭਾਵ ਹੈ ਕਿ ਕਮਰੇ ਵਿੱਚ ਚਲਦੇ ਹੀਟਰ ਦੇ ਸੰਪਰਕ ਵਿੱਚ ਆਈ ਹਵਾ ਗਰਮ (ਹਲਕੀ) ਹੋ ਜਾਂਦੀ ਹੈ ਜੋ ਉੱਪਰ ਤੋਂ ਠੰਢੀ ਹਵਾ (ਭਾਰੀ) ਦਾ ਭਾਰ ਸਹਿਣ ਨਾ ਕਰਦੀ ਹੋਈ ਉੱਪਰ ਛੱਤ ਤੱਕ ਉੱਡਦੀ ਰਹਿੰਦੀ ਹੈ ਅਤੇ ਠੰਢੀ ਹਵਾ ਹੀਟਰ ਕੋਲ ਆਉਂਦੀ ਰਹਿੰਦੀ ਹੈ ਅਤੇ ਹਲਕੀ (ਗਰਮ) ਹੋ ਕੇ ਉੱਪਰ ਉੱਠਦੀ ਰਹਿੰਦੀ ਹੈ। ਸਾਡੇ ਕਮਰੇ ਵਿੱਚ ਹੀਟਰ ਚੱਲਣ 'ਤੇ ਲਗਾਤਾਰ ਇਹ ਕਿਰਿਆ ਚਲਦੀ ਰਹਿੰਦੀ ਹੈ ਜਿਸ ਦੌਰਾਨ ਸਾਡਾ ਕਮਰਾ ਗਰਮ ਹੋ ਜਾਂਦਾ ਹੈ ਜੋ ਗਰਮ ਹਵਾ ਨਾਲ ਫੁੱਲ ਹੋ ਜਾਂਦਾ ਹੈ।

ਉਸਦੇ ਅਧਿਆਪਕ ਵੀ ਖ਼ੁਸ਼ ਸਨ ਕਿ ਹਰਮੀਤ ਹੁਣ ਲਗਾਤਾਰ ਸਕੂਲ ਆ ਰਹੀ ਸੀ ਅਤੇ ਹੋਰ ਜ਼ਿਆਦਾ ਮਿਹਨਤ ਵੀ ਕਰ ਰਹੀ ਸੀ। ਉਸਦੇ ਅਧਿਆਪਕ ਸੋਚਦੇ ਕਿ ਜੇਕਰ ਇਸੇ ਤਰ੍ਹਾਂ ਇਹ ਲੜਕੀ ਹਿੰਮਤ ਨਾ ਹਾਰੇ ਤਾਂ ਉਹ ਬਹੁਤ ਅੱਗੇ ਤਕ ਪੜ੍ਹ ਸਕੇਗੀ। ਹਰਮੀਤ ਨੇ ਪੂਰੀ ਲਗਨ ਅਤੇ ਮਿਹਨਤ ਨਾਲ ਸਾਲਾਨਾ ਇਮਤਿਹਾਨ ਦਿੱਤੇ। ਉਸਦੇ ਸਾਰੇ ਪੇਪਰ ਬਹੁਤ ਵਧੀਆ ਹੋਏ ਅਤੇ ਉਹ ਚੰਗੇ ਅੰਕ ਲੈ ਕੇ ਪਾਸ ਹੋ ਗਈ।

-0-

# ਅੱਗ ਦੀ ਲਾਟ ਉੱਪਰ ਵੱਲ ਕਿਉਂ ਜਾਂਦੀ ਹੈ?

-ਜੱਗਾ ਸਿੰਘ ਆਦਮਕੇ
# 94178-32908

ਬੱਚਿਓ! ਜਦੋਂ ਵੀ ਤੁਸੀਂ ਬਲਦੀ ਅੱਗ ਨੂੰ ਵੇਖਦੇ ਹੋ ਤਾਂ ਅਕਸਰ ਹੀ ਬਹੁਤਿਆਂ ਦੇ ਮਨਾਂ ਵਿੱਚ ਇਹ ਸਵਾਲ ਪੈਦਾ ਹੁੰਦਾ ਹੋਏਗਾ ਕਿ ਬਲਦੀ ਅੱਗ ਦੀ ਲਾਟ ਉੱਪਰ ਵੱਲ ਹੀ ਕਿਉਂ ਜਾ ਰਹੀ ਹੈ? ਕਿਸੇ ਬਲਦੀ ਵਸਤੂ ਦੇ ਹੇਠਾਂ ਥਾਂ ਹੋਣ ਦੇ ਬਾਵਜੂਦ ਵੀ ਅੱਗ ਦੀ ਲਾਟ ਹੇਠਾਂ ਵੱਲ ਕਿਉਂ ਨਹੀਂ ਜਾਂਦੀ? ਜਾਂ ਹਵਾ ਨਾ ਵਗਦੀ ਹੋਣ ਦੀ ਸੂਰਤ ਵਿੱਚ ਇਹ ਆਸੇ ਪਾਸੇ ਕਿਉਂ ਨਹੀਂ ਜਾਂਦੀ? ਅਜਿਹਾ ਹੋਣ ਪਿੱਛੇ ਗੈਸਾਂ ਹਨ। ਜਦੋਂ ਕਿਸੇ ਬਲਣਸ਼ੀਲ ਪਦਾਰਥ ਨੂੰ ਜਲਾਇਆ ਜਾਂਦਾ ਹੈ ਤਾਂ ਇਸ ਵਿੱਚੋਂ ਕਾਰਬਨ, ਹਾਈਡਰੋਜਨ ਵਰਗੀਆਂ ਜਲਣਸ਼ੀਲ ਗੈਸਾਂ ਨਿਕਲਦੀਆਂ ਹਨ। ਇਹ ਗੈਸਾਂ ਹਲਕੀਆਂ ਹੋਣ ਕਾਰਨ ਬਲਦੀਆਂ ਹੋਈਆਂ ਉੱਪਰ ਉੱਠਦੀਆਂ ਹਨ ਅਤੇ ਲਾਟ ਦੇ ਰੂਪ ਵਿੱਚ ਵਿਖਾਈ ਦਿੰਦੀਆਂ ਹਨ। ਅਜਿਹਾ ਹੋਣ ਕਾਰਨ ਹੀ ਸਾਡੇ ਵੱਲੋਂ ਮਾਰੀ ਫੂਕ ਜਾਂ ਵਗਦੀ ਹੋਈ ਹਵਾ ਕਾਰਨ ਲਾਟ ਦਾ ਡੋਲਣਾ ਵੀ ਇਨ੍ਹਾਂ ਗੈਸਾਂ ਕਾਰਨ ਹੀ ਹੁੰਦਾ ਹੈ। ਜਦੋਂ ਹਵਾ ਨਹੀਂ ਵਗ ਰਹੀ ਹੁੰਦੀ ਤਾਂ ਇਹ ਗੈਸਾਂ ਸਿੱਧੀਆਂ ਉੱਪਰ ਵੱਲ ਉੱਠਦੀਆਂ ਹਨ। ਵੱਖ ਵੱਖ ਬਲਣਸ਼ੀਲ ਪਦਾਰਥਾਂ ਦੀਆਂ ਲਾਟਾਂ ਦੇ ਰੰਗਾਂ ਵਿੱਚ ਵੀ ਅੰਤਰ ਹੁੰਦਾ ਹੈ। ਅਜਿਹਾ ਉਸ ਬਲਣਸ਼ੀਲ ਪਦਾਰਥ ਵਿੱਚੋਂ ਨਿਕਲਦੀਆਂ ਗੈਸਾਂ 'ਤੇ ਨਿਰਭਰ ਕਰਦਾ ਹੈ। ਕਈ ਪਦਾਰਥਾਂ ਦੇ ਜਲਣ 'ਤੇ ਕਈ ਨਾ ਬਲਣਯੋਗ ਗੈਸਾਂ ਦੀ ਬਹੁਤਤਾ ਹੁੰਦੀ ਹੈ। ਇਹ ਨਾ ਬਲਣਯੋਗ ਪਦਾਰਥ ਗਰਮ ਹੋ ਕੇ ਚਮਕਦੇ ਹਨ। ਇਨ੍ਹਾਂ ਦੀ ਲਾਟ ਪੀਲੀ ਚਮਕਦਾਰ ਹੁੰਦੀ ਹੈ। ਮੋਮਬੱਤੀ, ਲੱਕੜ, ਮਿੱਟੀ ਦਾ ਤੇਲ ਆਦਿ ਤੋਂ ਚਮਕਦਾਰ ਲਾਟ ਪੈਦਾ ਹੁੰਦੀ ਹੈ। ਅਜਿਹਾ ਇਨ੍ਹਾਂ ਪਦਾਰਥਾਂ ਦੇ ਜਲਣ ਤੋਂ ਪੈਦਾ ਗੈਸਾਂ ਵਿੱਚ ਕੁਝ ਨਾ ਬਲਣਯੋਗ ਪਦਾਰਥਾਂ ਕਾਰਨ ਹੁੰਦਾ ਹੈ। ਜਦੋਂਕਿ ਪੂਰੀ ਤਰ੍ਹਾਂ ਜਲਣਸ਼ੀਲ ਗੈਸਾਂ ਪੈਦਾ ਕਰਨ ਵਾਲੇ ਪਦਾਰਥਾਂ ਦੀ ਲਾਟ ਨੀਲੇ ਰੰਗ ਦੀ ਹੁੰਦੀ ਹੈ।

-0-

# ਲਾਲਚੀ ਲੱਕੜਹਾਰਾ

ਬੱਚਿਓ, ਤੁਸੀਂ ਇਮਾਨਦਾਰ ਲੱਕੜਹਾਰੇ ਦੀ ਕਹਾਣੀ ਤਾਂ ਜ਼ਰੂਰ ਪੜ੍ਹੀ ਹੋਵੇਗੀ ਕਿ ਕਿਵੇਂ ਨਦੀ ਦੇ ਦੇਵਤੇ ਨੇ ਉਸ ਦੀ ਇਮਾਨਦਾਰੀ ਤੋਂ ਖ਼ੁਸ਼ ਹੋ ਕੇ ਤਿੰਨੇ ਹੀ ਕੁਹਾੜੇ (ਸੋਨੇ, ਚਾਂਦੀ ਤੇ ਉਸ ਦਾ ਲੋਹੇ ਦਾ) ਉਸ ਨੂੰ ਦਿੱਤੇ ਸੀ ਪਰ ਇਹ ਆਧੁਨਿਕ ਲੱਕੜਹਾਰਾ, ਉਸ ਲੱਕੜਹਾਰੇ ਦੀ ਤਰ੍ਹਾਂ ਇਮਾਨਦਾਰ ਅਤੇ ਮਿਹਨਤੀ ਨਹੀਂ ਹੈ। ਉਹ ਕੰਮ ਵੀ ਨਹੀਂ ਸੀ ਕਰਨਾ ਚਾਹੁੰਦਾ ਤੇ ਰਾਤੋ-ਰਾਤ ਅਮੀਰ ਵੀ ਹੋਣਾ ਚਾਹੁੰਦਾ ਹੈ। ਇਸ ਆਧੁਨਿਕ ਲੱਕੜਹਾਰੇ ਨੂੰ ਜੇਕਰ ਪਿੰਡ ਵਿਚੋਂ ਕੋਈ ਵਿਅਕਤੀ ਆਪਣੇ ਖੇਤਾਂ ਵਿਚ ਕੰਮ ਕਰਨ ਲਈ ਦਿਹਾੜੀ 'ਤੇ ਜਾਣ ਲਈ ਕਹਿੰਦਾ ਤਾਂ ਉਹ ਉਸ ਨੂੰ ਕੰਮ 'ਤੇ ਜਾਣ ਤੋਂ ਝੱਟ ਮਨ੍ਹਾਂ ਕਰ ਦਿੰਦਾ। ਬੜੀ ਮੁਸ਼ਕਿਲ ਨਾਲ ਲੱਕੜਹਾਰੇ ਦੀ ਪਤਨੀ ਲੋਕਾਂ ਦੇ ਘਰਾਂ ਵਿਚ ਚੁੱਲ੍ਹਾ-ਚਾਕਾ ਕਰਕੇ ਘਰ ਦਾ ਗੁਜ਼ਾਰਾ ਕਰਦੀ ਸੀ।

ਇਸ ਆਧੁਨਿਕ ਲੱਕੜਹਾਰੇ ਦੀ ਪਤਨੀ ਨੇ ਉਸ ਨੂੰ ਬਥੇਰਾ ਕੋਈ ਕੰਮਕਾਰ ਕਰਨ ਲਈ ਜ਼ੋਰ ਲਾਇਆ ਪਰ ਉਸ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ। ਲੱਕੜਹਾਰੇ ਦੀ ਇਸੇ ਮਨੋਬਿਰਤੀ ਦੇ ਚਲਦਿਆਂ ਅਕਸਰ ਹੀ ਦੋਵਾਂ ਵਿਚਾਲੇ ਝਗੜਾ ਰਹਿੰਦਾ ਸੀ। ਇਸ ਰੋਜ਼ਾਨਾ ਝਗੜੇ ਤੋਂ ਤੰਗ ਆ ਕੇ ਲੱਕੜਹਾਰੇ ਦੀ ਪਤਨੀ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਪੇਕੇ ਘਰ ਚਲੀ ਗਈ। ਹੁਣ ਲੱਕੜਹਾਰੇ ਨੂੰ ਘਰ ਵਿਚ ਰੋਕਣ-ਟੋਕਣ ਵਾਲਾ ਕੋਈ ਨਹੀਂ ਤੇ ਆਪਣੀਆਂ ਮਨਮਰਜ਼ੀਆਂ ਕਰਦਾ। ਸਵੇਰ ਤੋਂ ਹੀ ਘਰੋਂ ਨਿਕਲ ਜਾਂਦਾ ਤੇ ਸਾਰਾ ਦਿਨ ਪਿੰਡ ਦੇ ਲੋਕਾਂ ਦੀ ਸੱਥ ਵਿਚ ਬੈਠਾ ਰਹਿੰਦਾ ਤੇ ਦੇਰ ਰਾਤ ਘਰ ਵੜਦਾ।

ਇਕ ਦਿਨ ਬੈਠੇ-ਬੈਠੇ ਇਸ ਆਧੁਨਿਕ ਲੱਕੜਹਾਰੇ ਨੇ ਇਕ ਜੁਗਤ ਲੜਾਈ ਕਿ ਕਿਉਂ ਨਾ ਆਪਣੇ ਬਜ਼ੁਰਗ ਦੀ ਤਰ੍ਹਾਂ ਹੀ ਸੋਨੇ ਤੇ ਚਾਂਦੀ ਦੇ ਕੁਹਾੜੇ ਹਾਸਲ ਕੀਤੇ ਜਾਣ। ਅਗਲੇ ਹੀ ਦਿਨ ਸਵੇਰੇ ਸਹਿਜਰੇ ਹੀ ਉਹ ਆਪਣਾ ਲੋਹੇ ਦਾ ਕੁਹਾੜਾ ਚੁੱਕ ਕੇ ਲੱਕੜਾਂ ਕੱਟਣ ਲਈ ਜੰਗਲ ਵੱਲ ਚੱਲ ਪਿਆ ਅਤੇ ਜਾਂਦੇ-ਜਾਂਦੇ ਆਪਣੇ ਮਨ ਵਿਚ ਕਈ ਤਰ੍ਹਾਂ ਦੀਆਂ ਜੁਗਤਾਂ ਘੜ ਰਿਹਾ ਸੀ। ਜੰਗਲ ਵਿਚ ਪਹੁੰਚ ਕੇ ਇਸ ਆਧੁਨਿਕ ਲੱਕੜਹਾਰੇ ਨੇ ਨਦੀ ਦੇ ਕਿਨਾਰੇ ਲੱਗੇ ਇਕ ਦਰੱਖ਼ਤ 'ਤੇ ਚੜ੍ਹ ਕੇ ਲੱਕੜਾਂ ਕੱਟਣੀਆਂ ਸ਼ੁਰੂ ਦਿੱਤੀਆਂ ਤੇ ਜਾਣ-ਬੁੱਝ ਕੇ ਲੱਕੜਾਂ ਕੱਟਦੇ ਹੋਏ ਨੇ ਆਪਣਾ ਕੁਹਾੜਾ ਨਦੀ ਵਿਚ ਸੁੱਟ ਦਿੱਤਾ ਅਤੇ ਨਦੀ ਦੇ ਕਿਨਾਰੇ ਬੈਠ ਕੇ ਮਗਰਮੱਛ ਦੇ ਹੰਝੂ ਵਹਾਉਣ ਲੱਗ ਪਿਆ। ਉਸ ਦਾ ਰੋਣਾ ਸੁਣ ਕੇ ਨਦੀ ਦਾ ਦੇਵਤਾ ਪ੍ਰਗਟ ਹੋ ਗਿਆ ਅਤੇ ਨਦੀ ਦੇ ਦੇਵਤੇ ਨੇ ਉਸ ਦੇ ਰੋਣ ਦਾ ਕਾਰਨ ਪੁੱਛਿਆ। ਆਧੁਨਿਕ ਲੱਕੜਹਾਰੇ ਨੇ ਆਪਣਾ ਘੜਿਆ-ਘੜਾਇਆ ਜਵਾਬ ਦਿੱਤਾ, ਦੇਵਤਾ ਜੀ, ਮੈਂ ਬਹੁਤ ਗ਼ਰੀਬ ਹਾਂ ਤੇ ਇਸ ਦਰੱਖ਼ਤ 'ਤੇ ਚੜ੍ਹ ਕੇ ਲੱਕੜਾਂ ਕੱਟ ਰਿਹਾ ਸੀ ਕਿ ਅਚਾਨਕ ਮੇਰੇ ਹੱਥ ਵਿਚੋਂ ਮੇਰਾ ਕੁਹਾੜਾ ਛੁੱਟ ਗਿਆ ਤੇ ਇਸ ਨਦੀ ਵਿਚ ਡਿੱਗ ਪਿਆ। ਨਦੀ ਦੇ ਦੇਵਤੇ ਨੇ ਲੱਕੜਹਾਰੇ ਨੂੰ ਕਿਹਾ ਕਿ ਤੁਸੀਂ ਨਿਰਾਸ਼ ਨਾ ਹੋਵੋ, ਮੈਂ ਤੁਹਾਡਾ ਕੁਹਾੜਾ ਹੁਣੇ ਲੈ ਕੇ ਆਇਆ। ਦੇਵਤੇ ਨੇ ਪਾਣੀ ਵਿਚ ਚੁੱਭੀ ਮਾਰੀ ਤੇ ਸੋਨੇ ਦਾ ਕੁਹਾੜਾ ਲੈ ਕੇ ਆ ਗਿਆ। ਨਦੀ ਦੇ ਦੇਵਤੇ ਦੇ ਪੁੱਛਣ ਤੋਂ ਪਹਿਲਾਂ ਹੀ ਲਾਲਚੀ ਲੱਕੜਹਾਰਾ ਬੋਲ ਪਿਆ, 'ਮਹਾਰਾਜ, ਮਹਾਰਾਜ, ਇਹੋ ਹੀ ਮੇਰਾ ਕੁਹਾੜਾ ਹੈ' ਅਤੇ ਨਦੀ ਦੇ ਦੇਵਤੇ ਨੂੰ ਪਾਣੀ ਵਿਚ ਦੂਜੀ ਚੁੱਭੀ ਮਾਰਨ ਦਾ ਮੌਕਾ ਹੀ ਨਹੀਂ ਦਿੱਤਾ।

ਲਾਲਚੀ ਲੱਕੜਹਾਰਾ ਹੁਣ ਸੋਨੇ ਦਾ ਕੁਹਾੜਾ ਪਾ ਕੇ ਬਹੁਤ ਖ਼ੁਸ਼ ਸੀ ਤੇ ਮਨ ਹੀ ਮਨ ਵਿਚ ਨਵੀਆਂ-ਨਵੀਆਂ ਸਕੀਮਾਂ ਘੜ ਰਿਹਾ ਸੀ। ਸੋਚ ਰਿਹਾ ਸੀ ਕਿ ਮੈਂ ਇਸ ਸੋਨੇ ਦੇ ਕੁਹਾੜੇ ਨੂੰ ਵੇਚ ਕੇ ਇਕ ਵਧੀਆ ਘਰ ਬਣਾਵਾਂਗਾ, ਆਪਣੀ ਘਰ ਵਾਲੀ ਲਈ ਗਹਿਣੇ ਬਣਵਾਵਾਂਗਾ ਅਤੇ ਪੂਰੀ ਜ਼ਿੰਦਗੀ ਐਸ਼ੋ-ਆਰਾਮ ਨਾਲ ਬਿਤਾਵਾਂਗਾ।

ਘਰ ਜਾਣ ਵੇਲੇ ਲਾਲਚੀ ਲੱਕੜਹਾਰੇ ਨੂੰ ਰਸਤੇ ਵਿਚ ਹੀ ਸ਼ਾਮ ਪੈ ਗਈ। ਰਸਤੇ ਵਿਚ ਕੁਝ ਲੁਟੇਰਿਆਂ ਨੇ ਇਸ ਲਾਲਚੀ ਲੱਕੜਹਾਰੇ ਨੂੰ ਘੇਰ ਲਿਆ ਤੇ ਹੱਥ ਵਿਚ ਫੜਿਆ ਥੈਲਾ ਵਿਖਾਉਣ ਨੂੰ ਕਿਹਾ। ਹੁਣ ਲਾਲਚੀ ਲੱਕੜਹਾਰਾ ਥੈਲਾ ਨਾ ਵਿਖਾਵੇ। ਥੈਲਾ ਨਾ ਵਿਖਾਉਣ 'ਤੇ ਲੁਟੇਰਿਆਂ ਨੇ ਲਾਲਚੀ ਲੱਕੜਹਾਰੇ ਨੂੰ ਖ਼ੂਬ ਕੁਟਾਪਾ ਚਾੜ੍ਹਿਆ ਤੇ ਉਸ ਨੇ ਉਥੇ ਹੀ ਆਪਣਾ ਥੈਲਾ ਸੁੱਟ ਦਿੱਤਾ ਅਤੇ ਮਸਾਂ ਹੀ ਆਪਣੀ ਜਾਨ ਬਚਾ ਕੇ ਭੱਜਿਆ।

-0-

# ਸਾਡਾ ਇਤਿਹਾਸ ਨੰ. 2

## ਸਿੱਖ ਇਤਿਹਾਸ ਦੇ ਸੋਮੇਂ

ਕਰਮ ਸਿੰਘ ਹਿਸਟੋਰੀਅਨ

ਮੇਰੇ ਮਿੱਤਰ ਇਕ ਪ੍ਰੋਫੈਸਰ ਜੀ ਖਾਲਸਾ ਕਾਲਜ ਮੈਨੂੰ ਇਉਂ ਲਿਖਦੇ ਹਨ:-

"ਐਤਕੀਂ ਫੁਲਵਾੜੀ' ਵਿਚ ਤੁਹਾਡਾ ਇਤਿਹਾਸ ਦੇ ਵਾਚਨ ਪੁਰ ਲੇਖ ਪੜ੍ਹ ਕੇ ਖਿਆਲ ਆਇਆ ਹੈ ਕਿ ਵਾਚ ਕੇ ਫਿਰ ਹੋਰਨਾਂ ਨੂੰ ਤਾਂ ਕੁਝ ਲਾਭ ਨਾ ਪੁੱਜਾ। ਜੋ ਗੱਲਾਂ ਤੁਹਾਡੇ ਸਾਹਮਣੇ ਸਪਸ਼ਟ ਹਨ, ਉਹ ਕਦੀ ਕਲਮ ਹੇਠ ਲਿਆ ਦੇਂਦੇ ਤਾਂ ਕਈਆਂ ਹੋਰਨਾਂ ਦੇ ਔਖ ਆਸਾਨ ਹੋ ਜਾਂਦੇ।"

"ਮੈਨੂੰ ਸ਼ਹੀਦਾਂ ਤੋਂ ਪਿੱਛੋਂ ਦੇ ਇਤਿਹਾਸ ਨਾਲ ਇਨਾਂ ਸੰਬੰਧ ਨਹੀਂ ਜਿਤਨਾਂ ਪਹਿਲੇ ਨਾਲ ਹੈ। ਇਸ ਲਈ ਕੀ ਤੁਸੀਂ ਦੱਸ ਸਕਦੇ ਹੋ ਕਿ ਦਸਾਂ ਗੁਰੂਆਂ ਸੰਬੰਧੀ ਇਤਿਹਾਸ ਉੱਤੇ ਸਿੱਖਾਂ ਤੋਂ ਛੁੱਟ ਹੋਰ ਕਿਹੜੀਆਂ- ਕਿਹੜੀਆਂ ਤਵਾਰੀਖਾਂ ਹਨ, ਜਿਹੜੀਆਂ ਕੁਝ ਚਾਨਣਾ ਪਾ ਸਕਦੀਆਂ ਹਨ। ਖਾਸ ਕਰ ਕੇ ਛੇਵੀਂ ਪਾਤਸ਼ਾਹੀ ਦੇ ਸਮੇਂ ਪੁਰ ਜੋ ਯੁੱਧ ਸਿੱਖ ਇਤਿਹਾਸਾਂ ਵਿਚ ਹਨ ਉਨ੍ਹਾਂ ਦਾ ਹਾਲ ਕਿਸੇ ਹੋਰ ਨੇ ਵੀ ਲਿਖਿਆ ਹੈ ? ਜੇ ਲਿਖਿਆ ਤਾਂ ਕਿਸ ਕਿਸ ਨੇ ? ਜੇ ਤੁਸੀਂ ਗੁਰੂ ਵਾਰ ਉਨ੍ਹਾਂ ਕਿਤਾਬਾਂ ਦੀ ਫਹਿਰਿਸਤ ਲਿਖ ਘੱਲੋ ਜਿਨ੍ਹਾਂ ਵਿਚੋਂ ਕੁਝ ਹਾਲ ਮਿਲ ਸਕਦਾ ਹੈ ਤਾਂ ਧੰਨਵਾਦੀ ਹੋਵਾਂਗਾ।"

ਇਸ ਦਾ ਜੋ ਉੱਤਰ ਮੈਂ ਦਿੱਤਾ ਸੀ, ਇਸ ਤੋਂ ਕਿਉਂਕਿ ਹੋਰ ਕਿਸੇ ਖੋਜੀ ਨੂੰ ਵੀ ਲਾਭ ਪੁੱਜ ਸਕਦਾ ਸੀ, ਇਸ ਲਈ ਮੈਂ 'ਫੁਲਵਾੜੀ' ਵਿਚ ਛਾਪ ਰਿਹਾ ਹਾਂ।

ਮੈਂ ਸਿੱਖ-ਇਤਿਹਾਸ ਦੇ ਜਿਸ ਸਮੇਂ ਉਪਰ ਆਪਣਾ ਵਕਤ ਖਰਚ ਕੀਤਾ ਹੈ, ਉਸ ਨੂੰ ਮੈਂ ਆਪਣੀ ਵੱਲੋਂ ਛੇਤੀ ਹੀ ਖਤਮ ਕਰ ਕੇ ਪੰਥ ਦੀ ਸੇਵਾ ਵਿਚ ਹਾਜ਼ਰ ਕਰ ਦੇਵਾਂਗਾ। 'ਫੁਲਵਾੜੀ' ਵਿਚ ਲਿਖਣ ਤੋਂ ਮੇਰਾ ਭਾਵ ਇਹ ਸੀ ਕਿ ਸਿੱਖ-ਇਤਿਹਾਸ ਦਾ ਅਜੇ ਹੋਰ ਬਹੁਤ ਜ਼ਰੂਰੀ-ਜ਼ਰੂਰੀ ਹਿੱਸਾ ਪਿਆ ਹੈ, ਪੰਥ ਉਧਰ ਵੀ ਧਿਆਨ ਦੇਵੇ ਤੇ ਇਸ ਲੋੜੀਂਦੇ ਕੰਮ ਨੂੰ ਸਿਰੇ ਚਾੜ੍ਹਨ ਦਾ ਜਤਨ ਕਰੇ।

ਮੈਨੂੰ ਹੁਣ ਇਹ ਪੱਕਾ ਨਿਸਚਾ ਹੋ ਚੁੱਕਾ ਹੈ ਕਿ ਜਦ ਤੀਕ ਸਾਰੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਵਾਚਿਆ ਨਾ ਜਾਵੇ, ਕਾਹਲੀ ਵਿਚ ਕੁਝ ਲਿਖ ਦੇਣਾ ਇਤਿਹਾਸ ਨਹੀਂ ਅਖਵਾ ਸਕਦਾ। ਵਾਚ ਕੇ ਲਿਖਣਾ ਸੁਆਦ ਦੇਂਦਾ ਹੈ ਤੇ ਲਾਭ ਪੁਚਾਉਂਦਾ ਹੈ।

੧. ਸਤਿਗੁਰੂ ਨਾਨਕ ਸਾਹਿਬ ਜੀ ਦੇ ਹਾਲਾਂ ਸੰਬੰਧੀ ਭਾਈ ਬਾਲੇ ਵਾਲੀ ਜਨਮ-ਸਾਖੀ ਨੂੰ ਨਹੀਂ ਵੇਖਣਾ ਚਾਹੀਦਾ। ਇਹ ਬਹੁਤ ਪਿੱਛੋਂ ਦੀ ਲਿਖਤ ਹੈ ਅਤੇ "ਕਤਕ ਕਿ ਵਸਾਖ" ਵਿਚ ਮੈਂ ਚੰਗੀ ਤਰ੍ਹਾਂ ਸਿੱਧ ਕਰ ਚੁੱਕਾ ਹੋਇਆ ਹਾਂ ਕਿ ਇਸ ਨੂੰ ਕਿਸ ਨੇ ਲਿਖਿਆ, ਕਦ ਲਿਖਿਆ ਤੇ ਕਿਉਂ ਲਿਖਿਆ ? ਵਲੈਤ ਵਾਲੀ ਜਨਮ ਸਾਖੀ, ਹਾਫਜ਼ਾਬਾਦ ਵਾਲੀ ਜਨਮ ਸਾਖੀ ਜਾਂ ਮੈਕਾਲਿਫ ਵਾਲੀ ਜਨਮ ਸਾਖੀ, ਸਭ ਇਕੋ ਹੀ ਹਨ। ਮੈਂ ਹੋਰਨੀਂ ਥਾਈਂ ਵੀ ਜੋ ਪੁਰਾਣੀਆਂ ਜਨਮ-ਸਾਖੀਆਂ ਵੇਖੀਆਂ ਹਨ, ਉਹ ਇਸੇ ਜਨਮ-ਸਾਖੀ ਦੇ ਉਤਾਰੇ ਹਨ, ਇਸ ਲਈ ਇਤਿਹਾਸ-ਖੋਜੀ ਨੂੰ ਕੇਵਲ ਇਸ ਜਨਮ-ਸਾਖੀ ਦਾ ਹੀ ਆਸਰਾ ਲੈਣਾ ਚਾਹੀਦਾ ਹੈ।

ਸਤਿਗੁਰੂ ਨਾਨਕ ਸਾਹਿਬ ਜੀ ਸੰਬੰਧੀ ਅਜੇ ਹੋਰ ਬਹੁਤ ਸਾਰੇ ਹੱਲ ਲੱਭ ਸਕਦੇ ਹਨ ਜੋ ਅਜੇ ਤੀਕ ਕਿਸੇ ਲਿਖਤ ਵਿਚ ਨਹੀਂ ਆਏ। ਅਜੇ ਤੀਕ ਕਈ ਗੁਰਦੁਆਰੇ ਹਨ, ਜਿਨ੍ਹਾਂ ਸੰਬੰਧੀ ਸਾਖੀਆਂ ਦੇ ਇਕੱਠਾ ਕਰਨ ਦੀ ਲੋੜ ਹੈ।

ਮੈਂ ਮਕਰਾਨ ਦੇ ਕੰਢੇ ਹਿੱਗਲਾਜ ਦੇਵੀ ਦੇ ਮੰਦਰ ਪਾਸ, ਮਾਝੇ ਵਿਚ ਜਾਮ੍ਹਣ ਚਾਹਲੀ (ਨੇੜੇ ਕਸੂਰ) ਤੇ ਜਾਮਾ ਰਾਇ ਪਾਸ ਅਤੇ ਮੱਕੇ ਵਿਚ ਜੋ ਗੁਰਦੁਆਰੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਵੇਖੇ ਹਨ, ਉਨ੍ਹਾਂ ਦੀਆਂ ਸਾਖੀਆਂ ਨਵੀਆਂ ਹੀ ਸੁਣੀਆਂ ਹਨ। ਹਿੰਦੁਸਤਾਨ ਤੇ ਪੰਜਾਬ ਵਿਚ ਅਜੇ ਕਈ ਗੁਰਦੁਆਰਿਆਂ ਤੋਂ ਸਾਖੀਆਂ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਨਾਲ ਸਤਿਗੁਰੂ ਨਾਨਕ ਸਾਹਿਬ ਜੀ ਦਾ ਇਤਿਹਾਸ ਲਿਖਿਆ ਜਾ ਸਕਦਾ ਹੈ।

੨. ਦੂਸਰੀ ਪਾਤਸ਼ਾਹੀ ਜੀ ਦਾ ਸਾਰਾ ਸਮਾਂ ਖਡੂਰ ਸਾਹਿਬ ਦੇ ਆਲੇ-ਦੁਆਲੇ ਹੀ ਗੁਜ਼ਰਿਆ ਹੈ। ਆਪ ਦੇ ਹਾਲ 'ਮਹਿਮਾ ਪ੍ਰਕਾਸ਼' ਵਿਚ ਚੰਗੇ ਦਿੱਤੇ ਹਨ। ਮੈਂ ੧੯੦੫ ਈ: ਵਿਚ ਖਡੂਰ ਸਾਹਿਬ ਜਾ ਕੇ ਜੋ ਹਾਲ ਇਕੱਠੇ ਕੀਤੇ ਸਨ, ਉਹਨਾਂ ਦੇ ਆਧਾਰ ਉੱਤੇ ਵੀਰ ਅਮਰ ਸਿੰਘ ਜੀ ਵਾਸੂ ਨੇ ਇਕ ਟਰੈਕਟ ਅੰਗਰੇਜ਼ੀ ਵਿਚ ਲਿਖਿਆ ਸੀ, ਜੋ ਸ਼ਾਇਦ ਅੱਜ ਕਲ੍ਹ ਵੀ ਮਿਲ ਸਕਦਾ ਹੋਵੇ।

**ਦਸਾਂ ਹੀ ਪਾਤਸ਼ਾਹੀਆਂ ਦੇ ਹਾਲਾਂ ਦੀਆਂ ਜੋ ਤਾਰੀਖਾਂ ਕਿਤੋਂ ਮਿਲਣ, ਉਹ ਸਭ ਪੜਤਾਲ ਲੈਣੀਆਂ ਜ਼ਰੂਰੀ ਹਨ। ਹਾਂ, ਜੋਤੀ ਜੋਤ ਸਮਾਉਣ ਦੀ ਤਰੀਕ ਨੂੰ ਪੜਤਾਲਣ ਦੀ ਲੋੜ ਨਹੀਂ। ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਭਾਈ ਗਿਆਨ ਸਿੰਘ ਜੀ ਦੀ ਕਿਸੇ ਵੀ ਤਾਰੀਖ ਨੂੰ ਬਗੈਰ ਪੜਤਾਲ ਕੀਤੇ ਕਦੇ ਵੀ ਨਾ ਮੰਨਿਆ ਜਾਵੇ। ਮੈਂ ਆਪ ਦੀ ਤਰਤੀਬ ਵਿਚੋਂ ਜਿਤਨੀਆਂ ਤਾਰੀਖਾਂ ਨੂੰ ਕਦੇ ਪੜਤਾਲਿਆ ਹੈ, ਸਦਾ ਹੀ ਗਲਤ ਪਾਇਆ ਹੈ। ਜਿਥੋਂ ਤੀਕ ਹੋ ਸਕੇ ਜਤਨ ਕਰਨਾ ਚਾਹੀਦਾ ਹੈ ਕਿ ਸਤਿਗੁਰਾਂ ਦੇ ਹਰ ਸਾਲ ਸੰਮਤ ਵਾਰ ਤੇ ਤਾਰੀਖ ਦਿੱਤੇ ਜਾ ਸਕਣ, ਇਹ ਕੰਮ ਬੜਾ ਔਖਾ ਹੈ, ਪਰ ਜ਼ਰੂਰੀ ਵੀ ਬੜਾ ਹੈ।**

ਉਸ ਤੋਂ ਵੱਧ ਮੈਨੂੰ ਹੋਰ ਹਾਲ ਨਹੀਂ ਲੱਭ ਸਕੇ।

ਆਮ ਇਤਿਹਾਸਾਂ ਵਿਚ ਭਾਈ ਲੱਧਾ ਪਰਉਪਕਾਰੀ ਦੀ ਸਾਖੀ ਪੰਚਮ ਪਾਤਸ਼ਾਹ ਜੀ ਦੇ ਸਮੇਂ ਹੋਈ ਲਿਖੀ ਹੈ, ਪਰ ਸਤੇ ਬਲਵੰਡ ਦੀ ਔਲਾਦ ਪਾਸੋਂ ਜਦ ਮੈਂ ਹਾਲ ਪੁੱਛੇ ਸਨ, ਉਨ੍ਹਾਂ ਨੇ ਇਹ ਘਟਨਾ ਦੂਜੀ ਪਾਤਸ਼ਾਹੀ ਜੀ ਦੇ ਸਮੇਂ ਹੋਈ ਦੱਸੀ ਹੈ ਅਤੇ ਕੁਝ ਕੁ ਗਹੁ ਕਰਨ ਤੋਂ ਮੇਰਾ ਵੀ ਇਹੋ ਨਿਸਚਾ ਹੋ ਗਿਆ ਸੀ। ਇਹ ਗੱਲ ਪੰਚਮ ਪਾਤਸ਼ਾਹ ਜੀ ਦੇ ਸਮੇਂ ਨਹੀਂ, ਬਲਕਿ ਦੂਜੀ ਪਾਤਸ਼ਾਹੀ ਦੇ ਸਮੇਂ ਹੋਈ ਹੋਵੇਗੀ। ਭਾਈ ਗੁਰਦਾਸ ਜੀ ਨੇ ਭਾਈ ਲੱਧੇ ਪਰਉਪਕਾਰੀ ਦਾ ਨਾਂ ਗਿਆਰਵੀਂ ਵਾਰ ਵਿਚ ਪੰਚਮ ਪਾਤਸ਼ਾਹ ਜੀ ਦੇ ਸਮੇਂ ਦੇ ਸਿੱਖਾਂ ਵਿਚ ਲਿਖਿਆ ਹੈ, ਪਰ ਇਸ ਤੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਭਾਈ ਲੱਧਾ ਦੂਜੀ ਪਾਤਸ਼ਾਹੀ ਜੀ ਦੇ ਸਮੇਂ ਤੋਂ ਮਗਰੋਂ ਹੋਇਆ ਹੈ।

3. ਤੀਜੀ ਪਾਤਸ਼ਾਹੀ ਜੀ ਦਾ ਹਾਲ 'ਮਹਿਮਾ ਪ੍ਰਕਾਸ਼' ਵਿਚ ਹੈ, ਉਹ ਪ੍ਰਮਾਣੀਕ ਹੈ। ਬਾਵਾ ਸਰੂਪ ਦਾਸ ਜੀ ਭੱਲੇ ਸਤਿਗੁਰੂ ਜੀ ਦੀ ਔਲਾਦ ਵਿਚੋਂ ਸਨ, ਇਸ ਲਈ ਆਪ ਨੇ ਸਤਿਗੁਰੂ ਜੀ ਦੀਆਂ ਸਾਖੀਆਂ ਆਪਣੇ ਵੱਡਿਆਂ ਦੇ ਮੂੰਹੋਂ ਸੁਣੀਆਂ ਹੋਣਗੀਆਂ। 'ਮਹਿਮਾ-ਪ੍ਰਕਾਸ਼' ਹੀ ਸਾਡਾ ਪੁਰਾਣਾ ਗ੍ਰੰਥ ਹੈ, ਜਿਸ ਵਿਚ ਦਸਾਂ ਹੀ ਪਾਤਸ਼ਾਹੀਆਂ ਦਾ ਹਾਲ ਸਿਲਸਿਲੇ ਵਾਰ ਦਿੱਤਾ ਹੈ। 'ਮਹਿਮਾ-ਪ੍ਰਕਾਸ਼' ਦਾ ਤੀਜੀ ਪਾਤਸ਼ਾਹੀ ਜੀ ਦਾ ਹਿੱਸਾ ਕਿਸੇ ਭਲੇ ਸ਼ਾਹਿਬਜ਼ਾਦੇ ਨੇ ਛਪਵਾ ਦਿੱਤਾ ਸੀ, ਜਿਸ ਦੀ ਕਾਪੀ ਮੈਂ ਭਾਈ ਸਾਹਿਬ ਭਾਈ ਤਖਤ ਸਿੰਘ ਜੀ ਪਾਸ ਵੇਖੀ ਸੀ। ਬਾਕੀ ਹਿੱਸਾ ਨਹੀਂ ਛਪਿਆ। ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਵਿਚ 'ਮਹਿਮਾ ਪ੍ਰਕਾਸ਼' ਦੀ ਇਕ ਸੋਹਣੀ ਲਿਖਤ ਦੀ ਕਾਪੀ ਪਈ ਹੈ, ਉਥੋਂ ਇਸ ਦੀ ਨਕਲ ਕਰਵਾ ਕੇ ਪੰਥ ਦੀ ਕਿਸੇ ਲਾਇਬਰੇਰੀ ਵਿਚ ਇਹ ਗ੍ਰੰਥ ਜ਼ਰੂਰ ਰੱਖਣਾ ਚਾਹੀਦਾ ਹੈ।

'ਮਹਿਮਾ-ਪ੍ਰਕਾਸ਼' ਵਾਂਗ 'ਸੇਵਾ ਦਾਸ ਦੀਆਂ ਪਰਚੀਆਂ' ਵੀ ਸਾਖੀਆਂ ਦਾ ਪੁਰਾਣਾ ਗ੍ਰੰਥ ਹੈ, ਜਿਸ ਵਿਚ ਦਸਾਂ ਹੀ ਪਾਤਸ਼ਾਹਾਂ ਦੀਆਂ ਸਾਖੀਆਂ ਹਨ। ਇਹ ਵੀ ਪੁਰਾਣਾ ਗ੍ਰੰਥ ਹੈ, ਜੋ ਅੱਜ ਤੀਕ ਨਹੀਂ ਛਪਿਆ। ਇਸ ਦੀ ਇਕ ਕਾਪੀ ਮੈਂ

੧੯੦੬ ਈ: ਵਿਚ ਜੰਮੂ ਦੇ ਇਲਾਕੇ ਵਿਚ ਬਾਬੇ ਬੰਦੇ ਦੇ ਦੇਹੁਰੇ ਵਿਚ ਵੇਖੀ ਸੀ। ਇਸ ਦੀ ਨਕਲ ਕਰਵਾ ਕੇ ਵੀ ਪੰਥ ਦੀ ਲਾਇਬ੍ਰੇਰੀ ਵਿਚ ਜ਼ਰੂਰ ਰੱਖਣੀ ਚਾਹੀਦੀ ਹੈ।

ਕਹਿੰਦੇ ਹਨ ਕਿ ਭਾਈ ਰਾਮ ਸਿੰਘ ਜੀ ਨੇ ਪੰਜ ਸੌ ਸਾਖੀਆਂ ਲਿਖੀਆਂ ਸਨ। ਅੰਤਲੀ ਸੌ ਸਾਖੀ ਵਿਚ ਸ੍ਰੀ ਦਸਮੇਸ਼ ਜੀ ਦੀਆਂ ਸਾਖੀਆਂ ਸਨ ਤੇ ਪਹਿਲੀਆਂ ਚਾਰ ਸੌ ਸਾਖੀਆਂ ਵਿਚ ਪਹਿਲੀਆਂ ਪਾਤਸ਼ਾਹੀਆਂ ਦੀਆਂ ਸਾਖੀਆਂ। ਕਵੀ ਸੰਤੋਖ ਸਿੰਘ ਜੀ ਨੇ ਆਪਣੇ ਸੂਰਜ-ਪ੍ਰਕਾਸ਼ ਦੇ ਆਰੰਭ ਵਿਚ ਹੀ ਇਹਨਾਂ ਸਾਖੀਆਂ ਦਾ ਹਵਾਲਾ ਦਿੱਤਾ ਹੈ, ਇਹਨਾਂ ਸਾਖੀਆਂ ਦੇ ਮੈਨੂੰ ਅੱਜ ਤੀਕ ਕਿਤੇ ਦਰਸ਼ਨ ਨਹੀਂ ਹੋਏ। ਪੰਥ ਭਾਲ ਕਰ ਕੇ ਇਹਨਾਂ ਨੂੰ ਲੱਭ ਸਕਦਾ ਹੈ।

ਤੀਜੀ ਪਾਤਸ਼ਾਹੀ ਜੀ ਦਾ ਹਾਲ ਅਜੇ ਹੋਰ ਵੀ ਬਹੁਤ ਸਾਰਾ ਇਕੱਠਾ ਕੀਤਾ ਜਾ ਸਕਦਾ ਹੈ। ਬਾਸਰਕੇ ਜਾ ਕੇ ਅਜੇ ਤੀਕ ਕਿਸੇ ਨੇ ਖੋਜ ਨਹੀਂ ਕੀਤੀ। ਮੈਂ ਬਾਸਰਕਿਆਂ ਤੋਂ ਕਈ ਨਵੀਆਂ ਸਾਖੀਆਂ ਸੁਣੀਆਂ ਸਨ। ਐਸੀਆਂ ਹੀ ਸਾਖੀਆਂ ਹਰ ਇਕ 'ਮੰਜੀ' ਦੇ ਜਾਨਸ਼ੀਨਾਂ ਨੂੰ ਆਪਣੇ ਬਜ਼ੁਰਗਾਂ ਦੀਆਂ ਯਾਦ ਹੋਣਗੀਆਂ। ਇਨ੍ਹਾਂ ਬਾਈ ਮੰਜੀਆਂ ਦੇ ਖਾਨਦਾਨਾਂ ਦੇ ਹਾਲ ਅਜੇ ਤੀਕ ਇਕੱਠੇ ਨਹੀਂ ਕੀਤੇ ਗਏ। ਇਹਨਾਂ ਦੇ ਇਕੱਠੇ ਕਰਨ ਦੀ ਡਾਢੀ ਲੋੜ ਹੈ।

ਤੀਜੀ ਪਾਤਸ਼ਾਹੀ ਜੀ ਦੇ ਸਮੇਂ ਦੀਆਂ ਤਿੰਨ ਜ਼ਰੂਰੀ ਗੱਲਾਂ ਹਨ :

ਅਰੀਚ ਪੁਰਬ ਉੱਤੇ ਸਤਿਗੁਰੂ ਜੀ ਦਾ ਗੰਗਾ ਜੀ ਦੇ ਇਸ਼ਨਾਨ ਨੂੰ ਜਾਣਾ,

ਜਿਸ ਦਾ ਜ਼ਿਕਰ 'ਤਖਾਰੀ ਰਾਗ ਵਿਚ ਹੈ,

ਬਾਉਲੀ ਦਾ ਕੜ ਟੁੱਟਣਾ ਅਤੇ

ਅਕਬਰ ਅੱਗੇ ਹਿੰਦੂਆਂ ਦਾ ਸਤਿਗੁਰੂ ਜੀ ਦੀ ਸ਼ਿਕਾਇਤ ਕਰਨਾ।

ਅਭੀਚ ਪੁਰਬ ਬਾਬਤ ਮੈਂ 'ਗੁਰਪੁਰਬ-ਨਿਰਣੇ ਵਿਚ ਲਿਖ ਚੁੱਕਾ ਹੋਇਆ ਹਾਂ ਕਿ ਇਹ ਕਦੋਂ ਲੱਗਾ ਸੀ।

ਬਾਉਲੀ ਦੇ ਕੜ ਟੁੱਟਣ ਦੀ ਤਾਰੀਖ ਚਤੌੜ ਦੇ ਸਰ ਹੋਣ ਵਾਲੇ ਸਾਲ ਰੱਖੀ ਜਾ ਸਕਦੀ ਹੈ। ਅੱਜ ਕਲ੍ਹ ਖੂਹਾਂ ਦੇ ਬੇਰਿੰਗ ਤੋਂ ਅਸੀਂ ਜਾਣ ਸਕਦੇ ਹਾਂ ਕਿ ਉਦੋਂ ਭੀ ਇਹ ਗੱਲ ਹੋਈ ਹੋਵੇਗੀ। ਜਦ ਪਾਣੀ ਵਾਲੀ ਰੇਤ ਵਿਚ ਦੀ ਬਾਉਲੀ ਦਾ ਮਹਿਲ ਲੰਘਾ ਦਿੱਤਾ ਗਿਆ ਤਾਂ ਹੇਠੋਂ ਪਾਂਡੂ ਦੀ ਤਹਿ ਆ ਗਈ, ਜਿਸ ਨੂੰ ਅੱਜ ਵਰਸੇ ਜਾਂ ਨਾਲ ਨਾਲ ਤੋੜਿਆ ਜਾਂਦਾ ਹੈ, ਤੇ ਹੇਠਲਾ ਪਾਣੀ ਉਪਰ ਲਿਆਂਦਾ ਜਾਂਦਾ ਹੈ। ਉਨ੍ਹੀਂ ਦਿਨੀਂ ਇਹ ਰਿਵਾਜ ਸੀ (ਅਤੇ ਬੋਰਿੰਗ ਦੇ ਰਿਵਾਜ ਤੋਂ ਪਹਿਲਾਂ ਪੰਜਾਬ ਵਿਚ ਅੱਜ ਕਲ੍ਹ ਤੀਕ ਇਹ ਰਿਵਾਜ ਪ੍ਰਚਲਤ ਸੀ) ਕਿ ਜਦ ਪਾਂਡੂ ਆ ਜਾਂਦਾ ਤਾਂ ਉਸ ਉੱਤੇ ਮੂਹਲੀਆਂ ਮਾਰੀ ਜਾਂਦੇ, ਜਿਥੇ ਮੂਹਲੀਆਂ ਵਜਦੀਆਂ ਜਾਂਦੀਆਂ ਉਹ ਥਾਂ ਪੋਲਾ ਹੁੰਦਾ ਜਾਂਦਾ। ਜਿਥੇ ਤਾਂ ਪਾਂਡੂ ਦੀ ਤੱਗੀ ਪਤਲੀ ਹੁੰਦੀ, ਉਥੇ ਤਾਂ ਮੂਹਲੀਆਂ ਦੇ ਮਾਰੀ ਜਾਣ ਨਾਲ ਥੋੜ੍ਹੇ ਹੀ ਦਿਨਾਂ ਵਿਚ ਛੇਕ ਹੋ ਜਾਂਦਾ, ਪਰ ਜਿੱਥੇ ਪਾਂਡੂ ਦੀ ਤੱਗੀ ਮੋਟੀ ਹੁੰਦੀ, ਉਥੇ ਕਈ ਕਈ ਮਹੀਨੇ ਟੱਕਰਾਂ ਮਾਰਨੀਆਂ ਪੈਂਦੀਆਂ। ਮਾਲੂਮ ਹੁੰਦਾ ਹੈ ਕਿ ਬਾਉਲੀ ਹੇਠਾਂ ਵੀ ਪਾਂਡੂ ਦੀ ਤਕੜੀ ਤੱਗੀ ਆ ਗਈ ਹੋਵੇਗੀ, ਜਿਸ ਲਈ ਸਿੱਖਾਂ ਲਈ ਇਹ ਵੀ ਚਤੌੜ ਦੇ ਸਰ ਕਰਨ ਵਾਲੀ ਹੀ ਗੱਲ ਬਣ ਗਈ ਹੋਵੇਗੀ। ਮੁਮਕਿਨ ਹੈ ਕਿ ਉਦੋਂ ਹੀ ਅਕਬਰ ਨੇ ਚਤੌੜ ਉੱਤੇ ਚੜ੍ਹਾਈ ਕੀਤੀ ਹੋਵੇ ਤੇ ਸਤਿਗੁਰੂ ਜੀ ਨੇ ਵੀ ਇਹ ਕਹਿ ਦਿੱਤਾ ਹੋਵੇ ਕਿ ਜਦ ਚਤੌੜ ਟੁੱਟੇਗਾ, ਓਦੋਂ ਹੀ ਬਾਉਲੀ ਦਾ ਕੜ ਟੁੱਟੇਗਾ। ਪਰ ਸਿੱਖ-ਇਤਿਹਾਸ ਵਿਚ ਜੋ ਅਕਬਰ ਦੀ ਸਤਿਗੁਰੂ ਜੀ ਪਾਸੋਂ ਚਤੌੜ ਦੇ ਸਰ ਹੋਣ ਲਈ ਸਹਾਇਤਾ ਮੰਗਣ ਦੀ ਸਾਖੀ ਹੈ, ਉਸ ਦੀ ਤਸਦੀਕ ਮੈਂ ਹੋਰ ਥੋਂ ਕਿਧਰੋਂ ਨਹੀਂ ਕਰ ਸਕਿਆ।

ਜਦ ਕੜ ਟੁੱਟਾ ਤਾਂ ਏਕਾ ਏਕ ਹੇਠਲੇ ਪਾਣੀ ਨੇ ਉਛਾਲਾ ਖਾਧਾ, ਜਿਹਾ ਕਿ ਆਮ ਤੌਰ 'ਤੇ ਹੋਇਆ ਹੀ ਕਰਦਾ ਹੈ। ਉਸ ਉਛਾਲੇ ਵਿਚ ਵੈਰੋਵਾਲੀਏ ਸਾਹਿਬਜ਼ਾਦਿਆਂ ਦਾ ਵਡੇਰਾ ਡੁੱਬ ਗਿਆ। ਜਿਨ੍ਹਾਂ ਦੀ ਔਲਾਦ ਵਿਚੋਂ ਅੱਜ ਕਲ੍ਹ ਬਾਬਾ ਊਧਮ ਸਿੰਘ ਜੀ ਬੀ.ਏ. ਬੀ.ਟੀ. ਹਨ। ਸਤਿਗੁਰੂ ਜੀ ਨੇ ਮਿਹਰ ਕੀਤੀ ਤੇ ਜੀਉੜਾ ਖਤਾਬ ਦਿੱਤਾ।

ਜੀਕੂੰ ਅੱਜ ਕਲ੍ਹ ਲੋਕੀਂ ਸਰਕਾਰ ਦਾ ਦਰਵਾਜ਼ਾ ਜਾ ਖੜਕਾਉਂਦੇ ਹਨ ਕਿ ਫਲਾਣੇ ਦੇ ਬੋਲਣ ਜਾਂ ਲਿਖਣ ਜਾਂ ਕਾਰ-ਵਿਹਾਰ ਤੋਂ 'ਅਮਨ ਦੇ ਟੁੱਟ ਜਾਣ ਦਾ ਡਰ ਹੈ ਉਦੋਂ ਸਗੋਂ ਇਸ ਤੋਂ ਵੀ ਕਰੜਾ ਰਿਵਾਜ ਸੀ ਕਿ ਕੋਈ ਆਦਮੀ ਆਪਣੇ ਵੱਡੇ-ਵਡੇਰਿਆਂ ਦੀ ਮਰਿਯਾਦਾ ਨਾ ਤੋੜੇ । ਮਰਿਯਾਦਾ ਭੰਗ ਕਰਨ ਵਾਲੇ ਨੂੰ ਕਰੜੀ ਤੋਂ ਕਰੜੀ ਸਜ਼ਾ ਦਿੱਤੀ ਜਾਂਦੀ ਸੀ । ਆਮ ਹਿੰਦੂਆਂ ਨੇ ਜਦ ਵੇਖਿਆ ਕਿ ਸਤਿਗੁਰੂ ਅਮਰਦਾਸ ਜੀ ਪੁਰਾਤਨ ਮਰਿਯਾਦਾ ਨੂੰ ਤੋੜ ਕੇ ਨਵੀਂ ਮਰਿਯਾਦਾ ਤੋਰ ਰਹੇ ਹਨ । ਤਾਂ ਉਹ ਅਕਬਰ ਪਾਸ ਜਾ ਕੂਕੇ, ਜੋ ਉਦੋਂ ਲਾਹੌਰ ਆਇਆ ਹੋਇਆ ਸੀ, ਭਲੇ ਭਾਗਾਂ ਨੂੰ ਅਕਬਰ ਦੇ ਖਿਆਲ ਉਦੋਂ ਪੁਰਾਣੀਆਂ ਮਰਿਯਾਦਾ ਵਲੋਂ ਢਿੱਲੇ ਹੋ ਚੁੱਕੇ ਹੋਏ ਸਨ, ਇਸ ਲਈ ਵਿਰੋਧੀਆਂ ਦੀ ਕੋਈ ਪੇਸ਼ ਨਹੀਂ ਗਈ।

੪. ਚੌਥੀ ਪਾਤਸ਼ਾਹੀ ਸੰਬੰਧੀ ਮੈਂ ਕੁਝ ਨਹੀਂ ਦੱਸ ਸਕਦਾ। ਮੇਰੇ ਖਿਆਲ ਵਿਚ 'ਮਹਿਮਾ-ਪ੍ਰਕਾਸ਼' ਨੂੰ ਇਸ ਸਮੇਂ ਦੀ ਅਥਾਰਟੀ ਸਮਝਣਾ ਚੰਗਾ ਹੋਵੇਗਾ।

੫. ਪੰਚਮ ਪਾਤਸ਼ਾਹ ਜੀ ਸੰਬੰਧੀ ਅਜੇ ਬਹੁਤ ਸਾਰਾ ਮਸਾਲਾ ਇਕੱਠਾ ਕੀਤਾ ਜਾ ਸਕਦਾ ਹੈ। ਕਈਆਂ ਸਾਖੀਆਂ ਤੇ ਗੁਰਦੁਆਰਿਆਂ ਦਾ ਸਾਡੇ ਇਤਿਹਾਸ ਵਿਚ ਜ਼ਿਕਰ ਨਹੀਂ ਆਇਆ।

ਜਦ ਸਤਿਗੁਰੂ ਜੀ ਜੰਬਰਾਂ ਤੇ ਯਾਤਰੀ ਦਾ ਝਗੜਾ ਨਿਬੇੜਨ ਲਈ ਮੱਕੇ ਵੱਲ ਗਏ ਸਨ, ਉਸ ਸਮੇਂ ਦੇ ਠੀਕ ਹਾਲ ਕਿਸੇ ਇਤਿਹਾਸ ਵਿਚ ਨਹੀਂ ਹਨ।

ਆਪ ਦੇ ਹੀ ਸਮੇਂ ਅਕਬਰ, ਸ਼ਾਇਦ, ੧੪ ਸਾਲ ਤੀਕ ਲਾਹੌਰ ਰਿਹਾ ਸੀ ਅਤੇ ਜਦ ਲਾਹੌਰੋਂ ਸ਼ਾਹੀ ਕੈਂਪ ਦਾ ਕੂਚ ਦਿੱਲੀ ਵੱਲ ਹੋਇਆ ਸੀ ਤਾਂ ਅਕਬਰ ਗੋਇੰਦਵਾਲ ਸਤਿਗੁਰੂ ਜੀ ਨੂੰ ਮਿਲਿਆ। ਉਸ ਸਮੇਂ ਸਤਿਗੁਰੂ ਜੀ ਨੇ ਅਕਬਰ ਦਾ ਧਿਆਨ ਪੰਜਾਬ ਦੇ ਮਾਲੀਏ ਵੱਲ ਦਵਾਇਆ ਸੀ ਤੇ ਅਕਬਰ ਨੇ ਸਤਿਗੁਰੂ ਜੀ ਦੇ ਬਚਨ ਅਨੁਸਾਰ ਸਰਹੰਦ ਅੱਪੜ ਕੇ ਪੰਜਾਬ ਦਾ ਲਗਭਗ ਅੱਧਾ ਮਾਲੀਆ ਮਾਫ ਕਰ ਦਿੱਤਾ। ਇਹ ਸਭ ਗੱਲਾਂ ਅਬੁਲ ਫਜ਼ਲ ਨੇ ਅਕਬਰ ਨਾਮੇ' ਵਿਚ ਲਿਖੀਆਂ ਸਨ।

ਉਦੋਂ ਰਿਵਾਜ ਇਹ ਸੀ ਕਿ ਸਾਰੀ ਫਸਲ ਦੀ ਕਨਕੂਤ ਹੋ ਕੇ ਉਸ ਵੇਲੇ ਦੇ ਭਾਅ ਅਨੁਸਾਰ ਸਰਕਾਰੀ ਹਿੱਸੇ ਦਾ ਨਕਦ ਮਾਮਲਾ ਮੁਕੱਰਰ ਕਰ ਦਿੱਤਾ ਜਾਂਦਾ ਸੀ। ਸ਼ਾਹੀ ਫੌਜਾਂ ਦੇ ੧੪ ਸਾਲ ਤੀਕ ਲਾਹੌਰ ਰਹਿਣ ਦੇ ਕਾਰਨ ਹਰ ਇਕ ਜਿਨਸ ਦਾ ਭਾਅ ਮਹਿੰਗਾ ਹੋਇਆ ਹੋਇਆ ਸੀ ਤੇ ਇਸ ਮਹਿੰਗਾਈ ਅਨੁਸਾਰ ਮਾਮਲੇ ਮੁਕੱਰਰ ਕੀਤੇ ਜਾ ਚੁੱਕੇ ਸਨ । ਹੁਣ ਜਦ ਅਕਬਰ ਦਿੱਲੀ ਨੂੰ ਤੁਰ ਪਿਆ ਤਾਂ ਫਸਲ ਪੱਕਣ ਮਗਰੋਂ ਆਪਣੇ ਆਪ ਹੀ ਭਾਅ ਨੇ ਡਿੱਗ ਜਾਣਾ ਸੀ ਤੇ ਲੋਕਾਂ ਪਾਸੋਂ ਸਰਕਾਰੀ ਰਕਮ ਦਿੱਤੀ ਨਹੀਂ ਜਾਣੀ ਸੀ । ਸੋ ਇਸ ਗੱਲ ਵੱਲ ਜਦ ਸਤਿਗੁਰੂ ਜੀ ਨੇ ਅਕਬਰ ਦਾ ਧਿਆਨ ਦਵਾਇਆ ਤਾਂ ਅਕਬਰ ਨੇ ਮਾਮਲੇ ਵਿਚ ਲਗਭਗ ਅੱਧ ਦੀ ਛੋਟ ਸਾਰੇ ਪੰਜਾਬ ਲਈ ਕਰ ਦਿੱਤੀ। ਬਹੁਤ ਭਾਲ ਕਰਨ ਪਰ ਵੀ, ਮੈਨੂੰ ਸੁਲਹੀ ਦਾ ਨਾਂ ਕਿਤੋਂ ਨਹੀਂ ਲੱਭਾ। ਇਹ ਕੋਈ ਮਾਮੂਲੀ ਅਫਸਰ ਹੋਵੇਗਾ, ਕੋਈ ਵੱਡਾ ਅਹੁਦੇ ਦਾਰ ਨਹੀਂ ਹੋਵੇਗਾ।

ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਦਾ ਪ੍ਰਸੰਗ ਜੇ ਕਰ ਮੈਂ ਲਿਖਣ ਲੱਗਾ, ਤਾਂ ਮੇਰਾ ਉੱਤਰ ਲੰਮਾ ਹੋ ਜਾਵੇਗਾ, ਪਰ ਸੰਖੇਪ ਇਹ ਹੈ ਕਿ ਜਹਾਂਗੀਰ ਨੂੰ ਧੋਖਾ ਦਿੱਤਾ ਗਿਆ ਸੀ ਕਿ ਸਤਿਗੁਰੂ ਜੀ ਬਾਗੀ ਖੁਸਰੋ ਦੇ ਹਾਮੀ ਸਨ। ਜਹਾਂਗੀਰ ਨੇ ਇਸ ਜੁਰਮ ਵਿਚ ਹੀ ਸਤਿਗੁਰੂ ਦੇ ਮਾਰੇ ਜਾਣ ਦਾ ਹੁਕਮ ਦੇ ਦਿੱਤਾ ਸੀ। ਜਹਾਂਗੀਰ ਦੀ ਆਪਣੀ ਲਿਖਤ ਤੋਂ ਹੀ ਸਭ ਕੁਝ ਸਿੱਧ ਕੀਤਾ ਜਾ ਸਕਦਾ ਹੈ।

ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਸੰਬੰਧੀ ਸਾਡੇ ਪਾਸ ਤਿੰਨ ਪੁਰਾਣੀਆਂ ਲਿਖਤਾਂ ਹਨ : ਤੌਜ਼ਕੇ ਜਹਾਂਗੀਰੀ ਵਿਚ ਜਹਾਂਗੀਰ ਦੀ ਆਪਣੇ ਹੱਥਾਂ ਦੀ ਲਿਖਤ, ਇਕ ਪਾਦਰੀ ਦਾ ਸਫਰਨਾਮਾ, ਜੋ ਉਸ ਸਮੇਂ ਲਾਹੌਰ ਸੀ ਤੇ ਜਿਸ ਨੇ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਜਿਕਰ ਆਪਣੇ ਸਫਰਨਾਮੇ ਵਿਚ ਕੀਤਾ ਹੈ। ਇਸ ਸਫਰਨਾਮੇ ਦਾ ਸਾਡੇ ਮਤਲਬ ਦਾ ਹਿੱਸਾ ਕਲਕੱਤੇ ਦੇ ਇਕ ਇਤਿਹਾਸਕ ਰਸਾਲੇ ਵਿਚ ਪਿਛਲੇਰੇ ਸਾਲ ਛਪਿਆ ਸੀ।

ਤੀਜੀ ਪੁਰਾਣੀ ਲਿਖਤ 'ਮੁਹਸਨ ਫਾਨੀ' ਦੀ ਹੈ, ਜੋ ਛੇਵੀਂ ਪਾਤਸ਼ਾਹੀ ਜੀ ਦਾ ਸਤਿਸੰਗੀ ਤੇ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਕੀਰਤਪੁਰ ਹਾਜ਼ਰ ਸੀ। ਪੰਚਮ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਦੇ ਪ੍ਰਸੰਗ ਨੂੰ ਵਾਚਣ ਸਮੇਂ ਇਹਨਾਂ ਉੱਤੇ ਦੱਸੀਆਂ ਤਿੰਨਾਂ ਲਿਖਤਾਂ ਨੂੰ ਗਹੁ ਨਾਲ ਵਾਚ ਲੈਣਾ ਚਾਹੀਦਾ ਹੈ।

੬. ਛੇਵੀਂ ਪਾਤਸ਼ਾਹੀ ਜੀ ਦੇ ਹਾਲਾਂ ਲਈ ਸਾਡੇ ਪਾਸ ਦੋ ਪੁਰਾਣੀਆਂ ਪੁਸਤਕਾਂ ਮੁਹਸਨ ਫਾਨੀ ਦੀ 'ਦਬਿਸਤਾਨ ਮਜ਼ਾਹਬ' ਤੇ ਭਾਈ ਭਗਤ ਸਿੰਘ ਦਾ 'ਗੁਰ ਬਿਲਾਸ'। ਮੁਹਸਨ ਫਾਨੀ ਸਤਿਗੁਰੂ ਜੀ ਦਾ ਸਤਿਸੰਗੀ ਸੀ ਤੇ ਸਾਡੇ ਇਤਿਹਾਸਾਂ ਵਿਚ ਛੇਵੀਂ ਪਾਤਸ਼ਾਹੀ ਜੀ ਦੇ ਜੋਤੀ ਜੋਤ ਸਮਾਉਣ ਦਾ ਜੋ ਗਲਤ ਸੰਮਤ ਦਿੱਤਾ ਹੈ, ਉਸ ਦੀ ਸੋਧ ਮੁਹਸਨ ਫਾਨੀ ਹੀ ਕਰਦਾ ਹੈ, ਜੋ ਜੋਤੀ ਜੋਤ ਸਮਾਉਣ ਸਮੇਂ ਕੀਰਤਪੁਰ ਹਾਜ਼ਰ ਸੀ। ਮੁਹਸਨ ਫਾਨੀ ਨੇ ਬਹੁਤ ਸਾਰੀਆਂ ਨਵੀਆਂ ਸਾਖੀਆਂ ਦਿੱਤੀਆਂ ਹਨ ਤੇ ਸਤਿਗੁਰੂ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤੇ ਜਾਣ ਦੀ ਹੋਰ ਹੀ ਸਾਖੀ ਦਿੱਤੀ ਹੈ। ਸਤਿਗੁਰੂ ਜੀ ਦੇ ਯੁੱਧਾਂ ਦਾ ਜ਼ਿਕਰ ਵੀ ਮੁਹਸਨ ਫਾਨੀ ਨੇ ਕੀਤਾ ਹੈ ਤੇ ਕਈ ਨਵੀਆਂ ਗੱਲਾਂ ਦੱਸੀਆਂ ਹਨ।

ਸਾਡੇ ਆਪਣੇ ਗ੍ਰੰਥਾਂ ਵਿਚੋਂ 'ਗੁਰ-ਬਿਲਾਸ' ਪੁਰਾਣਾ ਗ੍ਰੰਥ ਹੈ, ਛੇਵੀਂ ਪਾਤਸ਼ਾਹੀ ਜੀ ਦਾ ਅਸਲ 'ਗੁਰ-ਬਿਲਾਸ' ਹੋਰ ਹੈ। ਇਹ ਉਹ ਨਹੀਂ, ਜੋ ਅੱਜ ਕਲ੍ਹ ਛਪਿਆ ਹੋਇਆ ਮਿਲਦਾ ਹੈ, ਝੰਗ ਦੇ ਜ਼ਿਲ੍ਹੇ ਵਿਚ ਗੁਰੂਸਰ ਨਾਮੇ ਇਕ ਪਿੰਡ ਹੈ, ਉਥੇ ਲਿਖਤ ਦੇ ਤਿੰਨ ਗ੍ਰੰਥ ਹਨ : ੧. ਛੇਵੀਂ ਪਾਤਸ਼ਾਹੀ ਜੀ ਦਾ ਗੁਰ-ਬਿਲਾਸ। ੨. ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਦਾ ਟੀਕਾ ਅਤੇ ੩. ਫੱਟੜਾਂ ਦਾ ਇਲਾਜ। ਤੀਜੇ ਗ੍ਰੰਥ ਵਿਚ ਉਹ ਨੁਸਖੇ ਹਨ, ਜੋ ਯੁੱਧਾਂ ਜੰਗਾਂ ਵੇਲੇ ਸ੍ਰੀ ਦਸਮੇਸ਼ ਜੀ ਫੱਟੜਾਂ ਲਈ ਵਰਤਦੇ ਸਨ। ਗਿਆਰ੍ਹਵੀਂ ਵਾਰ ਦਾ ਇਹ ਉਹ ਟੀਕਾ ਨਹੀਂ ਜੋ ਭਾਈ ਮਨੀ ਸਿੰਘ ਜੀ ਦੇ ਨਾਮ ਤੇ ਛਪਿਆ ਹੋਇਆ ਮਿਲਦਾ ਹੈ

**ਮੈਂ ਫਿਰ ਕਹਿੰਦਾ ਹਾਂ ਕਿ ਗੁਰੂ ਸਾਹਿਬ ਦੇ ਹਾਲਾਂ ਸੰਬੰਧੀ ਸਾਡੀਆਂ ਬਹੁਤ ਸਾਰੀਆ ਔਕੜਾਂ ਗੁਰਦੁਆਰਿਆਂ ਦੀਆਂ ਸਾਖੀਆਂ, ਪੁਰਾਣੀਆਂ ਲਿਖਤਾਂ, ਹੁਕਮਨਾਮਿਆਂ, ਗੁਰੂ-ਅੰਸ ਤੇ ਮਸੰਦਾਂ ਆਦਿ ਦੇ ਹਾਲ ਜਮ੍ਹਾਂ ਕਰਨ ਤੋਂ ਜਾਂਦੀਆਂ ਰਹਿਣਗੀਆਂ। ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਜਿਸ ਸਮੇਂ ਸਤਿਗੁਰੂ ਜੀ ਦਿੱਲੀ ਸ਼ਹੀਦ ਹੁੰਦੇ ਹਨ, ਉਸ ਤੋਂ ਬਹੁਤ ਚਿਰ ਪਹਿਲਾਂ ਦਾ ਔਰੰਗਜ਼ੇਬ ਹਸਨ ਅਬਦਾਲ ਗਿਆ ਹੋਇਆ ਸੀ। ਯੂਸਫ ਜ਼ਈ ਫਸਾਦ ਕਰ ਬੈਠੇ ਸਨ ਤੇ ਔਰੰਗਜ਼ੇਬ ਆਪਣੀ ਸਾਰੀ ਸੈਨਾ ਲੈ ਕੇ ਕਈ ਮਹੀਨੇ ਉਹਨਾਂ ਨਾਲ ਲੜਦਾ ਰਿਹਾ ਸੀ। ਉਸ ਸਮੇਂ ਉਸ ਦਾ ਹੈਡ ਕਵਾਟਰ ਹਸਨ ਅਬਦਾਲ ਸੀ। ਸਾਡੇ ਇਤਿਹਾਸਾਂ ਵਿਚ ਸਤਿਗੁਰੂ ਜੀ ਦੇ ਔਰੰਗਜ਼ੇਬ ਨਾਲ ਜੋ ਬਚਨ-ਬਿਲਾਸ ਲਿਖੇ ਹਨ, ਇਨ੍ਹਾਂ ਨੂੰ ਅੱਖਰੋ-ਅੱਖਰ ਠੀਕ ਮੰਨਣ ਦੀ ਲੋੜ ਨਹੀਂ।**

ਅਤੇ ਜੋ ਕਿਸੇ ਵੀ ਅਰਥ ਦਾ ਨਹੀਂ। 'ਗੁਰੂ-ਸਰ' ਉਹ ਟੀਕਾ ਹੈ, ਜਿਸ ਦੇ ਇਕ ਪੱਤਰੇ ਦੀ ਨਕਲ ੨੫ ਕੁ ਸਾਲ ਹੋਏ ਹਨ "ਖਾਲਸਾ ਸਮਾਚਾਰ" ਵਿਚ ਛਪੀ ਸੀ। ਇਹ ਬੜਾ ਦੁਰਲੱਭ ਟੀਕਾ ਹੈ। ਸਾਡੇ ਇਤਿਹਾਸ ਦਾ ਇਕ ਅਮੋਲਕ ਖਜ਼ਾਨਾ ਹੈ। ਹਜ਼ਾਰਾਂ ਜਤਨ ਕਰਨ ਕਰ ਕੇ ਵੀ ਪੰਥ ਨੂੰ ਚਾਹੀਦਾ ਹੈ ਕਿ ਇਸ ਦੀ ਨਕਲ ਹਾਸਲ ਕਰੇ ਤੇ ਫੇਰ ਛਪਵਾ ਦੇਵੇ।

'ਗੁਰ-ਬਿਲਾਸ' ਦੀ ਸਾਖੀ ਇਉਂ ਹੈ ਕਿ ਅਕਾਲ ਬੁੰਗੇ ਸਾਹਿਬ ਦਾ ਇਕ ਪੁਜਾਰੀ ਇਹਨਾਂ ਗੁਰੂਸਰੀਆਂ ਦਾ ਰਿਸ਼ਤੇਦਾਰ ਸੀ । ਉਹ 'ਗੁਰ-ਬਿਲਾਸ' ਦੀ ਨਕਲ ਕਰ ਕੇ ਲੈ ਆਇਆ ਤੇ ਕੁਝ ਵਾਧਾ ਘਾਟਾ ਕਰ ਕੇ ਪ੍ਰਚਲੱਤ ਕਰ ਦਿੱਤਾ। ਅੱਜ ਕਲ੍ਹ ਦਾ ਛਪਿਆ ਹੋਇਆ 'ਗੁਰ-ਬਿਲਾਸ' ਉਹ ਅਸਲ 'ਗੁਰ-ਬਿਲਾਸ' ਨਹੀਂ, ਜੋ ਗੁਰੂ ਸਰ ਹੈ। ਪੰਥ ਨੂੰ ਚਾਹੀਦਾ ਹੈ ਕਿ ਸੋਧ ਕਰ ਕੇ ਅਸਲ 'ਗੁਰ-ਬਿਲਾਸ' ਛਪਵਾ ਦੇਵੇ।

ਛੇਵੀਂ ਪਾਤਸ਼ਾਹੀ ਜੀ ਦੇ ਹਾਲਾਂ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਅਸੀਂ ਜਹਾਂਗੀਰ ਤੇ ਮੁਹਸਨ ਫਾਨੀ ਦੀਆ ਲਿਖਤਾਂ ਨੂੰ ਅੱਖਾਂ ਸਾਹਮਣੇ ਰੱਖੀਏ ਤੇ ਇਹ ਵੀ ਧਿਆਨ ਵਿਚ ਰੱਖੀਏ ਕਿ ਸਾਹਿਬਜ਼ਾਦਾ ਪ੍ਰਿਥੀ ਚੰਦ ਜੀ ਪੰਚਮ ਪਾਤਸ਼ਾਹ ਜੀ ਦੇ ਸਮੇਂ ਨਹੀਂ ਸਮਾਏ ਸਨ, ਬਲਕਿ ਪੰਚਮ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ੧੨ ਸਾਲ ਮਗਰੋਂ। ਸਿੱਖ-ਇਤਿਹਾਸਾਂ ਵਿਚ ਲਿਖਿਆ ਹੈ ਕਿ ਸਤਿਗੁਰੂ ਜੀ ਕੇਵਲ ਚਾਲ੍ਹੀ ਦਿਨ ਗਵਾਲੀਅਰ ਦੇ ਕਿਲ੍ਹੇ ਵਿਚ ਰਹੇ ਪਰ ਮੁਹਸਨ ਫਾਨੀ ਕਹਿੰਦਾ ਹੈ ਕਿ ਸਤਿਗੁਰੂ ਜੀ ੧੨ ਸਾਲ ਗਵਾਲੀਅਰ ਕੈਦ ਰਹੇ। ਇਸ ਗੱਲ ਦਾ ਨਿਰਣਾ ਬੜਾ ਜ਼ਰੂਰੀ ਹੈ।

ਸਾਡੇ ਇਤਿਹਾਸ ਦਾ ਜ਼ਰੂਰੀ ਅੰਗ ਗੁਰੂ-ਅੰਸ ਦਾ ਇਤਿਹਾਸ ਹੈ, ਪਰ ਅਸਾਂ ਇਸ ਪਾਸੇ ਵੱਲ ਧਿਆਨ ਹੀ ਨਹੀਂ ਦਿੱਤਾ। ਅਸੀਂ ਸਾਹਿਬਜ਼ਾਦਾ ਪ੍ਰਿਥੀ ਚੰਦ ਜੀ ਤੀਕ ਹੀ ਆਪਣਾ ਸੰਬੰਧ ਰੱਖਦੇ ਹਾਂ ਤੇ ਇਸ ਤੋਂ ਅੱਗੇ ਇਹਨਾਂ ਨੂੰ ਮੀਣੇ ਆਖ ਕੇ ਹਰ ਪ੍ਰਕਾਰ ਦਾ ਸੰਬੰਧ ਤੋੜ ਲੈਂਦੇ ਹਾਂ। ਪਰ ਇਤਿਹਾਸ ਲਈ ਜ਼ਰੂਰੀ ਹੈ ਕਿ ਇਸ ਸ਼ਾਖ ਦਾ ਸਾਰਾ ਹਾਲ ਸਾਡੀਆਂ ਅੱਖਾਂ ਸਾਹਮਣੇ ਰਹੇ। ਸਾਨੂੰ ਗੁਰੂ ਹਰਿਸਹਾਇ ਕੋਠਾ ਗੁਰੂ, ਸੰਗਤ ਪੁਰਾ, ਘਰਾਚੋਂ ਤੇ ਮੋਗੇ ਦੇ ਸੋਢੀ ਸਾਹਿਬਜ਼ਾਦਿਆਂ ਦੇ ਹਾਲ ਜ਼ਰੂਰ ਇਕੱਠੇ ਕਰਨੇ ਚਾਹੀਦੇ ਹਨ।

ਪ੍ਰਿਥੀ ਚੰਦ ਜੀ ਦੇ ਵੱਡੇ ਸਾਹਿਬਜ਼ਾਦੇ ਮਿਹਰਬਾਨ ਜੀ ਨੇ ਇਕ ਗ੍ਰੰਥ ਲਿਖਿਆ ਸੀ, ਜਿਸ ਵਿਚ ਕਈ ਸੰਤਾਂ, ਮਹੰਤਾਂ ਤੇ ਪੀਰਾਂ ਫਕੀਰਾਂ ਦੀਆਂ ਬਾਣੀਆਂ ਤੇ ਕੁਝ ਕੁ ਸਾਖੀਆਂ ਹਨ। ਇਸ ਗ੍ਰੰਥ ਦਾ ਕੁਝ ਕੁ ਹਿੱਸਾ ਮੈਂ ਮਾਝੇ ਵਿਚ ਵੇਖਿਆ ਸੀ, ਪਰ ਅਸਲ ਸਾਰਾ ਗ੍ਰੰਥ ਪਟਿਆਲੇ ਸੰਤ ਜਵਾਲਾ ਸਿੰਘ ਜੀ ਪਾਸ ਵੇਖਿਆ ਹੈ। ਇਤਿਹਾਸ ਦੇ ਖੋਜੀ ਲਈ ਇਹਨਾਂ ਸਾਖੀਆਂ ਨੂੰ ਵਾਚਣਾ ਵੀ ਜ਼ਰੂਰੀ ਹੈ।

'ਗੁਰਪੁਰਬ ਨਿਰਣੇ' ਵਿਚ ਯੁੱਧ-ਅੰਮ੍ਰਿਤਸਰ ਦੇ ਸੰਮਤ ਬਾਬਤ ਜੋ ਮੈਂ ਬਹਿਸ ਕੀਤੀ ਹੈ, ਉਹ ਹੁਣ ਸਾਰੀ ਹੀ ਨਿਰਮੂਲ ਸਿੱਧ ਹੋਈ ਹੈ। ਮੇਰਾ ਨਿਸ਼ਚਾ ਹੈ ਕਿ ਇਹ ਯੁੱਧ ਸੰਮਤ ੧੬੯੧ ਵਿਚ ਨਹੀਂ, ਬਲਕਿ ਸੰਮਤ ੧੬੮੫ ਵਿਚ ਹੋਇਆ ਹੈ। ਜਹਾਂਗੀਰ ਦੇ ਮਰਨ ਪਿੱਛੋਂ ਕੁਝ ਮਹੀਨੇ ਰਾਜ ਰੌਲਾ ਰਿਹਾ ਸੀ, ਕਿਉਂ ਜੋ ਸ਼ਾਹ ਜਹਾਨ ਓਦੋਂ ਦੱਖਣ ਵੱਲ ਸੀ। ਉਸ ਸਮੇਂ ਉਨ੍ਹਾਂ ਹਾਕਮਾਂ ਨੂੰ ਸਤਿਗੁਰੂ ਜੀ ਪਾਸੋਂ ਬਦਲਾ ਲੈਣ ਦਾ ਸੋਹਣਾ ਸਮਾਂ ਲੱਭਾ, ਜੋ ਅਮਨ-ਅਮਾਨ ਦੇ ਸਮੇਂ ਅਜਿਹਾ ਨਹੀਂ ਕਰ ਸਕਦੇ ਸਨ। ਮੁਖ਼ਲਸ ਖ਼ਾਨ ਕੋਈ ਵੱਡਾ ਅਹੁਦੇਦਾਰ ਨਹੀਂ ਸੀ, ਇਹ ਆਂਢ-ਗੁਆਂਢ ਦੇ ਕਿਸੇ ਇਲਾਕੇ ਦਾ ਫੌਜਦਾਰ ਹੋਵੇਗਾ, ਸ਼ਾਹ ਜਹਾਨੀ ਅਹੁਦੇਦਾਰਾਂ ਦੀ ਮੈਂ ਸਾਰੀ ਫਹਿਰਿਸਤ ਵੇਖ ਮਾਰੀ ਸੀ, ਪਰ ਕੇਵਲ ਇਕ ਮੁਖ਼ਲਸ ਖਾਨ ਲੱਭਾ ਜੀ, ਜੋ ਸ਼ਾਇਦ ਢਾਈ ਸਦੀ ਸੀ, ਪਰ ਇਸ ਦਾ ਉਸ ਸਮੇਂ ਲਾਹੌਰ ਨਾਲ ਕੋਈ ਸਬੰਧ ਨਹੀਂ ਸੀ। ਇਹੋ ਹਾਲ ਲਲਾ ਬੇਗ ਤੇ ਕਮਰ ਬੇਗ ਦਾ ਸਮਝੋ।

ਕੌਲਾਂ ਸੰਬੰਧੀ ਮੇਰਾ ਨਿਸਚਾ ਹੈ ਕਿ ਇਹ ਕਾਜ਼ੀ ਦੀ ਲੜਕੀ ਨਹੀਂ ਸੀ, ਬਲਕਿ ਕਾਜ਼ੀ ਦੀ ਕਨੀਜ਼ ਸੀ ਜੋ ਪਹਿਲਾਂ ਹਿੰਦੂ ਹੋਵੇਗੀ। ਸਮੇਂ ਦੇ ਰਿਵਾਜ ਅਨੁਸਾਰ ਕਾਜ਼ੀ ਨੇ ਇਸ ਨਾਲ ਸਖਤੀ ਕੀਤੀ ਹੋਵੇਗੀ। ਸਮੇਂ ਦਾ ਕਾਨੂੰਨ ਗੋਲੇ-ਬਾਂਦੀਆਂ ਲਈ ਮਾਲਕ ਨੂੰ ਛੱਡ ਜਾਣ ਦੀ ਆਗਿਆ ਨਹੀਂ ਦਿੰਦਾ ਸੀ, ਸੋ ਉਹ ਨੱਸ ਕੇ ਸਤਿਗੁਰੂ ਪਾਸ ਆ ਗਈ ਹੋਵੇਗੀ ਤੇ ਸਤਿਗੁਰੂ ਜੀ ਨੇ ਉਸ ਦੀਆਂ ਬਾਹਾਂ ਕਾਜ਼ੀ ਦੇ ਹਵਾਲੇ ਨਹੀਂ ਕੀਤੀਆਂ ਹੋਣਗੀਆਂ।

੭. ਸੱਤਵੀਂ ਪਾਤਸ਼ਾਹੀ ਦੇ ਕੀਰਤਪੁਰ ਛੱਡਣ ਦਾ ਹਾਲ ਤਾਂ ਮੁਹਸਨ ਫਾਨੀ ਦੱਸਦਾ ਹੈ, ਜਿਸ ਦੀ ਤਸਦੀਕ 'ਸ਼ਾਹ ਜਹਾਨ ਨਾਮੇ' ਤੋਂ ਵੀ ਹੁੰਦੀ ਹੈ ਅਤੇ ਸਤਿਗੁਰੂ ਜੀ ਦੇ 'ਦਾਰਾ ਸ਼ਕੋਹ' ਦੀ ਸਹਾਇਤਾ ਲਈ ਲਾਹੌਰ ਜਾਣ ਦਾ ਹਾਲ ਸੁਜਾਨ ਰਾਇ ਦੱਸਦਾ ਹੈ।

ਇਸ ਸੁਜਾਨ ਰਾਇ ਨੇ ਸ੍ਰੀ ਦਸਮੇਸ਼ ਜੀ ਦੇ ਸਮੇਂ 'ਖੁਲਾਸਾ-ਤੁਲ-ਤਵਾਰੀਖ' ਨਾਮੇ ਇਤਿਹਾਸ ਲਿਖਿਆ ਸੀ, ਇਹ ਬਟਾਲੇ ਦਾ ਵਸਨੀਕ ਤੇ ਸਿੱਖਾਂ ਦੇ ਹਾਲਾਂ ਦਾ ਚੰਗਾ ਜਾਣੂੰ ਸੀ। ਇਸ ਨੇ ਆਪਣੀ ਤਵਾਰੀਖ ਵਿਚ ਸਿੱਖਾਂ ਦਾ ਥੋੜ੍ਹਾ ਜਿਹਾ ਹਾਲ ਲਿਖਿਆ ਹੈ, ਪਰ ਸੋਹਣਾ ਹਾਲ ਲਿਖਿਆ ਹੈ। ਜਦ ਦਾਰਾ ਸ਼ਿਕੋਹ ਲਾਹੌਰੋਂ ਸੁਲਤਾਨ ਨੂੰ ਚਲਾ ਗਿਆ ਤਾਂ ਸਤਿਗੁਰੂ ਜੀ ਨੂੰ ਕੀਰਤਪੁਰ ਨੂੰ ਵਾਪਸ ਮੁੜਨ ਲਈ ਔਖ ਪ੍ਰਤੀਤ ਹੋਇਆ, ਕਿਉਂ ਜੁ ਰਾਹ ਵਿਚ ਔਰੰਗਜ਼ੇਬੀ ਸੈਨਾ ਪਈ ਸੀ । ਸੋ ਆਪ ਗਲੇਟੀ ਜਾ ਰਹੇ (ਜੋ ਸਿਆਲ ਕੋਟ ਦੇ ਜ਼ਿਲ੍ਹੇ ਵਿਚ ਇਕ ਪਿੰਡ ਹੈ) ਅਤੇ ਜਦ ਰਾਹ ਸਾਫ ਹੋ ਗਿਆ ਤਾਂ ਕੀਰਤਪੁਰ ਨੂੰ ਆ ਗਏ।

ਇਥੇ ਮੈਂ ਇਹ ਦੱਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਹਰ ਇਕ ਗੁਰਦੁਆਰੇ ਸੰਬੰਧੀ ਜੋ ਜਾਖੀਆਂ ਤੁਰੀਆਂ ਆਉਂਦੀਆਂ ਹਨ, ਉਹਨਾਂ ਦਾ ਇਕੱਠਾ ਕਰਨਾ

ਕਿੰਨਾ ਕੁ ਜ਼ਰੂਰੀ ਹੈ। ਗੁਰਦੁਆਰਾ ਗਲੋਟੀ ਦੇ ਸੇਵਾਦਾਰ ਇਹ ਕਹਿੰਦੇ ਸਨ ਕਿ ਇਹ ਸੱਤਵੀਂ ਪਾਤਸ਼ਾਹੀ ਜੀ ਦਾ ਗੁਰਦੁਆਰਾ ਹੈ, ਪਰ ਸੁਣਨ ਵਾਲੇ ਕਹਿੰਦੇ ਸਨ ਕਿ ਭੁੱਲਦੇ ਹੋਵੇਗੇ, ਸੱਤਵੀਂ ਪਾਤਸ਼ਾਹੀ ਤਾਂ ਕਦੇ ਇਧਰ ਆਏ ਹੀ ਨਹੀਂ। ਇਥੇ ਛੇਵੇਂ ਪਾਤਸ਼ਾਹ ਹੀ ਆਏ ਹੋਣਗੇ, ਕਿਉਂ ਜੋ ਗਿਰਦ ਨਿਵਾਹੀ ਵਿਚ ਛੇਵੀਂ ਪਾਤਸ਼ਾਹੀ ਜੀ ਦੇ ਹੋਰ ਵੀ ਗੁਰਦੁਆਰੇ ਹਨ, ਪਰ ਸੇਵਾਦਾਰ ਇਹੋ ਕਹੀ ਜਾਂਦੇ ਸਨ ਕਿ ਅਸੀਂ ਤਾਂ ਪਿਛੋਂ ਇਹੋ ਹੀ ਸੁਣਦੇ ਆਏ ਸਾਂ, ਕਿ ਇਥੇ ਸੱਤਵੀਂ ਪਾਤਸ਼ਾਹੀ ਜੀ ਆਏ ਸਨ।

ਭਾਈ ਗਿਆਨ ਸਿੰਘ ਜੀ ਨੇ ਆਪਣੀ ਤਵਾਰੀਖ ਵਿਚ ਇਹੋ ਮੰਨਿਆ ਹੈ ਕਿ ਗਲੋਟੀ ਛੇਵੀਂ ਪਾਤਸ਼ਾਹੀ ਜੀ ਆਏ ਸਨ । ਮੈਂ ਆਪ ਬੜਾ ਹੈਰਾਨ ਸਾਂ ਕਿ ਇਧਰ ਸੱਤਵੀਂ ਪਾਤਸ਼ਾਹੀ ਜੀ ਦਾ ਹੋਰ ਕੋਈ ਗੁਰਦੁਆਰਾ ਨਜ਼ਰ ਨਹੀਂ ਆਉਂਦਾ, ਪਰ ਸੇਵਾਦਾਰ ਜ਼ਿੱਦ ਕਰਦੇ ਹਨ ਕਿ ਅਸੀਂ ਪਰੰਪਰਾ ਤੋਂ ਇਹੋ ਸੁਣਦੇ ਆਏ ਹਾਂ ਕਿ ਇਥੇ ਸੱਤਵੀਂ ਪਾਤਸ਼ਾਹੀ ਜੀ ਹੀ ਆਏ ਸਨ। ਇਹਨਾਂ ਦੀ ਪਰੰਪਰਾ ਦੀ ਗੱਲ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ ਸੀ। ਮੈਂ ਇਸੇ ਦੁਬਿਧਾ ਵਿਚ ਸਾਂ ਕਿ ਸੁਜਾਨ ਰਾਏ ਦੀ ਤਵਾਰੀਖ ਮੇਰੀ ਨਜ਼ਰ ਵਿਚ ਪੈ ਗਈ। ਸੁਜਾਨ ਰਾਏ ਤੋਂ ਬਿਨਾਂ ਹੋਰ ਕਿਸੇ ਇਤਿਹਾਸਕਾਰ ਨੇ ਸਪੱਸ਼ਟ ਤੌਰ ਨਾਲ ਨਹੀਂ ਲਿਖਿਆ ਕਿ ਸਤਿਗੁਰੂ ਜੀ ਦਾਰਾ ਸ਼ਕੋਹ ਦੀ ਸਹਾਇਤਾ ਲਈ ਸੈਨਾ ਲੈ ਕੇ ਲਾਹੌਰ ਆਏ ਸਨ।

'ਆਲਮਗੀਰ ਨਾਮ ਦਾ ਕਰਤਾ ਜੋ ਇਸ ਸਮੇਂ ਦੇ ਹਾਲ ਬੜੇ ਵਿਸਥਾਰ ਨਾਲ ਲਿਖਦਾ ਹੈ, ਉਹ ਇਤਨਾ ਲਿਖਦਾ ਹੈ ਕਿ ਮੇਰੇ ਖੁਸ਼ਾਵ ਦਾ ਫੌਜਦਾਰ ਤੇ ਜੰਮੂ ਦਾ ਰਾਜਾ ਰਾਜ ਰੂਪ ਦਾਰਾ ਸ਼ਕੋਹ ਦੀ ਸਹਾਇਤਾ ਲਈ ਲਾਹੌਰ ਆਏ, ਪਰ ਫੇਰ ਉਸ ਨੂੰ ਛੱਡ ਕੇ ਆਪਣਿਆਂ ਇਲਾਕਿਆਂ ਉੱਤੇ ਚਲੇ ਗਏ ਪਰ ਉਹ ਸਤਿਗੁਰੂ ਜੀ ਬਾਬਤ ਕੁਝ ਭੋਗ ਨਹੀਂ ਪਾਉਂਦਾ। ਕੇਵਲ ਸੁਜਾਨ ਰਾਇ ਹੀ ਹੈ, ਜੋ ਦਾਰਾ ਸ਼ਕੋਹ ਦੇ ਹਾਮੀਆਂ ਵਿਚ ਸਤਿਗੁਰੂ ਜੀ ਦਾ ਨਾਉਂ ਵੀ ਲੈਂਦਾ ਹੈ ।

ਸੁਜਾਨ ਰਾਇ ਦੀ ਲਿਖਤ ਨੂੰ ਵੇਖ ਕੇ ਮੈਨੂੰ ਨਿਸਚਾ ਹੋ ਗਿਆ ਕਿ ਗਲੋਟੀਆਂ ਦੇ ਸੇਵਾਦਾਰ ਠੀਕ ਕਹਿੰਦੇ ਹਨ ਕਿ ਇਥੇ ਸੱਤਵੀਂ ਪਾਤਸ਼ਾਹੀ ਜੀ ਆਏ ਸਨ। ਇਤਨਾ ਕੁਝ ਦੱਸਣ ਤੋਂ ਮੇਰਾ ਭਾਵ ਇਹ ਹੈ ਕਿ ਸਾਡੇ ਪਰੰਪਰਾ ਦੇ ਹਾਲ ਕੈਸੇ ਠੀਕ ਹਨ ਤੇ ਉਨ੍ਹਾਂ ਤੋਂ ਸਾਨੂੰ ਕੈਸੀ ਚੰਗੀ ਸਹਾਇਤਾ ਮਿਲ ਸਕਦੀ ਹੈ।

ਜਦ ਔਰੰਗਜ਼ੇਬ ਆਪਣੇ ਭਰਾਵਾਂ ਦੇ ਝਗੜਿਆਂ ਵੱਲੋਂ ਨਿਸਚਿੰਤ ਹੋ ਗਿਆ ਤਾਂ ਉਸ ਨੇ ਸਤਿਗੁਰੂ ਜੀ ਪਾਸੋਂ ਦਾਰਾ ਸ਼ਕੋਹ ਨੂੰ ਸਹਾਇਤਾ ਦੇਣ ਬਾਬਤ ਜਵਾਬ ਤਲਬ ਕੀਤਾ। ਰਾਮ ਰਾਇ ਜੀ ਦੇ ਦਿੱਲੀ ਜਾਣ ਦਾ ਇਹੋ ਕਾਰਨ ਸੀ ਅਤੇ ਇਸੇ ਸਿਲਸਿਲੇ ਵਿਚ ਹੀ ਅੱਠਵੀਂ ਪਾਤਸ਼ਾਹੀ ਜੀ ਦਿੱਲੀ ਗਏ ਸਨ।

9. ਨਾਵੀਂ ਪਾਤਸ਼ਾਹੀ ਰਾਮ ਸਿੰਘ ਕਛਵਾਰ ਨਾਲ ਆਸਾਮ ਦੀ ਮੁਹਿੰਮ ਉੱਤੇ ਜਾਂਦੇ ਹਨ। ਸਾਡੇ ਇਤਿਹਾਸਾਂ ਵਿਚ ਕਿਤੇ ਤਾਂ ਬਿਸ਼ਨ ਸਿੰਘ ਦਾ ਨਾਮ ਲਿਖਿਆ ਹੈ। ਪਰ ਕਿਤੇ ਕੇ ਸਿੰਘ ਦਾ, ਪਰ ਇਹ ਦੋਵੇਂ ਹੀ ਭੁੱਲਾਂ ਹਨ। ਕੇਵਲ ਰਾਮ ਸਿੰਘ ਹੀ ਪਰਮ ਦੀ ਮਹਿੰਮ ਉੱਤੇ ਗਿਆ ਸੀ। ਆਸਾਮ ਦੀ ਮੁਹਿੰਮ ਦਾ ਸਵਿਸਥਾਰ ਹਾਲ 'ਤਵਾਰੀਖ ਆਸਾਮ' ਅੰਗਰੇਜ਼ੀ ਵਿਚ ਵੇਖਿਆ ਜਾ ਸਕਦਾ ਹੈ।

ਇਸ ਮੁਹਿੰਮ ਵਿਚ ਫਤਹ ਚੰਦ ਨਾਮੇ ਇਕ ਸਿੱਖ ਸਤਿਗੁਰੂ ਜੀ ਦੇ ਨਾਲ ਸੀ, ਜੋ ਸਤਿਗੁਰੂ ਜੀ ਦਾ ਮੇਵੜਾ ਵੀ ਸੀ. ਇਸ ਨੂੰ ਹੁਕਮਨਾਮਿਆਂ ਵਿਚ ਧਰਮ ਪੁੱਤਰ ਕਰ ਕੇ ਲਿਖਿਆ ਹੈ। ਇਸ ਦੀ ਔਲਾਦ ਪਾਸ ਨੌਵੀਂ ਤੋਂ ਦਸਵੀਂ ਪਾਤਸ਼ਾਹੀ ਜੀ ਦੇ ਬਹੁਤ ਸਾਰੇ ਹੁਕਮਨਾਮੇ ਸਨ ਜਿਹਨਾਂ ਵਿਚੋਂ ਕੁਝ ਕੁ ਤਾਂ ਬੜੇ ਹੀ ਅਮੋਲਕ ਹਨ, ਇਕ ਹੁਕਮਨਾਮੇ ਵਿਚ ਨਾਵੀਂ ਪਾਤਸ਼ਾਹੀ ਜੀ ਦੇ ਸਾਲ ਵਾਰ ਹਾਲ ਹਨ ਤੇ ਇਕ ਵਿਚ ਦਸਵੀਂ ਪਾਤਸ਼ਾਹੀ ਜੀ ਦੇ। ਇਤਿਹਾਸਕ ਨਿਗਾਹ ਨਾਲ ਇਹ ਹੁਕਮਨਾਮੇ ਬੜੇ ਕੀਮਤੀ ਤੇ ਇਹਿਤਾਸ ਲਿਖਣ ਵਿਚ ਬੜੀ ਹੀ ਸਹਾਇਤਾ ਦੇਣ ਵਾਲੇ ਹਨ। ਬਾਜੀਆਂ ਘਟਨਾਵਾਂ ਦੇ ਤਾਂ ਮਹੀਨੇ ਵੀ ਦਿੱਤੇ ਹੋਏ ਹਨ। ਹੋਰ ਵੀ ਕਈ ਅਮੋਲਕ ਹੁਕਮਨਾਮੇ ਹਨ, ਜੋ ਮੈਂ ਕਦੇ 'ਫੁਲਵਾੜੀ' ਵਿਚ ਛਪਵਾ ਦੇਵਾਂਗਾ। ਪਰ ਇਥੇ ਇਹ ਲਿਖਣ ਤੋਂ ਮੇਰਾ ਇਹ ਭਾਵ ਹੈ ਕਿ ਸਾਡੇ ਇਤਿਹਾਸ ਨੂੰ ਬਹੁਤ ਸਾਰੀ ਸਹਾਇਤਾ ਮਸੰਦ ਤੇ ਮੇਵੜਿਆਂ ਦੇ ਖਾਨਦਾਨਾਂ ਦੇ ਹਾਲ ਤੋਂ ਮਿਲ ਸਕਦੀ ਹੈ। ਇਨ੍ਹਾਂ ਪਾਸ ਬੜੀਆਂ ਬੜੀਆਂ ਜ਼ਰੂਰੀ ਤੇ ਅਮੋਲਕ ਲਿਖਤਾਂ ਪਈਆਂ ਹਨ। ਅਸਾਂ ਅਜੇ ਤੀਕ ਇਸ ਪਾਸੇ ਵੱਲ ਧਿਆਨ ਹੀ ਨਹੀਂ ਦਿੱਤਾ । ਬਾਬਾ ਬੁੱਢਾ ਜੀ ਦੇ ਘਰਾਣੇ ਦੇ ਹਾਲ ਭਾਈ ਮੰਗਲ ਸਿੰਘ ਜੀ ਨੇ ਲਿਖੇ ਹਨ। ਹੋਰ ਕਿਸੇ ਮਸੰਦ ਘਰਾਣੇ ਦੇ ਹਾਲ ਅਜੇ ਤੀਕ ਨਹੀਂ ਲਿਖੇ ਗਏ, ਹਾਲਾਂ ਕਿ ਸਿੱਖ-ਇਤਿਹਾਸ ਦਾ ਇਹ ਜ਼ਰੂਰੀ ਅੰਗ ਹਨ ਅਤੇ ਸਿੱਖ ਇਤਿਹਾਸ ਨੂੰ ਸਮਝਣ ਵਿਚ ਇਨ੍ਹਾਂ ਗੱਲਾਂ ਤੋਂ ਬੜੀ ਸਹਾਇਤਾ ਮਿਲ ਸਕਦੀ ਹੈ।

ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਹਾਲਾਂ ਸੰਬੰਧੀ ਜੋ ਕੁਝ ਸਾਡੇ ਇਤਿਹਾਸਾਂ ਵਿਚ ਲਿਖਿਆ ਹੈ, ਇਹ ਤਾਂ ਸਾਡੇ ਪਾਸ ਦੀ ਗੱਲ ਹੈ, ਜੋ ਕੁਝ ਫਰਸਟਰ ਨੇ ਲਿਖਿਆ ਹੈ, ਇਹ ਸਿੱਖਾਂ ਤੋਂ ਬਿਨਾਂ ਹੋਰਨਾਂ ਦੀ ਗੱਲ ਹੈ ਅਤੇ ਜੋ ਕੁਝ ਮੁਹੰਮਦ ਕਾਸਮ ਲਾਹੌਰ ਜਾਂ ਹੋਰ ਮੁਸਲਮਾਨੀ ਇਤਿਹਾਸਕਾਰਾਂ ਨੇ ਲਿਖਿਆ ਹੈ ਇਹ ਹਕੂਮਤ ਦੇ ਪਾਸੇ ਦੀ ਗੱਲ ਹੈ। ਇਤਿਹਾਸਕਾਰ ਲਈ ਜ਼ਰੂਰੀ ਹੈ ਕਿ ਉਹ ਲਿਖੇ ਭਾਵੇਂ ਕੁਝ ਪਰ ਸਭ ਪਾਸਿਆਂ ਦੀਆਂ ਗੱਲਾਂ ਨੂੰ ਜੋਹ-ਜੋਖ ਜ਼ਰੂਰ ਲਵੇ।

ਮੈਂ ਕਈ ਵਾਰ ਹੈਰਾਨ ਹੁੰਦਾ ਸਾਂ ਕਿ ਸਤਿਗੁਰੂ ਜੀ ਕਸ਼ਮੀਰੀ ਪੰਡਤਾਂ ਦੀ ਪਾਤਰ ਸੀਸ ਦੇਣ ਦਿੱਲੀ ਨੂੰ ਗਏ, ਪਰ ਮਾਖੋਵਾਲ ਦਿੱਲੀ ਦਾ ਜੋ ਰਾਹ ਹੈ, ਉਹ ਰਾਹ ਛੱਡ ਕੇ ਸਤਿਗੁਰੂ ਜੀ ਧਮਤਾਨ, ਜੀਂਦ ਰੈਹਤਕ ਦੇ ਉਲਟੇ-ਪੁਲਟੇ ਰਾਹ ਥਾਣੀ ਪਹਿਲਾਂ ਆਗਰੇ ਅੱਪੜੇ ਤੇ ਫਿਰ ਦਿੱਲੀ ਨੂੰ ਆਏ ਇਹ ਕਿਉਂ ? ਮੈਂ ਕਈਆਂ ਨਾਲ ਗੱਲ ਕੀਤੀ ਪਰ ਕੋਈ ਮੇਰੀ ਤਸੱਲੀ ਨਾ ਕਰ ਸਕਿਆ। ਅੰਤ ਮੈਂ ਉਸ ਰਾਹ ਪਿਆ, ਜਿਸ ਰਾਹ ਸਤਿਗੁਰੂ ਜੀ ਆਗਰੇ ਨੂੰ ਗਏ ਸਨ। ਇਕ ਗੁਰਦੁਆਰੇ ਦੇ ਸੇਵਾਦਾਰ ਨੇ ਮੈਨੂੰ ਐਸੀ ਗੱਲ ਦੱਸੀ ਕਿ ਮੈਂ ਹੈਰਾਨ ਜਿਹਾ ਹੋ ਗਿਆ ਤੇ ਮੈਂ ਬਾਰ-ਬਾਰ ਖੋਜ-ਖੋਜ ਕੇ ਉਸ ਉੱਤੇ ਜਿਰ੍ਹਾ ਕੀਤੀ, ਪਰ ਉਹ ਇਹੋ ਕਹੀ ਗਿਆ ਕਿ ਅਸੀਂ ਪਰੰਪਰਾ ਤੋਂ ਇਹ ਸਾਖੀ ਸੁਣਦੇ ਆਏ ਹਾਂ। ਇਸ ਪਰੰਪਰਾ ਦੀ ਸਾਖੀ ਨੂੰ ਪੱਥਰ ਦੀ ਲੀਕ ਸਮਝਦਾ ਹਾਂ, ਮੈਂ ਚੁੱਪ ਹੋ ਗਿਆ ਪਰ ਤਦ ਤੋਂ ਮੇਰਾ ਇਹ ਭਰਮ ਜਾਂਦਾ ਰਿਹਾ ਕਿ ਸਤਿਗੁਰੂ ਜੀ ਸਿੱਧਾ ਰਾਹ ਛੱਡ ਕੇ ਪੁੱਠੇ ਰਾਹ ਦਿੱਲੀ ਕਿਉਂ ਗਏ ਸਨ।

ਮੈਂ ਫਿਰ ਕਹਿੰਦਾ ਹਾਂ ਕਿ ਗੁਰੂ ਸਾਹਿਬ ਦੇ ਹਾਲਾਂ ਸੰਬੰਧੀ ਸਾਡੀਆਂ ਬਹੁਤ ਸਾਰੀਆ ਔਕੜਾਂ ਗੁਰਦੁਆਰਿਆਂ ਦੀਆਂ ਸਾਖੀਆਂ, ਪੁਰਾਣੀਆਂ ਲਿਖਤਾਂ, ਹੁਕਮਨਾਮਿਆਂ, ਗੁਰੂ-ਅੰਸ ਤੇ ਮਸੰਦਾਂ ਆਦਿ ਦੇ ਹਾਲ ਜਮ੍ਹਾਂ ਕਰਨ ਤੋਂ ਜਾਂਦੀਆਂ ਰਹਿਣਗੀਆਂ। ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਜਿਸ ਸਮੇਂ ਸਤਿਗੁਰੂ ਜੀ ਦਿੱਲੀ ਸ਼ਹੀਦ ਹੁੰਦੇ ਹਨ, ਉਸ ਤੋਂ ਬਹੁਤ ਚਿਰ ਪਹਿਲਾਂ ਦਾ ਔਰੰਗਜ਼ੇਬ ਹਸਨ ਅਬਦਾਲ ਗਿਆ ਹੋਇਆ ਸੀ। ਯੂਸਫ ਜ਼ਈ ਫਸਾਦ ਕਰ ਬੈਠੇ ਸਨ ਤੇ ਔਰੰਗਜ਼ੇਬ ਆਪਣੀ ਸਾਰੀ ਸੈਨਾ ਲੈ ਕੇ ਕਈ ਮਹੀਨੇ ਉਹਨਾਂ ਨਾਲ ਲੜਦਾ ਰਿਹਾ ਸੀ। ਉਸ ਸਮੇਂ ਉਸ ਦਾ ਹੈਡ ਕਵਾਟਰ ਹਸਨ ਅਬਦਾਲ ਸੀ। ਸਾਡੇ ਇਤਿਹਾਸਾਂ ਵਿਚ ਸਤਿਗੁਰੂ ਜੀ ਦੇ ਔਰੰਗਜ਼ੇਬ ਨਾਲ ਜੋ ਬਚਨ-ਬਿਲਾਸ ਲਿਖੇ ਹਨ, ਇਨ੍ਹਾਂ ਨੂੰ ਅੱਖਰੋ-ਅੱਖਰ ਠੀਕ ਮੰਨਣ ਦੀ ਲੋੜ ਨਹੀਂ।

੧੦. ਹੋਰਨਾਂ ਪਾਤਸ਼ਾਹੀਆਂ ਨਾਲੋਂ ਸ੍ਰੀ ਦਸਮੇਸ਼ ਜੀ ਸੰਬੰਧੀ ਸਾਡੇ ਪਾਸ ਵਧੇਰੇ ਇਤਿਹਾਸਕ ਮਸਾਲਾ ਹੈ। ਬਚਿੱਤਰ ਨਾਟਕ ਤੋਂ ਜ਼ਫਰਨਾਮਾ ਪੁੱਜ ਕੇ ਪਰਮਾਣੀਕ ਹਨ। ਕਵੀ ਸੈਨਾਪਤਿ ਦੀ ਲਿਖਤ 'ਸ੍ਰੀ ਗੁਰੁ ਸੋਭਾ' ਵੀ ਸੋਹਣੀ ਤੇ ਚੰਗੀ ਸਹਾਇਤਾ ਦੇਣ ਵਾਲੀ ਲਿਖਤ ਹੈ। ਭਾਈ ਸੁੱਖਾ ਸਿੰਘ ਦਾ 'ਗੁਰ ਬਿਲਾਸ' ਵੀ ਪਰਮਾਣੀਕ ਇਤਿਹਾਸ ਹੈ। ਸੌ ਸਾਖੀ ਤੋਂ ਸੇਵਾ ਦਾਸ ਦੀਆਂ ਪਰਚੀਆਂ ਵੀ ਪੜ੍ਹ ਲੈਣੀਆਂ ਚਾਹੀਦੀਆਂ ਹਨ। 'ਸਿੰਘ ਸਾਗਰ' ਤੇ ਗੁਰ-ਬਿਲਾਸ ਭਾਈ ਮਨੀ ਸਿੰਘ ਕਿਰਤ ਪੁਰਾਣੇ ਗ੍ਰੰਥ ਹਨ। ਸਭ ਤੋਂ ਅੰਤ ਵਿਚ ਸੂਰਜ ਪ੍ਰਕਾਸ਼ ਦਾ ਨੰਬਰ ਹੈ, ਜਿਸ ਵਿਚ ਸ੍ਰੀ ਦਸਮੇਸ਼ ਜੀ ਦਾ ਸਵਿਸਥਾਰ ਹਾਲ ਦਰਜ ਹੈ।

ਸੌ ਸਾਖੀ ਬਾਬਤ ਕਈ ਖਿਆਲ ਸਨ। ਸਰਦਾਰ ਅਤਰ ਸਿੰਘ ਜੀ ਦਾ ਖਿਆਲ ਸੀ ਕਿ ਇਹ ਮੂਲ ਰਾਜ ਦੇ ਮੁਲਤਾਨ ਆਕੀ ਹੋਣ ਸਮੇਂ ਲਿਖੀ ਗਈ ਹੋਵੇਗੀ, ਪਰ ਇਹ ਭੁੱਲ ਹੈ, ਕਿਉਂ ਜੁ ਮਹਾਰਾਜਾ ਰਣਜੀਤ ਸਿੰਘ ਨੇ ਇਹ ਮਾਲੂਮ ਕਰਕੇ ਕਿ ਸ਼ੀਸ਼ ਮਹਿਲ ਵਿਚ ਅੰਗਰੇਜ਼ੀ ਵਾਜਾ ਵੱਜੇਗਾ, ਲੁਧਿਆਣੇ ਤੋਂ ਅੰਗਰੇਜ਼ੀ ਵਾਜਾ ਮੰਗਵਾ ਕੇ ਸ਼ੀਸ਼ ਮਹਿਲ ਵਿਚ ਵਜਵਾ ਲਿਆ ਸੀ। ਸਰਦਾਰ ਮਾਨ ਸਿੰਘ ਜੀ ਬੀ.ਏ.ਐਲ.ਐਲ.ਬੀ. ਪਾਸ ਮੈਂ ਇੱਕ ਲਿਖਤ ਦੀ ਸੌ ਸਾਖੀ ਵੇਖੀ ਸੀ, ਜੋ ਸੰਮਤ 1856 ਦੀ ਲਿਖੀ ਹੋਈ ਸੀ। ਇਸ ਤੋਂ ਸਾਫ ਸਿੱਧ ਹੈ ਕਿ ਇਹ

ਨਵੀਂ ਲਿਖਤ ਨਹੀ ਬਲਕਿ ਪੁਰਾਣੀ ਹੀ ਲਿਖਤ ਹੈ।

ਉਤੇ ਦੱਸੇ ਗ੍ਰੰਥਾਂ ਵਿਚ ਜੋ ਸਾਖੀ ਹੈ, ਉਹ ਸਭ ਸੂਰਜ ਪ੍ਰਕਾਸ਼ ਵਿਚ ਦਰਜ ਹੈ। ਕਵੀ ਸੰਤੋਖ ਸਿੰਘ ਜੀ ਨੂੰ ਕੈਂਥਲ ਦਰਬਾਰ ਵਲੋਂ ਅਪਾਰ ਸਹਾਇਤਾ ਮਿਲਦੀ ਸੀ ਅਤੇ ਜੋ ਗ੍ਰੰਥ ਜਿਥੋਂ ਵੀ ਮਿਲਦਾ ਸੀ, ਕਵੀ ਜੀ ਖਾਤਰ ਲਿਆ ਦਿੱਤਾ ਜਾਂਦਾ ਸੀ। ਦਮਦਮੇ ਸਾਹਿਬ ਵੀ ਦੋ ਪੁਰਾਣੀਆਂ ਲਿਖਤਾਂ ਹਨ, ਜਿਨ੍ਹਾਂ ਵਿਚ ਨਾਵੀਂ ਤੋਂ ਦਸਵੀਂ ਪਾਤਸ਼ਾਹੀ ਜੀ ਦੇ ਸਫਰਾਂ ਦਾ ਸਵਿਸਥਾਰ ਹਾਲ ਹੈ। ਇਹ ਲਿਖਤਾਂ ਵੀ ਕਵੀ ਜੀ ਨੇ ਵੇਖੀਆਂ ਹਨ ਤੇ ਇਹਨਾਂ ਅਨੁਸਾਰ ਬਹੁਤ ਸਾਰੇ ਹਾਲ ਲਿਖੇ ਹਨ। ਗਈ ਮਨੀ ਸਿੰਘ ਜੀ ਦੇ ਨਾਮ ਦਾ ਗੁਰ-ਬਿਲਾਸ ਪਤਾ ਨਹੀਂ ਕਿਸ ਨੇ ਲਿਖਿਆ ਸੀ. ਇਹ ਤੇ ਸਿੰਘ ਸਾਗਰ ਦੋਵੇਂ ਪਟਿਆਲਾ ਸਰਕਾਰ ਦੀ ਲਾਇਬਰੇਰੀ ਵਿਚ ਹਨ ਤੇ ਲਿਖਤ ਦੇ ਗ੍ਰੰਥ ਹਨ। ਇਨ੍ਹਾਂ ਵਿਚ ਸ੍ਰੀ ਦਸਮੇਸ਼ ਜੀ ਸੰਬੰਧੀ ਜੋ ਭੁੱਲਾਂ ਸਨ, ਉਨ੍ਹਾਂ ਨੂੰ ਹੀ ਕਵੀ ਸੰਤੋਖ ਸਿੰਘ ਜੀ ਨੇ ਦੁਹਰਾਇਆ ਹੈ।

ਮੈਂ ਇਸ਼ਾਰੇ ਮਾਤਰ ਹੀ ਲਿਖਾਂਗਾ, ਇਹ ਮੰਨਿਆ ਹੈ ਕਿ ਸ੍ਰੀ ਦਸਮੇਸ਼ ਜੀ ਬਹਾਦਰ ਸ਼ਾਹ ਦੀ ਸਹਾਇਤਾ ਲਈ ਉਸ ਦੇ ਨਾਲ ਜੰਗ ਵਿਚ ਗਏ ਤੇ ਸਤਿਗੁਰੂ ਦੇ ਤੀਰ ਨਾਲ ਹੀ ਤਾਰਾ ਆਜ਼ਮ ਮਾਰਿਆ ਗਿਆ, ਹਾਲਾਂ ਕਿ ਅਸਲ ਗੱਲ ਇਹ ਹੈ ਕਿ ਸਤਿਗੁਰੂ ਜੀ ਨੇ ਅਸੀਸ ਦੇ ਘੱਲੀ ਸੀ ਕਿ ਜਿੱਤ ਤੁਸਾਡੀ ਹੋਵੇਗੀ, ਪਰ ਜਦ ਤੀਕ ਬਹਾਦਰ ਸ਼ਾਹ ਮੈਦਾਨ ਮਾਰ ਕੇ ਆਗਰੇ ਆ ਜਾਂਦਾ ਹੈ ਸਤਿਗੁਰੂ ਜੀ ਰਾਜਪੂਤਾਨੇ ਵਲੋਂ ਅਜੇ ਦਿੱਲੀ ਵੀ ਨਹੀਂ ਪੁੱਜਦੇ। ਇਧਰ ਦੀ ਹੁੰਦੇ ਹੋਏ ਫਿਰ ਸਹਿਜ ਨਾਲ ਆਗਰੇ ਜਾ ਕੇ ਬਾਗ ਰੇਹਰ ਆਰਾ ਵਿਚ ਬਹਾਦਰ ਸ਼ਾਹ ਨੂੰ ਮਿਲਦੇ ਹਨ।

ਸਾਰੇ ਮੁਸਲਮਾਨੀ ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹਨ ਕਿ ਤਾਰਾ ਆਜਮ ਈਸੇ ਖਾਂ ਮੰਜ ਦੀ ਗੋਲੀ ਨਾਲ ਮਾਰਿਆ ਗਿਆ ਸੀ, ਇਸੇ ਕਰ ਕੇ ਪਾਤਸ਼ਾਹ ਨੇ ਈਸੇ ਖਾਂ ਦਾ ਅਹੁਦਾ ਵਧਾ ਦਿੱਤਾ ਸੀ।

ਮੈਂ ਮੁੱਕਦੀ ਗੱਲ ਕਰਦਾ ਹਾਂ ਕਿ ਦਮਦਮੇ ਸਾਹਿਬ ਤੋਂ ਲੈ ਕੇ ਨਾਂਦੇੜ ਤੀਕ ਦੇ ਹਾਲ ਜੋ ਕੁਝ ਸ੍ਰੀ ਗੁਰ ਸੋਭਾ' ਵਿਚ ਦਿੱਤੇ ਹਨ, ਇਹ ਠੀਕ ਹਨ ਤੇ ਇਸ ਦੇ ਉਲਟ ਜਿਸ ਗ੍ਰੰਥ ਵਿਚ ਵੀ ਹਨ, ਉਹ ਸਭ ਗਲਤ ਹਨ। ਸਿੰਘ ਸਾਗਰ, ਭਾਈ ਮਨੀ ਸਿੰਘ ਜੀ ਦੇ ਗੁਰ-ਬਿਲਾਸ ਅਤੇ ਸੂਰਜ ਪ੍ਰਕਾਸ਼ ਵਿਚ ਅਜੇਹੀਆਂ ਬਹੁਤ ਭੁੱਲਾਂ ਹਨ।

ਭਾਈ ਬਿਧੀ ਚੰਦ ਜੀ ਦੇ ਖਾਨਦਾਨ ਨਾਲ ਢਾਡੀਆਂ ਦੇ ਇਕ ਘਰਾਣੇ ਦਾ ਸੰਬੰਧ ਰਿਹਾ ਹੈ, ਇਹਨਾਂ ਨੂੰ ਪੁਰਾਣੀਆਂ ਬਹੁਤ ਸਾਰੀਆਂ ਵਾਰਾਂ ਯਾਦ ਹਨ। ਮੈਂ ਇਕ ਪਾਸੋਂ ਯੁੱਧ ਭੰਗਾਣੀ ਦੀ ਵਾਰ ਸੁਣੀ ਸੀ, ਜੋ ਇਨ ਬਿਨ ਬਚਿੱਤ੍ਰ ਨਾਟਕ ਦਾ ਉਲਥਾ ਹੈ। ਉਸ ਢਾਡੀ ਦਾ ਕਥਨ ਸੀ ਕਿ ਸਾਡੇ ਵੱਡੇ-ਵਡੇਰੇ ਇਨ੍ਹਾਂ ਯੁੱਧਾਂ ਤੋਂ ਮਗਰੋਂ ਹੀ ਇਹ ਵਾਰਾਂ ਤਿਆਰ ਕਰ ਕੇ ਸਤਿਗੁਰੂ ਜੀ ਨੂੰ ਸੁਣਾਇਆ ਤੇ ਸਨਮਾਨ ਪਾਇਆ ਕਰਦੇ ਸਨ। ਮੇਰਾ ਦਿਲ ਗਵਾਹੀ ਦੇਂਦਾ ਸੀ ਕਿ ਇਹ ਵਾਰਾਂ ਪੁੱਜ ਕੇ ਪਰਮਾਣੀਕ ਇਤਿਹਾਸ ਹਨ। ਮੈਂ ਯਤਨ ਕੀਤਾ ਕਿ ਮੈਨੂੰ ਅੱਠੇ ਵਾਰਾਂ ਲਿਖਵਾ ਦਿੱਤੀਆਂ ਜਾਣ, ਪਰ ਢਾਡੀ ਮੈਥੋਂ ਹਰ ਇਕ ਵਾਰ ਬਦਲੇ ਇਕ ਦੁਸ਼ਾਲਾ, ਇਕ ਕੜਿਆਂ ਦੀ ਜੋੜੀ ਤੋਂ ਸੋ ਰੁਪਿਆ ਮੰਗਦਾ ਸੀ, ਮੈਂ ਇਤਨਾ ਕੁਝ ਦੇਣੋਂ ਅਸਮਰੱਥ ਸਾਂ, ਇਸ ਲਈ ਕੁਝ ਨਾ ਕਰ ਸਕਿਆ। ਮੇਰਾ ਖਿਆਲ ਸੀ ਕਿ ਮੈਂ ਕਦੇ ਉਸ ਢਾਡੀ ਨੂੰ ਇਸ ਤੋਂ ਘੱਟ ਰਕਮ ਉੱਤੇ ਮਨਾ ਲਵਾਂਗਾ, ਪਰ ਉਹ ਢਾਡੀ ਮਰ ਗਿਆ ਤੇ ਸਾਡਾ ਇਤਿਹਾਸਕ ਖਜ਼ਾਨਾ ਉਸ ਦੇ ਨਾਲ ਹੀ ਚਲਿਆ ਗਿਆ। ਮੈਨੂੰ ਉਸ ਨੇ ਇਕ ਵਾਰ ਦੱਸਿਆ ਸੀ ਕਿ ਸੂਰਜ ਪ੍ਰਕਾਸ਼ ਵਿਚ ਯੁੱਧਾਂ ਦੇ ਜੋ ਹਾਲ ਹਨ, ਉਹ ਇਨ੍ਹਾਂ ਵਾਰਾਂ ਦੇ ਨਾਲ ਹੀ ਮਿਲਦੇ ਹਨ। ਮੈਨੂੰ ਪਤਾ ਨਹੀਂ ਕਿ ਇਸ ਖਾਨਦਾਨ ਦਾ ਕੋਈ ਹੋਰ ਵੀ ਬੰਦਾ ਜੀਉਂਦਾ ਹੈ। ਕਿ ਨਹੀਂ। ਭਲਾ ਜੇ ਕੋਈ ਜੀਉਂਦਾ ਹੋਵੇ ਤਾਂ ਉਸ ਪਾਸੋਂ ਦੁਸ਼ਾਲੇ ਕੜੇ ਦੇ ਕੇ ਵੀ ਇਹ ਵਾਰਾਂ ਲੈ ਲੈਣੀਆਂ ਚਾਹੀਦੀਆਂ ਹਨ। ਇਹ ਸੌਦਾ ਫੇਰ ਵੀ ਸਵੱਲਾ ਹੈ।

ਮੈਂ ਪਿੱਛੇ ਭਾਈ ਫਤਹ ਚੰਦ ਦੇ ਖਾਨਦਾਨ ਪਾਸ ਦੇ ਜਿਨ੍ਹਾਂ ਹੁਕਮਨਾਮਿਆਂ ਬਾਰੇ ਲਿਖਿਆ ਹੈ, ਉਨ੍ਹਾਂ ਵਿਚੋਂ ਇਕ ਹੁਕਮਨਾਮੇ ਦੀ ਸਹਾਇਤਾ ਨਾਲ ਸ੍ਰੀ ਦਸਮੇਸ਼ ਜੀ ਦੇ ਸਾਰੇ ਵਾਕਿਆਤ ਨੂੰ ਤਰਤੀਬ ਦਿੱਤੀ ਜਾ ਸਕਦੀ ਹੈ, ਪਰ ਫੇਰ ਵੀ ਸਾਲਾਂ ਸੰਮਤਾਂ ਦੀ ਤਸਦੀਕ ਕਰਨੀ ਜ਼ਰੂਰੀ ਹੈ। ਇਹ ਇਉਂ ਹੋ ਸਕਦੀ ਹੈ ਕਿ ਸ੍ਰੀ ਦਸਮੇਸ਼ ਜੀ ਦੇ ਹਰ ਇਕ ਯੁੱਧ ਵਿਚ ਕੋਈ ਨਾ ਕੋਈ ਰਾਜਾ ਮਾਰਿਆ ਗਿਆ ਹੈ। ਭਾਲ ਕੀਤਿਆਂ ਹਰ ਇਕ ਰਾਜੇ ਦੇ ਗੁਜ਼ਰਨ ਦੀ ਠੀਕ ਤਰੀਕ ਲੱਭੀ ਜਾ ਸਕਦੀ ਹੈ, ਜਿਸ ਤੋਂ ਹਰ ਇਕ ਯੁੱਧ ਦਾ ਮਹੀਨਾ ਤੇ ਸਾਲ ਲੱਭਿਆ ਤੇ ਤਸਦੀਕ ਕੀਤਾ ਜਾ ਸਕਦਾ ਹੈ।

ਮੁਸਲਮਾਨੀ ਇਤਿਹਾਸਾਂ ਵਿਚ ਸ੍ਰੀ ਦਸਮੇਸ਼ ਜੀ ਸੰਬੰਧੀ ਕੁਝ ਜ਼ਿਕਰ ਨਹੀਂ, ਪਰ ਤਦ ਵੀ ਸ੍ਰੀ ਦਸਮੇਸ਼ ਜੀ ਦੇ ਹਾਲਾਂ ਨੂੰ ਠੀਕ-ਠੀਕ ਸਮਝਣ ਲਈ ਉਸ ਸਮੇਂ ਦੇ ਇਤਿਹਾਸ ਨੂੰ ਜਾਨਣਾ ਤੇ ਪੰਜਾਬ ਵਿਚ ਜੋ ਹਾਕਮ ਆਉਂਦੇ ਰਹੇ। ਉਹਨਾਂ ਸੰਬੰਧੀ ਪੂਰੇ-ਪੂਰੇ ਜਾਣੂੰ ਹੋਣਾ ਜ਼ਰੂਰੀ ਹੈ। ਬਹਾਦਰ ਸ਼ਾਹ ਤੇ ਫਰਖੁਸ਼ੀਅਰ ਦੇ ਸਮੇਂ ਜੋ ਵੀ ਇਤਿਹਾਸ ਲਿਖਿਆ ਗਿਆ ਹੈ, ਉਸ ਵਿਚ ਸ੍ਰੀ ਦਸਮੇਸ਼ ਜੀ ਸਬੰਧੀ ਥੋੜ੍ਹਾ-ਥੋੜ੍ਹਾ ਹਾਲ ਜ਼ਰੂਰ ਦਿੱਤਾ ਹੈ, ਪਰ ਇਹ ਸੁਣਿਆ-ਸੁਣਾਇਆ ਹਾਲ ਹੈ ਤੇ ਆਮ ਪਾਠਕਾਂ ਨੂੰ ਕੁਝ ਲਾਭ ਨਹੀਂ ਪੁਚਾ ਸਕਦਾ। ਹਾਂ, ਇਤਿਹਾਸ ਦੇ ਖੋਜ ਲਈ ਕਿਸੇ ਨਾ ਕਿਸੇ ਸ਼ਕਲ ਵਿਚ ਸਹਾਈ ਜ਼ਰੂਰ ਹੋ ਸਕਦਾ ਹੈ।

ਦਾਨਸ਼ਮੰਦ ਖਾਂ ਦੇ ਬਹਾਦਰ ਸ਼ਾਹ ਨਾਮੇ ਵਿਚ ਸ੍ਰੀ ਦਸਮੇਸ਼ ਜੀ ਦਾ ਜ਼ਿਕਰ ਤਿੰਨ ਵਾਰ ਆਇਆ ਹੈ। ਇਕ ਵਾਰ ਤਾਂ ਉਦੋਂ ਜਦ ਸਤਿਗੁਰੂ ਜੀ ਆਗਰੇ ਪਾਤਸ਼ਾਹ ਨੂੰ ਮਿਲੇ ਦੂਜੀ ਵਾਰ ਉਦੋਂ ਜਦ ਸਤਿਗੁਰੂ ਜੀ ਬੁਰਹਾਨ ਪੁਰ ਪਾਤਸ਼ਾਹ ਨੂੰ ਮਿਲੇ, ਤੀਜੀ ਵਾਰ ਉਦੋਂ ਜਦ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਮਗਰੋਂ ਸਰਕਾਰੀ ਅਫਸਰਾਂ ਨੇ ਰੀਪੋਰਟ ਕੀਤੀ ਕਿ ਸਤਿਗੁਰੂ ਜੀ ਦੇ ਮਾਲ ਅਸਬਾਬ ਨੂੰ ਕਾਇਦੇ ਅਨੁਸਾਰ ਜ਼ਬਤ ਕਰ ਲਿਆ ਜਾਵੇ ਕਿ ਨਾ।

ਦਸਾਂ ਹੀ ਪਾਤਸ਼ਾਹੀਆਂ ਦੇ ਹਾਲਾਂ ਦੀਆਂ ਜੋ ਤਾਰੀਖਾਂ ਕਿਤੋਂ ਮਿਲਣ, ਉਹ ਸਭ ਪੜਤਾਲ ਲੈਣੀਆਂ ਜ਼ਰੂਰੀ ਹਨ। ਹਾਂ, ਜੋਤੀ ਜੋਤ ਸਮਾਉਣ ਦੀ ਤਰੀਕ ਨੂੰ ਪੜਤਾਲਣ ਦੀ ਲੋੜ ਨਹੀਂ। ਨਾਲ ਹੀ ਇਹ ਵੀ ਜ਼ਰੂਰੀ ਹੈ ਕਿ **ਭਾਈ ਗਿਆਨ ਸਿੰਘ ਜੀ ਦੀ ਕਿਸੇ ਵੀ ਤਾਰੀਖ ਨੂੰ ਬਗੈਰ ਪੜਤਾਲ ਕੀਤੇ ਕਦੇ ਵੀ ਨਾ ਮੰਨਿਆ ਜਾਵੇ**। ਮੈਂ ਆਪ ਦੀ ਤਰਤੀਬ ਵਿਚੋਂ ਜਿਤਨੀਆਂ ਤਾਰੀਖਾਂ ਨੂੰ ਕਦੇ ਪੜਤਾਲਿਆ ਹੈ, ਸਦਾ ਹੀ ਗਲਤ ਪਾਇਆ ਹੈ। ਜਿਥੋਂ ਤੀਕ ਹੋ ਸਕੇ ਜਤਨ ਕਰਨਾ ਚਾਹੀਦਾ ਹੈ ਕਿ ਸਤਿਗੁਰਾਂ ਦੇ ਹਰ ਸਾਲ ਸੰਮਤ ਵਾਰ ਤੇ ਤਾਰੀਖ ਦਿੱਤੇ ਜਾ ਸਕਣ, ਇਹ ਕੰਮ ਬੜਾ ਔਖਾ ਹੈ, ਪਰ ਜ਼ਰੂਰੀ ਵੀ ਬੜਾ ਹੈ।

ਗੁਰੂ ਸਾਹਿਬ ਦੇ ਇਤਿਹਾਸ ਸੰਬੰਧੀ ਮੇਰੇ ਇਹ ਮੋਟੇ-ਮੋਟੇ ਖਿਆਲ ਹਨ। ਮੈਂ ਸੁਤੇ-ਸਿੱਧ ਆਪਣੀ ਯਾਦਾਸ਼ਤ ਤੋਂ ਹੀ ਇਹ ਕੁਝ ਲਿਖ ਰਿਹਾ ਹਾਂ, ਸੋ ਜੇਕਰ ਮੈਂ ਅਨਭੋਲ ਹੀ ਕੋਈ ਉਲਟਾ-ਸਿੱਧਾ ਨਾਮ, ਲਿਖ ਦਿਆਂ ਤਾਂ ਉਸ ਦਾ ਕੋਈ ਖਿਆਲ ਨਹੀਂ ਕਰਨਾ ਚਾਹੀਦਾ। ਸਿੱਖ-ਇਤਿਹਾਸ ਦਾ ਸਮਕਾਲੀ ਇਤਿਹਾਸ ਨਾਲ ਜਿਥੇ-ਜਿਥੇ ਸੰਬੰਧ ਜੁੜਦਾ ਹੈ, ਉਸ ਦਾ ਮੈਂ ਜ਼ਿਕਰ ਕਰ ਦਿੱਤਾ ਹੈ ਤੇ ਜਿਨ੍ਹਾਂ ਲਿਖਤਾਂ ਜਾਂ ਵਸੀਲਿਆਂ ਤੋਂ ਕੁਝ ਸਹਾਇਤਾ ਮਿਲ ਸਕਦੀ ਹੈ, ਉਹ ਵੀ ਦੱਸ ਦਿੱਤੇ ਹਨ। ਕਿਸੇ-ਕਿਸੇ ਗੱਲ ਬਾਬਤ ਜਿਸ ਸਿੱਟੇ ਉੱਤੇ ਮੈਂ ਹੁਣ ਤੀਕ ਪੁੱਜ ਚੁੱਕਾ ਹਾਂ ਉਹ ਵੀ ਦੱਸ ਦਿੱਤਾ ਹੈ। ਇਹ ਮੇਰੇ ਆਪਣੇ ਖਿਆਲ ਹਨ। ਸੰਭਵ ਹੈ ਕਿ ਮੈਂ ਭੁੱਲ ਉਤੇ ਹੋਵਾਂ, ਪਰ ਇਤਿਹਾਸ-ਖੋਜ ਲਈ ਸਭ ਪਾਸਿਆਂ ਦੇ ਖਿਆਲਾਂ ਦਾ ਜਾਣਨਾ ਚੰਗਾ ਰਹਿੰਦਾ ਹੈ। -0-


## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70045
**Email:** gurmatvirsa@gmail.com

# ਚੱਲਦੀ ਫਿਰਦੀ ਸੰਸਥਾ ਵਰਗੀ ਸ਼ਖਸੀਅਤ ਸਨ–

# ਭਾਈ ਸੁਖਦੇਵ ਸਿੰਘ ਲਾਜ


–ਬਲਜੀਤ ਸਿੰਘ ਖ਼ਾਲਸਾ
(ਮੁੱਖ ਸੰਪਾਦਕ 'ਵੰਗਾਰ')
# 98558 31284


**ਅੱਜ ਜਦੋਂ ਉਹ ਨਹੀਂ ਰਹੇ ਤਾਂ ਵਿਚਾਰ ਉੱਠਦਾ ਹੈ ਕਿ ਸ. ਸੁਖਦੇਵ ਸਿੰਘ ਵਰਗੇ ਪੰਥ ਦਰਦੀਆਂ ਦੇ ਵਿਛੋੜੇ ਨਾਲ ਕੌਮ ਨੂੰ ਪਏ ਘਾਟੇ ਦਾ ਕੋਈ ਮੁਲੰਕਣ ਕੀਤਾ ਜਾ ਸਕਦਾ ਹੈ? ਮੈਂ ਸੋਚਦਾ ਹਾਂ ਕਿ ਜੇਕਰ ਸ. ਸੁਖਦੇਵ ਸਿੰਘ ਵਰਗੀਆਂ 10 ਅਣਥੱਕ ਸ਼ਖਸੀਅਤਾਂ ਦੀ ਇੱਕ ਟੀਮ ਬਣ ਜਾਂਦੇ ਤਾਂ ਉਹ ਕਈ ਕਰਨ ਯੋਗ ਕਾਰਜਾਂ ਦੇ ਖੇਤਰ ਵਿੱਚ ਇਨਕਲਾਬ ਲਿਆ ਸਕਦੀ ਹੈ ਜਾਂ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਸੰਸਥਾ ਉੱਪਰ ਜੇਕਰ ਸ. ਸੁਖਦੇਵ ਸਿੰਘ ਵਰਗੇ ਪੰਥ ਦਰਦੀਆਂ ਤੇ ਅਣਥੱਕ ਵਰਕਰਾਂ ਨੂੰ ਚੁਣ ਕੇ ਭੇਜਿਆ ਜਾਵੇ ਤਾਂ ਵੀ ਕੌਮ ਵਿੱਚ ਕਈ ਇਨਕਲਾਬੀ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ।**

26 ਅਗਸਤ 2024 ਨੂੰ ਜਦੋਂ ਹੀ ਇਹ ਪਤਾ ਲੱਗਾ ਕਿ ਸ. ਸੁਖਦੇਵ ਸਿੰਘ ਲਾਜ ਨਹੀਂ ਰਹੇ ਤਾਂ ਜ਼ਿਹਨ ਵਿੱਚ ਇਕਦਮ ਹੀ ਕਈ ਯਾਦਾਂ ਤਾਜਾ ਹੋ ਉੱਠੀਆਂ।

ਮੇਰੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਖੋਜ ਵਿਭਾਗ ਵਿੱਚ ਹੋਣ ਦੌਰਾਨ ਉਹ ਅਕਸਰ ਹੀ ਆ ਕੇ ਮਿਲ਼ਦੇ। ਉੱਚਾ ਲੰਮਾ ਕੱਦ ਅਤੇ ਦਗ ਦਗ ਕਰਦਾ ਚਿਹਰਾ, ਉਹਨਾਂ ਦੀ ਸ਼ਖ਼ਸੀਅਤ ਦੇ ਰੂਬਰੂ ਹੋ ਕੇ, ਉਹਨਾਂ ਦੀਆਂ ਗੱਲਾਂ ਨੂੰ ਧਿਆਨ ਨਾਲ਼ ਸੁਣ ਕੇ ਕਈ ਵਾਰ ਹੈਰਾਨੀ ਹੁੰਦੀ ਕਿ ਕੋਈ ਇੱਕ ਆਦਮੀ ਪੰਥ ਦਾ ਏਨਾ ਦਰਦ ਤੇ ਏਨੀਆਂ ਜ਼ਿੰਮੇਵਾਰੀਆਂ ਦਾ ਭਾਰ ਕਿਵੇਂ ਚੁੱਕ ਸਕਦਾ ਹੈ ? ਪਰ ਉਹਨਾਂ ਵਿੱਚ ਕੰਮ ਕਰਨ ਦੀ ਹੈਰਾਨੀਜਨਕ ਯੋਗਤਾ ਸੀ; ਉਹ ਇੱਕ ਵਾਰ ਜਿਸ ਕੰਮ ਲਈ ਲੱਕ ਬੰਨ੍ਹ ਕੇ ਤੁਰ ਪੈਂਦੇ, ਉਸ ਕੰਮ ਦੀ ਚਰਚਾ ਪੂਰੀ ਦੁਨੀਆਂ ਵਿੱਚ ਵੱਸਦੇ ਸਿੱਖਾਂ ਤਕ ਹੋ ਜਾਂਦੀ।

ਮੇਰੇ ਵੇਖਦਿਆਂ ਹੀ ਵੇਖਦਿਆਂ ਉਹਨਾਂ ਨੇ ਗਿਆਨੀ ਦਿੱਤ ਸਿੰਘ ਜੀ ਵਰਗੇ ਸਿੱਖ ਵਿਦਵਾਨ ਦੇ ਕੌਮੀ ਯੋਗਦਾਨ ਬਾਰੇ ਕੌਮ ਨੂੰ ਜਾਣੂ ਕਰਵਾਉਣ ਦਾ ਬੀੜਾ ਚੁੱਕਿਆ। ਉਹਨਾਂ ਨੇ ਇਕੱਲਿਆਂ ਹੀ ਕਈ ਸੰਸਥਾਵਾਂ ਨੂੰ ਮਿਲ ਕੇ ਏਨਾ ਕੰਮ ਕਰ ਵਿਖਾਇਆ ਕਿ ਸ਼੍ਰੋਮਣੀ ਕਮੇਟੀ ਦੇ ਮੈਗਜ਼ੀਨ ਗੁਰਮਤਿ ਪ੍ਰਕਾਸ਼ ਤੇ ਸਿੱਖ ਮਿਸ਼ਨਰੀ ਕਾਲਜ ਦੇ ਸਿੱਖ ਫੁਲਵਾੜੀ ਤੋਂ ਇਲਾਵਾ, ਮੌਜੂਦਾ ਕੌਮੀ ਸੰਘਰਸ਼ ਦੀ ਗੱਲ ਕਰਨ ਵਾਲ਼ੇ ਤਕਰੀਬਨ ਸਾਰੇ ਹੀ ਪੰਥਕ ਮੈਗਜ਼ੀਨਾਂ ਵੱਲੋਂ ਗਿਆਨੀ ਦਿੱਤ ਸਿੰਘ ਜੀ ਉੱਤੇ ਵਿਸ਼ੇਸ਼ ਅੰਕ ਕੱਢੇ ਗਏ, ਜਿਨ੍ਹਾਂ ਵਿੱਚ ਖਾਲਸਾ ਖੰਡੇਧਾਰ ਤੇ ਸਿੱਖ ਸ਼ਹਾਦਤ ਵੀ ਸ਼ਾਮਲ ਸਨ। ਗਿ: ਦਿੱਤ ਸਿੰਘ ਜੀ ਤੇ ਕਈ ਕਿਤਾਬਾਂ ਲਿਖੀਆਂ ਗਈਆਂ ਤੇ ਉਹਨਾਂ ਦੇ ਨਾਮ ਉੱਤੇ ਇੱਕ ਮੈਗਜ਼ੀਨ ਵੀ ਅਰੰਭ ਹੋ ਗਿਆ। ਇਸ ਸਮੁੱਚੇ ਕਾਰਜ ਦਾ ਸਿਹਰਾ ਸ. ਸੁਖਦੇਵ ਸਿੰਘ ਲਾਜ ਦੇ ਸਿਰ ਬੱਝਦਾ ਹੈ।

ਇਸੇ ਹੀ ਤਰ੍ਹਾਂ ਉਹਨਾਂ ਨੇ ਪ੍ਰਿੰ: ਤਖਤ ਸਿੰਘ ਦੀ ਸਿੱਖ ਲੜਕੀਆਂ ਵਿੱਚ ਵਿੱਦਿਆ ਦੀ ਦਾਤ ਪ੍ਰਤੀ ਨਿਭਾਈ ਸੇਵਾ ਨੂੰ ਵੀ ਪੰਥ ਦੇ ਸਾਹਮਣੇ ਲਿਆਉਣ ਲਈ ਲੱਕ ਬੰਨ੍ਹ ਕੇ ਕੰਮ ਕੀਤਾ ਤੇ ਪਾਠਕਾਂ ਨੂੰ ਉਹਨਾਂ ਬਾਰੇ ਵੀ ਬਹੁਤ ਕੁਝ ਜਾਣਨ ਦਾ ਮੌਕਾ ਮਿਲਿਆ।

ਇਸ ਤੋਂ ਬਾਅਦ ਉਹਨਾਂ ਨੇ ਕਿਸੇ ਸਮੇਂ ਸਿੱਖ ਸਮਾਜ ਦਾ ਅਹਿਮ ਅੰਗ ਰਹੇ ਸਿਕਲੀਗਰ ਵਣਜ਼ਾਰਿਆਂ, ਜਿਨ੍ਹਾਂ 'ਚੋਂ ਵੱਡੀ ਗਿਣਤੀ ਕੇਸਾਧਾਰੀ ਹੋਣ ਦੇ ਬਾਵਜੂਦ ਕਈ ਥਾਵਾਂ ਤੇ ਉਹਨਾਂ ਨੂੰ ਕੁਝ ਦੇਹਧਾਰੀ ਪਖੰਡੀਆਂ ਵੱਲੋਂ ਭਰਮਾਉਣ ਲਈ ਯਤਨ ਜਾਰੀ ਸਨ, ਦੇ ਲਈ ਸੇਵਾ ਕਰਨ ਹਿਤ ਲੱਕ ਬੰਨ੍ਹ ਲਿਆ ਤੇ ਆਖਰੀ ਸਾਹ ਤਕ ਇਸ ਮਿਸ਼ਨ ਦੇ ਵਿੱਚ ਲੱਗੇ ਰਹੇ।

ਉਹ ਮੈਨੂੰ ਵੀ ਕਈ ਵਾਰ ਲੁਧਿਆਣੇ



ਵਿਚਲੀਆਂ ਸਿਕਲੀਗਰ ਸਿੱਖਾਂ ਦੀਆਂ ਬਸਤੀਆਂ ਵਿੱਚ ਆਪਣੇ ਨਾਲ ਲੈ ਕੇ ਜਾਂਦੇ, ਜਿੱਥੇ ਉਹਨਾਂ ਵੱਲੋਂ ਸਿਕਲੀਗਰ ਬੱਚਿਆਂ ਦੀ ਪੜ੍ਹਾਈ ਲਈ, ਉਹਨਾਂ ਦੀਆਂ ਗੁਰਮਤਿ ਕਲਾਸਾਂ ਲਈ ਅਤੇ ਆਰਥਿਕ ਪੱਖੋਂ ਕਮਜ਼ੋਰ ਕਿਰਤੀ ਸਿਕਲੀਗਰ ਸਿੱਖਾਂ ਦੀ ਮਦਦ ਲਈ ਉਪਰਾਲੇ ਕੀਤੇ ਜਾਂਦੇ ਰਹੇ ਸਨ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਸਿਕਲੀਗਰ ਸਿੱਖ ਉਹਨਾਂ ਨੂੰ ਉੱਡ ਕੇ ਮਿਲ਼ਦੇ। ਪੰਜਾਬ ਤੋਂ ਬਾਹਰ ਵੀ ਕਈ ਸੂਬਿਆਂ ਵਿਚਲੇ ਸਿਕਲੀਗਰ ਸਿੱਖਾਂ ਦੀਆਂ ਬਸਤੀਆਂ ਲਈ ਉਹਨਾਂ ਨੇ ਬਹੁਤ ਨਿੱਗਰ ਕੰਮ ਕੀਤੇ। ਮੈਂ ਸ. ਸੁਖਦੇਵ ਸਿੰਘ ਨੂੰ ਅਣਥੱਕ ਸੇਵਾ ਕਰਦਿਆਂ ਵੇਖਿਆ ਹੈ। ਉਹ ਅਕਸਰ ਕਹਿੰਦੇ ਸਨ ਕਿ ਸਿੱਖਾਂ ਦੀ ਗਿਣਤੀ 2 ਕਰੋੜ ਨਹੀਂ; 20 ਕਰੋੜ ਹੈ, ਸਿੱਖਾਂ ਨੂੰ ਆਪਣੇ ਅੰਗ ਸਿਕਲੀਗਰ ਵਣਜ਼ਾਰਿਆਂ ਨੂੰ ਸਿੱਖ ਸਮਾਜ ਦਾ ਅਟੁੱਟ ਅੰਗ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ ਹੈ। ਉਹ ਖੁਦ ਹੀ ਇੱਕ ਸੰਸਥਾ ਵਾਂਗ ਇਸ ਬਾਰੇ ਵੱਡੇ ਉਪਰਾਲੇ ਕਰਦੇ ਰਹੇ ਤੇ ਹੋਰਾਂ ਨੂੰ ਵੀ ਇਸ ਲਈ ਪ੍ਰੇਰਦੇ ਰਹੇ।

ਉਹਨਾਂ ਦੇ ਇੱਕ ਇੱਕ ਲਫ਼ਜ਼ ਵਿੱਚ ਪੰਥ ਦੀ ਪੀੜ ਝਲਕਦੀ ਸੀ, ਜਿਸ ਕਾਰਨ ਉਹਨਾਂ ਦੇ ਕਹੇ ਸ਼ਬਦ ਸਿੱਧੇ ਹੀ ਦਿਲ ਵਿੱਚ ਉੱਤਰ ਜਾਂਦੇ ਸਨ। ਫੋਨ ਉੱਪਰ ਉਹਨਾਂ ਨਾਲ ਅਕਸਰ ਗੱਲ ਹੁੰਦੀ ਰਹਿੰਦੀ, ਪਰ ਆਖਰੀ ਵਾਰ ਉਹ ਮੈਨੂੰ ਪੰਜਾਬੀ ਭਵਨ ਲੁਧਿਆਣਾ ਦੇ ਸੈਮੀਨਾਰ ਹਾਲ ਵਿੱਚ ਇੱਕ ਸਮਾਗਮ ਸਮੇਂ ਮਿਲੇ ਸਨ। ਉਸ ਸਮੇਂ ਉਹਨਾਂ ਦੇ ਹੱਥ ਵਿੱਚ ਸਹਾਰੇ ਲਈ ਖੂੰਡੀ ਸੀ, ਪਰ ਉਸੇ ਹੀ ਤਰ੍ਹਾਂ ਖਿੜਿਆ ਹੋਇਆ ਚਿਹਰਾ ਅਤੇ ਸਭ ਨੂੰ ਮਿਲ ਕੇ ਪੰਥਕ ਵਿਚਾਰਾਂ ਕਰਨ ਦੀ ਦਿਲਚਸਪੀ, ਭਾਵੇਂ ਕਿ ਉਹ ਮਿਲ਼ਦਿਆਂ ਹੀ ਮੈਨੂੰ ਕਹਿਣ ਲੱਗੇ– "ਮੇਰੀ ਹਾਜ਼ਰੀ ਲੁਆ ਦੇਣਾ, ਸ. ਹਰਬੀਰ ਸਿੰਘ ਭੰਵਰ ਚਲਾਣਾ ਕਰ ਗਏ ਨੇ, ਮੈਂ ਓਧਰ ਜਾਣਾ...... ।" ਇਸ ਦੇ ਬਾਵਜੂਦ ਕਾਫ਼ੀ ਸਮਾਂ ਉਹ ਕੌਮੀ ਦਰਦ ਦੀਆਂ ਬਾਤਾਂ ਪਾਉਂਦੇ ਰਹੇ।

ਅੱਜ ਜਦੋਂ ਉਹ ਨਹੀਂ ਰਹੇ ਤਾਂ ਵਿਚਾਰ ਉੱਠਦਾ ਹੈ ਕਿ ਸ. ਸੁਖਦੇਵ ਸਿੰਘ ਵਰਗੇ ਪੰਥ ਦਰਦੀਆਂ ਦੇ ਵਿਛੋੜੇ ਨਾਲ ਕੌਮ ਨੂੰ ਪਏ ਘਾਟੇ ਦਾ ਕੋਈ ਮੁਲੰਕਣ ਕੀਤਾ ਜਾ ਸਕਦਾ ਹੈ? ਮੈਂ ਸੋਚਦਾ ਹਾਂ ਕਿ ਜੇਕਰ ਸ. ਸੁਖਦੇਵ ਸਿੰਘ ਵਰਗੀਆਂ 10 ਅਣਥੱਕ ਸ਼ਖ਼ਸੀਅਤਾਂ ਦੀ ਇੱਕ ਟੀਮ ਬਣ ਜਾਂਦੇ ਤਾਂ ਉਹ ਕਈ ਕਰਨ ਯੋਗ ਕਾਰਜਾਂ ਦੇ ਖੇਤਰ ਵਿੱਚ ਇਨਕਲਾਬ ਲਿਆ ਸਕਦੀ ਹੈ ਜਾਂ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਸੰਸਥਾ ਉੱਪਰ ਜੇਕਰ ਸ. ਸੁਖਦੇਵ ਸਿੰਘ ਵਰਗੇ ਪੰਥ ਦਰਦੀਆਂ ਤੇ ਅਣਥੱਕ ਵਰਕਰਾਂ ਨੂੰ ਚੁਣ ਕੇ ਭੇਜਿਆ ਜਾਵੇ ਤਾਂ ਵੀ ਕੌਮ ਵਿੱਚ ਕਈ ਇਨਕਲਾਬੀ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ।

ਗੁਰੂ ਸਾਹਿਬ ਕਿਰਪਾ ਕਰਨ, ਸ. ਸੁਖਦੇਵ ਸਿੰਘ ਜੀ ਲਾਜ ਦੇ ਹਿਰਦੇ ਵਿੱਚ ਪੰਥ ਲਈ ਕੁਝ ਕਰਨ ਦੀ ਤੜਪ ਵਾਲੀ ਲਾਟ ਕਈ ਹੋਰ ਹਿਰਦਿਆਂ ਵਿੱਚ ਵੀ ਮਘ ਉੱਠੇ, ਤਾਂ ਕਿ ਸਿੱਖ ਕੌਮ ਦੁਨੀਆਂ ਦੇ ਨਕਸ਼ੇ ਤੇ ਕਈ ਮੁਹਿੰਮਾਂ ਸਰ ਕਰ ਕੇ ਇਤਿਹਾਸ ਵਿੱਚ ਕੁਝ ਹੋਰ ਸੁਨਹਿਰੀ ਪੰਨੇ ਜੋੜ ਸਕੇ। –0–

# ਕਾਵਿ ਕਿਆਰੀ



## ਸ. ਸੁਖਦੇਵ ਸਿੰਘ ਲਾਜ- ...ਬਣ ਅੰਬਰ ਤਾਰਾ ਤੁਰ ਗਿਆ ਏ...

ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।
ਸੀ ਰੱਬ ਨੂੰ ਉਸ ਦੀ ਲੋੜ ਸ਼ਾਇਦ, ਪਰ ਮੇਰਾ ਸਹਾਰਾ ਤੁਰ ਗਿਆ ਏ।
ਸੁਖਦਾਤਾ ਸੀ ਸੁਖਦੇਵ ਸਿੰਘ, ਉਹ ਲਾਜ ਪਾਲਣ ਲਈ ਡਟਦਾ ਸੀ।
ਜੋ ਜ਼ਿੰਮੇਵਾਰੀ ਲੈ ਲੈਂਦਾ, ਨਾ ਕਦੇ ਉਹ ਪਿੱਛੇ ਹਟਦਾ ਸੀ।
ਹੁਣ ਦੁਖ ਲਗਦਾ ਜਦ ਸਾਥ ਨਹੀਂ ਗਮ ਦੇ ਕੇ ਭਾਰਾ ਤੁਰ ਗਿਆ ਏ।
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।
ਉਹ ਹਰ ਗਰੀਬ ਦਾ ਮਦਦਗਾਰ, ਮਾੜੇ ਦੇ ਹੱਕ ਲਈ ਲੜਦਾ ਸੀ।
ਉਹ ਸਿਕਲੀਗਰ ਵਣਜਾਰੇ ਤੇ ਸਤਨਾਮੀਆਂ ਦੇ ਸੰਗ ਖੜ੍ਹਦਾ ਸੀ।
ਲਾ ਪੰਥ ਦੇ ਲੇਖੇ ਜੀਵਨ ਨੂੰ, ਉਹ ਗੁਰੂ ਪਿਆਰਾ ਤੁਰ ਗਿਆ ਏ।
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।
ਲੋਕਾਂ ਦਾ ਵੀਰ ਸੁਖਦੇਵ ਸਿੰਘ, ਅੱਜ ਲਾਜ ਸਮੇਂ ਦੀ ਪਾਲ ਗਿਆ।
ਜਾਂਦੇ ਵੀ ਟੀਚੇ ਕਰ ਪੂਰੇ, ਇੱਕ ਨਵੀਂ ਚੁਆਤੀ ਬਾਲ ਗਿਆ।
'ਪਾ ਭਰਮ ਚ ਧਰਮ ਕੋਈ ਕਿਉਂ ਬਦਲੋ', ਦੇ ਸਭ ਨੂੰ ਨਾਹਰਾ ਤੁਰ ਗਿਆ ਏ।
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।
ਉਸ ਜੋਤ ਜਗਾਈ ਦਿੱਤ ਸਿੰਘ ਦੀ, ਸਭ ਪੱਤਰਾਂ ਵਿੱਚ ਲਿੱਖ ਲਿੱਖ ਕੇ ਇਉਂ।
ਜਦ ਸਿੱਖੀ ਕਦਰਾਂ ਉੱਚੀਆਂ ਨੇ, ਕੋਈ ਭਰਮ ਪਾ ਬਦਲੇ ਧਰਮ ਕਿਉਂ?
ਉਹ ਸਬਕ ਸੀ ਸਿੱਖੀ ਕਦਰਾਂ ਦਾ, ਉਹ ਸਿੱਖ ਅਦਾਰਾ ਤੁਰ ਗਿਆ ਏ।
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।
ਸਿਕਲੀਗਰ ਬੱਚੇ ਪੜ੍ਹਨ ਲਈ ਇੱਕ ਨਵਾਂ ਸਕੂਲ ਖੁਲ੍ਹਾਇਆ ਸੀ।
ਰਿਕਸ਼ੇ ਦਿਲਵਾਏ ਵੇਚਣ ਲਈ ਸਾਮਾਨ ਜੋ ਘਰੀਂ ਬਣਾਇਆ ਸੀ।
ਉਹ ਸਭ ਦਾ ਸਾਥ ਨਿਭਾਉਂਦਾ ਰਿਹਾ, ਹੁਣ ਕਲਾਕਾਰਾ ਤੁਰ ਗਿਆ ਏ।
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ
ਹੈਜ਼ਾ ਤੇ ਪੀਲੀਆ ਰੋਕਣ ਲਈ ਡਾਕਟਰਾਂ ਦੇ ਕੈਂਪ ਲਵਾ ਲੀਤੇ।
ਦਿਲ ਵਾ ਮਲਕੀਅਤ ਪਲਾਟਾਂ ਦੀ, ਝੁਗੀਆਂ ਦੇ ਪੱਕੇ ਘਰ ਕੀਤੇ।
ਕਰ ਭਲਾ ਸਭਸ ਦਾ, ਪੀੜਾਂ ਲੈ, ਕਰ ਜੱਗ ਤੋਂ ਕਿਨਾਰਾ ਤੁਰ ਗਿਆ ਏ।
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।
ਉਹ ਦਰਦ ਸੀ ਰਖਦਾ ਸਿੱਖੀ ਦਾ, ਹਰ ਭੀੜ 'ਚ ਅੱਗੇ ਆਉਂਦਾ ਸੀ।
ਨਾ ਪੰਥ ਨੂੰ ਕਿਤਿਓ ਢਾਹ ਲੱਗੇ, ਮਨਸੂਬੇ ਸਦਾ ਬਣਾਉਂਦਾ ਸੀ।
ਉਹ ਪਿਆਰ ਮੁਜੱਸਮਾ ਛੇੜ, ਕਿਉਂ ਹੰਝੂਆਂ ਦਾ ਫੁਹਾਰਾ ਤੁਰ ਗਿਆ ਏ
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।
ਉਸ ਸਜਣ ਰਾਂਗਲਾ ਸੱਭ ਦਾ ਸੀ, ਮਿੱਠ ਬੋਲਾ, ਮਿਲਣੀ ਨਿਘੀ ਸੀ।
ਛੇ ਫੁਟੇ ਕੱਦ ਦੀ ਸ਼ਖਸ਼ੀਅਤ ਸੀ ਜੋ ਭਲਾ ਕਰਨ ਵਿੱਚ ਰੁੱਝੀ ਸੀ।
ਹਰ ਸਾਹਿਤ ਸਭਾ, ਹਰ ਧਰਮ ਇਕੱਠ, ਤੋਂ ਬਣ, ਵੱਖਰੀ ਧਾਰਾ ਤੁਰ ਗਿਆ ਏ।
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।
ਸੀ ਪੱਚੀ ਸਾਲ ਅਸੀਂ ਸਾਥ ਰਹੇ, ਸਿੱਖੀ ਦੀ ਸੇਵਾ 'ਚ ਜੁਟੇ ਰਹੇ।
ਅਸੀਂ ਸਿਕਲੀਗਰ ਵਣਜਾਰਿਆਂ ਲਈ, ਜੀ ਜਾਨ ਲਗਾ ਕੇ ਡਟੇ ਰਹੇ।
ਹੁਣ ਸਾਥ ਗਿਆ, ਇੱਕ ਖਲਲ ਪਿਆ, ਇੱਕ ਸਿਰੜ ਸਹਾਰਾ ਤੁਰ ਗਿਆ ਏ।
ਮੇਰਾ ਹਮ ਦਮ ਜੋ, ਮੇਰਾ ਦੋਸਤ ਜੋ, ਬਣ ਅੰਬਰ ਤਾਰਾ ਤੁਰ ਗਿਆ ਏ।

**-ਕਰਨਲ ਡਾ: ਦਲਵਿੰਦਰ ਸਿੰਘ ਗ੍ਰੇਵਾਲ**

## ਚਿੜੀਆਂ ਕਿਥੇ ਨੇ ?

**-ਬਲਵਿੰਦਰ 'ਬਾਲਮ' 98156-25409**

ਸ਼ਾਮ ਸਵੇਰੇ ਆਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਰਿਸ਼ਤੇ ਕੀ ਸਮਝਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਅਨੁਸ਼ਾਸਤ ਪੰਗਤੀ ਦੇ ਵਿਚ ਉਡਦੀਆਂ ਲਹਿਰਾਂ ਵਾਂਗੂੰ,
ਏਕੇ ਦੇ ਬਿੰਬ ਬਣਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਫੁਦਕਣ, ਚਹਿਕਣ ਝੁੰਡ 'ਚ ਆ ਕੇ, ਸੁਰ ਸੰਗੀਤ ਬਣਾ ਕੇ,
ਗੀਤ ਇਲਾਹੀ ਗਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਖਵਰੇ ਕਿਹੜਾ ਰਿਸ਼ਤਾ ਸੀ ਉਨ੍ਹਾਂ ਦੀ ਮਮਤਾ ਅੰਦਰ,
ਨਾ ਦਿਸਣ ਤਾਂ ਤੜਪਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਇਕ ਕਟੋਰੀ ਪਾਣੀ ਪੀ ਕੇ ਫਿਰ ਧੰਨਵਾਦ ਕਰਦੀਆਂ,
ਸ਼ੁਭ ਅਸ਼ੀਸਾਂ ਪਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਫੜ-ਫੜ ਕਰਦੇ ਤੇਤਰੇ ਮੇਤਰੇ ਕੋਮਲ ਖੰਭਾਂ ਨਾਲ,
ਬਾਰਸ਼ ਵਿਚ ਨੁਹਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਨੂੰਹਾਂ-ਧੀਆਂ ਵਾਂਗੂੰ ਅਪਣੇ ਚਾਅ ਉਮੰਗਾਂ ਲੈ ਕੇ,
ਘਰ ਵਿਚ ਫੇਰਾ ਪਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਕੱਚੇ ਕੋਠੇ ਵਾਲੀਆਂ ਨੁਕਰਾਂ ਦੇ ਵਿਚ ਆਲ੍ਹਣੇ ਪਾ ਕੇ,
ਸੁੱਖ ਦੀ ਨੀਂਦਰ ਸਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਠੀਕ ਸਮੇਂ 'ਤੇ ਜੇਕਰ ਫੇਰਾ ਪਾਉਣਾ ਭੁਲ ਜਾਵਣ,
ਕਿੰਨਾ ਫੇਰ ਸਤਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਭੋਰਾ-ਭੋਰਾ ਚੋਗਾ ਚੁਗ ਕੇ ਬੋਟਾਂ ਦੇ ਮੂੰਹ ਪਾਉਣਾ,
ਸੁਹਿਰਦ ਫ਼ਰਜ਼ ਨਿਭਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਜਨਤ ਦੀ ਪ੍ਰੀਭਾਸ਼ਾ ਦਸਣ ਉਲਟ ਬਾਜ਼ੀਆਂ ਪਾ ਕੇ,
ਸੁੰਦਰ ਦ੍ਰਿਸ਼ ਬਣਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਚੂੰ-ਚੂੰ, ਚੀਂ-ਚੀਂ ਲੈਅ ਅੰਦਰ ਸੂਰਜ ਨਿਤ ਹੀ ਨਿਕਲੇ,
ਨਿਤ ਸੁਬਹ ਜਗਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
ਅਰਧ ਵਲੇਵੇਦਾਰ ਦ੍ਰਿਸ਼ ਝੁੰਡਾਂ ਦੇ ਵਿਚ ਬਣਾਵਟ,
ਬੱਚਿਆਂ ਦੇ ਮਨ ਨੂੰ ਭਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?
'ਬਾਲਮ' ਮਾਲਕ ਦੇ ਜੀਵਨ ਨੂੰ ਮਹਿਸੂਸਣ ਤੇ ਸਮਝਣ,
ਦੁਖ-ਸੁਖ ਦਰਦ ਵੰਡਾਉਂਦੀਆਂ ਸੀ ਉਹ ਚਿੜੀਆਂ ਕਿਥੇ ਨੇ?

-0-

## ਵਿਗੜਦਾ ਪੰਜਾਬੀ ਕਿਰਦਾਰ

**ਡਾ: ਅਮਨਪ੍ਰੀਤ ਸਿੰਘ**

ਪੱਗਾਂ ਲਾਹੀਆਂ ਰੱਖ ਲਏ ਬੋਦੇ
ਕੱਟ ਲਏ ਕੇਸ ਸੁਣ ਦਸਮ ਪਿਤਾ
ਜ਼ੈਲਾਂ ਲਾਈਆਂ, ਰੂਪ ਵਿਗਾੜਿਆ
ਸਾਂਭਿਆ ਨਾ, ਸਭ ਗਵਾ ਦਿੱਤਾ।
ਪਾ ਲਈਆ ਕੰਨਾਂ' ਵ ਮੁੰਦਰਾਂ
ਨੱਕ ਵਿੱਚ ਵਾਲ਼ੀ ਵੀ ਪਾ ਲੈਣਗੇ
ਮੱਥੇ ਇੰਨਾਂ ਦੇ ਚਮਕੂ ਟਿੱਕਾ
ਬਾਹਾਂ 'ਚ ਵੰਗਾਂ ਛਣਕਾ ਲੈਣਗੇ
ਦਿੱਖ ਲੂੰਬੜ ਦੀ, ਚਾਲ ਨਸ਼ੀਲੀ
ਟੀਕਿਆਂ ਦੇ ਸੰਗ ਜਿਊਂਦੇ ਨੇ

ਕਦੇ ਰੂਹਾਨੀ ਚਿਹਰੇ ਸੀ ਜੋ
ਅੱਜ ਵੀ ਚੇਤੇ ਆਉਂਦੇ ਨੇ
ਗੀਤਾਂ ਦੀਆਂ ਗਾਲਾਂ ਤੇ ਨੱਚਦਾ
ਬੇਸਮਝ ਨਹੀਂ, ਮੂਰਖ ਹੁੰਦਾ ਏ
ਮਾਂ ਬੋਲੀ ਵਿੱਚ ਸਮਝੇ ਬੇਇਜ਼ਤੀ
ਬੇਚਾਰਾ ਨਹੀਂ, ਬਦਸੂਰਤ ਹੁੰਦਾ ਏ।
ਕਪੜਿਆਂ - ਕਾਰਾਂ ਦੀ ਭੁੱਖ ਹੈ।
ਹਵਸ ਵੀ ਮਨ ਤੋਂ ਬਾਹਰ ਨਹੀਂ
ਨਾ ਸਮਝੇ ਕਿਰਦਾਰ ਪੰਜਾਬੀ
ਦਿਲ ਦਾ ਕੋਈ ਸਰਦਾਰ ਨਹੀਂ।

-0-

# ਥਾਣੇਦਾਰ ਦੇ ਹਾਵ ਭਾਵ

**ਬਲਰਾਜ ਸਿੰਘ ਪੰਡੋਰੀ ਸਿੱਧਵਾਂ (ਸਾਬਕਾ ਕਮਾਂਡੈਂਟ) # 9501100062**

ਪੁਲਿਸ ਵਾਲਿਆਂ ਦੀ ਜ਼ਿੰਦਗੀ ਵਿੱਚ ਕਈ ਵਾਰ ਅਜੀਬ ਵਾਕਿਆਤ ਪੇਸ਼ ਆਉਂਦੇ ਹਨ। ਊਠ 'ਤੇ ਚੜ੍ਹੇ ਨੂੰ ਕੁੱਤਾ ਵੱਢ ਜਾਣ ਵਾਲੀ ਗੱਲ ਹੋ ਜਾਂਦੀ ਹੈ। ਕਈ ਸਾਲ ਪਹਿਲਾਂ ਥਾਣੇਦਾਰ ਰਾਜਵਿੰਦਰ ਸਿੰਘ (ਨਾਮ ਬਦਲਿਆ ਹੋਇਆ) ਅੰਮ੍ਰਿਤਸਰ ਦੇ ਨਜ਼ਦੀਕ ਕਿਸੇ ਥਾਣੇ ਦਾ ਐੱਸ.ਐੱਚ.ਉ. ਲੱਗਾ ਹੋਇਆ ਸੀ। ਉਸ ਦਾ ਘਰ ਅੰਮ੍ਰਿਤਸਰ ਸੀ ਤੇ ਅਕਸਰ ਹੀ ਉਹ ਦੂਸਰੇ ਚੌਥੇ ਦਿਹਾੜੇ ਰਾਤ ਨੂੰ ਘਰ ਚਲਾ ਜਾਂਦਾ ਸੀ। ਥਾਣੇ ਵਿੱਚ ਲੱਗੇ ਅਫਸਰ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਪ੍ਰਾਪਤ ਹੋ ਜਾਂਦੀਆਂ ਹਨ। ਕਦੇ ਕੋਈ ਵਿਆਹ ਸ਼ਾਦੀ ਦੇ ਕਾਰਡ ਨਾਲ ਮਿਠਾਈ ਦਾ ਡੱਬਾ ਦੇ ਜਾਂਦਾ ਹੈ ਤੇ ਕਦੇ ਕੋਈ ਬਾਗਾਂ ਦਾ ਠੇਕੇਦਾਰ ਸੰਤਰਿਆਂ, ਕਿੰਨੂਆਂ ਜਾਂ ਅਮਰੂਦਾਂ ਦਾ ਤੋੜਾ (ਗੱਟਾ) ਥਾਣੇ ਪਹੁੰਚਾ ਦਿੰਦਾ ਹੈ। ਰਾਜਵਿੰਦਰ ਵੀ ਜਦੋਂ ਘਰ ਜਾਂਦਾ ਤਾਂ ਪੱਲਿਉਂ ਜਾਂ ਤੋਹਫੇ ਵਜੋਂ ਮਿਲੇ ਫਲ ਫਰੂਟ ਲੈ ਕੇ ਜਾਂਦਾ। ਬੱਚੇ ਵੀ ਉਡੀਕਦੇ ਰਹਿੰਦੇ ਕਿ ਭਾਪਾ ਜੀ ਕੁਝ ਨਾ ਕੁਝ ਲੈ ਕੇ ਹੀ ਆਉਣਗੇ। ਰਾਜਵਿੰਦਰ ਦੀ ਕੋਠੀ ਦੇ ਨਾਲ ਦੇ ਘਰ ਵਾਲੇ ਅਮਰੀਕਾ ਰਹਿੰਦੇ ਸਨ ਤੇ ਕੋਠੀ ਦੀ ਉੱਪਰਲੀ ਮੰਜ਼ਿਲ ਉਨ੍ਹਾਂ ਨੇ ਕਿਰਾਏ 'ਤੇ ਦਿੱਤੀ ਹੋਈ ਸੀ। ਕਿਰਾਏਦਾਰ ਦੀ ਪਤਨੀ ਕਾਫੀ ਖੂਬਸੂਰਤ ਅਤੇ ਤੇਜ਼ ਤਰਾਰ ਕਿਸਮ ਦੀ ਸੀ। ਜਦੋਂ ਵੀ ਰਾਜਵਿੰਦਰ ਨੇ ਘਰ ਆਉਣਾ ਤਾਂ ਕਿਰਾਏਦਾਰ ਦਾ 6-7 ਸਾਲ ਦਾ ਮੁੰਡਾ ਗਲੀ ਵਿੱਚ ਖੇਡਦਾ ਹੋਇਆ ਮਿਲ ਜਾਣਾ ਜੋ ਕਾਫੀ ਲੀਚੜ ਕਿਸਮ ਦਾ ਜੀਵ ਸੀ। ਉਸ ਨੇ ਥਾਣੇਦਾਰ ਦੇ ਹੱਥਾਂ ਵਿੱਚ ਫੜ੍ਹੇ ਹੋਏ ਫਲਾਂ ਵਾਲੇ ਲਿਫਾਫੇ ਵੇਖ ਕੇ ਚੀਜ਼ੀ ਮੰਗ ਲੈਣੀ। ਰਾਜਵਿੰਦਰ ਨੇ ਵੀ ਉਸ ਨੂੰ ਕਦੇ ਨਿਰਾਸ਼ ਨਹੀਂ ਸੀ ਕੀਤਾ, ਕਦੇ ਕੇਲਾ ਤੇ ਕਦੇ ਸੇਬ ਉਸ ਦੀ ਤਲੀ 'ਤੇ ਧਰ ਦੇਣਾ।

ਥੋੜ੍ਹੇ ਦਿਨਾਂ ਬਾਅਦ ਜਦੋਂ ਗੁਆਂਢਣ ਨੇ ਤਿਰਸ਼ੀ ਜਿਹੀ ਮੁਸਕਰਾਹਟ ਨਾਲ ਰਾਜਵਿੰਦਰ ਦਾ ਧੰਨਵਾਦ ਕੀਤਾ ਤਾਂ ਉਹ ਬਾਗੋ ਬਾਗ ਹੋ ਗਿਆ। ਇੱਕ ਦੋ ਫਲਾਂ ਤੋਂ ਵਧਦੀ ਹੋਈ ਗੱਲ ਦਰਜ਼ਨਾਂ ਕੇਲੇ, ਦੋ ਚਾਰ ਕਿੱਲੋ ਸੇਬ ਅਤੇ ਬਰਫੀ ਦੇ ਡੱਬਿਆਂ ਤੱਕ ਪਹੁੰਚ ਗਈ। ਇਸ ਤੋਂ ਪਹਿਲਾਂ ਕਿ ਤੋਤਾ ਮੈਨਾ ਦੀ ਇਹ ਪ੍ਰੇਮ ਕਹਾਣੀ ਕਿਸੇ ਅੰਜ਼ਾਮ ਤੱਕ ਪਹੁੰਚਦੀ, ਰਾਜਵਿੰਦਰ ਦੀ ਚੰਗੀ ਭਲੀ ਚੱਲਦੀ ਥਾਣੇਦਾਰੀ ਨੂੰ ਹੀਰ ਦੇ ਚਾਚੇ ਕੈਦੋਂ ਵਰਗੇ ਕਿਸੇ ਚੰਦਰੇ ਦੀ ਭੈੜੀ ਨਜ਼ਰ ਲੱਗ ਗਈ। ਉਹ ਖਾਧੀ ਪੀਤੀ ਵਿੱਚ ਇਲਾਕੇ ਦੇ ਇੱਕ ਅਹਿਮ ਲੀਡਰ ਨੂੰ ਕਿਸੇ ਕੰਮ ਤੋਂ ਜਵਾਬ ਦੇ ਬੈਠਾ। ਬੱਸ ਅੱਧੇ ਪੌਣੇ ਘੰਟੇ ਵਿੱਚ ਹੀ ਉਸ ਦੀ ਬਦਲੀ ਪੁਲਿਸ ਲਾਈਨ ਦੀ ਕਰ ਦਿੱਤੀ ਗਈ। ਜਿਲ੍ਹੇ ਦਾ ਐਸ.ਐਸ.ਪੀ. ਉਸ ਤੋਂ ਪਹਿਲਾਂ ਹੀ ਖਾਰ ਖਾਈ ਬੈਠਾ ਸੀ, ਕਿਉਂਕਿ ਰਾਜਵਿੰਦਰ ਉਸ ਤੋਂ ਵੇਹਰ ਕੇ ਸਿਆਸੀ ਸ਼ਿਫਾਰਿਸ਼ ਨਾਲ ਐੱਸ.ਐੱਚ.ਉ. ਲੱਗਾ ਸੀ ਤੇ ਕਦੇ ਲੋਹੜੀ ਦਿਵਾਲੀ ਵੇਲੇ ਉਸਨੂੰ ਸਲਾਮ ਮਾਰਨ ਨਹੀਂ ਸੀ ਗਿਆ। ਪੁਲਿਸ ਲਾਈਨ ਵਿੱਚ ਕੋਈ ਕੰਮ ਤਾਂ ਹੁੰਦਾ ਨਹੀਂ, ਬੱਸ ਵਿਹਲੇ ਹੀ ਰਹਿਣਾ ਹੁੰਦਾ ਹੈ। ਕੁਝ ਦਿਨਾਂ ਬਾਅਦ ਰਾਜਵਿੰਦਰ ਫਿਰ ਸ਼ਰਾਬ ਦੇ ਲੋਰ ਵਿੱਚ ਕਿਸੇ ਸਾਹਮਣੇ ਪਾਡੀ ਮਾਰ ਬੈਠਾ ਕਿ ਲੀਡਰ ਨੇ ਮੇਰਾ ਕੀ ਵਿਗਾੜ ਲਿਆ ਆ, ਆਹ ਟੌਹਰ ਨਾਲ ਬੈਠੇ ਆਂ। ਜਦੋਂ ਜੀਅ ਕੀਤਾ ਦੁਬਾਰਾ ਐੱਸ.ਐੱਚ.ਉ ਲੱਗ ਜਾਵਾਂਗੇ। ਦੁਸ਼ਮਣਾਂ ਨੇ ਉਸ ਦੀ ਗੱਲ ਲੂਣ ਮਿਰਚ ਲਗਾ ਕੇ ਲੀਡਰ ਸਾਹਮਣੇ ਜਾ ਪਰੋਸੀ ਕਿ ਜ਼ਨਾਬ ਉਹ ਤਾਂ ਤੁਹਾਡੀ ਪ੍ਰਵਾਹ ਹੀ ਨਹੀਂ ਕਰ ਰਿਹਾ, ਕਹਿੰਦਾ ਮੈਂ ਤਾਂ ਮੌਜ਼ਾਂ ਕਰ ਰਿਹਾ ਹਾਂ।

ਲੀਡਰ ਨੇ ਉਸੇ ਵੇਲੇ ਐੱਸ.ਐੱਸ.ਪੀ. ਨੂੰ ਫੋਨ ਮਾਰਿਆ ਕਿ ਇਸ ਬਾਗੀ ਥਾਣੇਦਾਰ ਨੂੰ ਐਸਾ ਸਬਕ ਸਿਖਾਉ ਕਿ ਇਸ ਦਾ ਦਿਮਾਗ ਸੈਂਟਰ ਵਿੱਚ ਆ ਜਾਵੇ। ਬੱਸ ਅਗਲੇ ਦਿਨ ਤੋਂ ਰਾਜਵਿੰਦਰ ਦੇ ਬੁਰੇ ਦਿਨ ਸ਼ੁਰੂ ਹੋ ਗਏ। ਪੁਲਿਸ ਲਾਈਨ ਦੇ ਮੁਨਸ਼ੀ ਅਤੇ ਐਲ.ਉ.ਆਦਿ, ਐਸ.ਐਚ.ਉਆਂ ਨੂੰ ਪਹਿਲਾਂ ਹੀ

## ਭ੍ਰਿਸ਼ਟ ਅਫਸਰਾਂ ਦੀ ਲਿਸਟ

**ਬਲਰਾਜ ਸਿੰਘ ਪੰਡੋਰੀ ਸਿੱਧਵਾਂ (ਸਾਬਕਾ ਕਮਾਂਡੈਂਟ)**

ਅਖਬਾਰਾਂ ਵਿੱਚ ਚਰਚਾ ਚੱਲ ਰਹੀ ਹੈ ਕਿ ਸਰਕਾਰ ਨੇ 100 ਭ੍ਰਿਸ਼ਟ ਡੀ.ਐਸ.ਪੀਆਂ ਦੀ ਇੱਕ ਲਿਸਟ ਤਿਆਰ ਕੀਤੀ ਹੈ ਜਿਨ੍ਹਾਂ ਨੂੰ ਸਬ ਡਵੀਜ਼ਨਾਂ ਵਿੱਚੋਂ ਹਟਾ ਕੇ ਗੁੱਠੇ ਲਾਈਨ ਲਗਾਇਆ ਜਾ ਰਿਹਾ ਹੈ। ਦੋ ਰਿਟਾਇਰ ਅਫਸਰ ਸਵਰਨ ਸਿੰਘ ਖੰਨਾ ਅਤੇ ਬਲਦੇਵ ਸਿੰਘ ਇਸ ਬਾਰੇ ਬੈਠੇ ਚੁੰਝ ਚਰਚਾ ਕਰ ਰਹੇ ਸਨ। ਬਲਦੇਵ ਬੋਲਿਆ, "ਭਾਜੀ ਵੇਖ ਲਉ, ਨਾ ਕੋਈ ਕਮਿਸ਼ਨਰ ਭ੍ਰਿਸ਼ਟ ਹੈ, ਨਾ ਕੋਈ ਆਈ.ਜੀ. - ਡੀ.ਆਈ.ਜੀ, ਨਾ ਕੋਈ ਡੀ.ਸੀ., ਨਾ ਐਸ.ਐਸ.ਪੀ. ਤੇ ਨਾ ਹੀ ਕੋਈ ਬਿਜਲੀ ਬੋਰਡ, ਪੀ.ਡਬਲਿਊ.ਡੀ, ਮਾਲ ਮਹਿਕਮਾ, ਫੂਡ ਸਪਲਾਈ ਵਿਭਾਗ, ਪੈਸੇ ਲੈ ਕੇ 326 ਤੇ 307 ਬਣਾਉਣ ਵਾਲੇ ਡਾਕਟਰ ਅਤੇ ਰੋਡਵੇਜ਼ ਦੇ ਅਫਸਰ ਭ੍ਰਿਸ਼ਟ ਹਨ। ਹੋਰ ਵੀ ਅਣਗਿਣਤ ਮਹਾਂ ਭ੍ਰਿਸ਼ਟ ਮਹਿਕਮੇ ਹਨ ਪਰ ਗਾਜ ਹਮੇਸ਼ਾਂ ਪੁਲਿਸ 'ਤੇ ਹੀ ਕਿਉਂ ਡਿੱਗਦੀ ਹੈ?" ਸਵਰਨ ਬਹੁਤ ਹੰਢਿਆ ਵਰਤਿਆ ਤੇ ਸਿਆਣਾ ਅਫਸਰ। ਉਸ ਨੇ ਠੰਡਾ ਹੌਕਾ ਲਿਆ, "ਉਹ ਇਸ ਲਈ ਕਿ ਵਰਦੀ ਕਾਰਨ ਪੁਲਿਸ ਅਫਸਰ ਦੀ ਪਹਿਚਾਣ ਦੂਰੋਂ ਹੀ ਹੋ ਜਾਂਦੀ ਹੈ। ਕਦੇ ਪੱਤਰਕਾਰ ਸੁੱਤਿਆਂ ਦੀਆਂ ਫੋਟੋਆਂ ਖਿੱਚ ਲੈਂਦੇ ਹਨ ਤੇ ਕਦੇ ਸ਼ਰਾਬੀ ਹੋਏ ਦੀਆਂ। ਇਨ੍ਹਾਂ ਨੂੰ ਕੋਈ ਪੁੱਛੇ ਕਿ ਬਾਕੀ ਮਹਿਕਮਿਆਂ ਨੇ ਕਿਸੇ ਬਾਬੇ ਦਾ ਨਾਮ ਦਾਨ ਲਿਆ ਹੋਇਆ ਹੈ, ਉਹ ਨਹੀਂ ਸ਼ਰਾਬ ਪੀਂਦੇ? ਨਾਲੇ ਇਹ ਲਿਸਟਾਂ ਵੀ ਕਈ ਤਰੀਕਿਆਂ ਨਾਲ ਬਣਦੀਆਂ ਹਨ।" "ਉਹ ਕਿਵੇਂ ਭਾਜੀ?" ਬਲਦੇਵ ਨੇ ਹੈਰਾਨ ਹੋ ਕੇ ਪੁੱਛਿਆ। ਸਵਰਨ ਸ਼ਰਾਰਤੀ ਤਰੀਕੇ ਨਾਲ ਮੁਸਕੁਰਾਇਆ, "ਤੈਨੂੰ ਚੇਤਾ 8-9 ਸਾਲ ਪਹਿਲਾਂ ਨੀਲੀ ਸਰਕਾਰ ਵੇਲੇ ਵੀ ਅਜਿਹੀ ਇੱਕ ਲਿਸਟ ਬਣੀ ਸੀ? ਉਸ ਦੇ ਡੰਗੇ ਕਈ ਅਫਸਰ ਸਾਲਾਂ ਤੱਕ ਲੀਹ 'ਤੇ ਨਹੀਂ ਸਨ ਚੜ੍ਹੇ। ਉਸ ਵੇਲੇ ਮਾਲਵੇ ਦੀ ਇੱਕ ਰੇਂਜ ਦਾ ਆਈ.ਜੀ. ਝਿਰਮਲ ਸਿੰਘ ਕਿੱਲੋਂ (ਕਾਲਪਨਿਕ ਨਾਮ) ਇੱਕ ਪੁਰਾਣਾ ਤੇ ਘਾਗ ਅਫਸਰ ਸੀ। ਉਸ ਨੇ ਮੋਟੀਆਂ ਫੀਸਾਂ ਲੈ ਕੇ ਇਮਾਨਦਾਰੀ ਦੇ ਸਰਟੀਫਿਕੇਟ ਵੰਡਣੇ ਸ਼ੁਰੂ ਕਰ ਦਿੱਤੇ ਸਨ। ਜਿਹੜੇ ਨਜ਼ਰਾਨਾ ਭੇਟ ਕਰ ਗਏ, ਉਹ ਬਚ ਗਏ ਤੇ ਜੋ ਜਿਹੜੇ ਆਪਣੀ ਇਮਾਨਦਾਰੀ ਦੀ ਆਕੜ ਵਿੱਚ ਬੈਠੇ ਰਹੇ, ਉਨ੍ਹਾਂ ਦਾ ਨਾਮ ਲਿਸਟ ਵਿੱਚ ਪੈ ਗਿਆ। ਦੱਸ, ਹੈ ਕੋਈ ਭਰੋਸੇ ਯੋਗਤਾ ਇਹੋ ਜਿਹੀਆਂ ਲਿਸਟਾਂ ਦੀ?

-0-



ਚੰਗਾ ਨਹੀਂ ਸਮਝਦੇ। ਜੇ ਕੋਈ ਐਸ.ਐਚ.ਉ. ਪੋਸਟਿੰਗ ਸਮੇਂ ਇਨ੍ਹਾਂ ਨੂੰ ਗਾਹੇ ਬਗਾਹੇ ਦੋ ਚਾਰ ਬੋਤਲਾਂ ਭੇਜਦਾ ਰਹੇ ਤਾਂ ਉਸ ਦੀ ਪੁਲਿਸ ਲਾਈਨ ਦੀ ਪੋਸਟਿੰਗ ਚੰਗੀ ਕੱਟੀ ਜਾਂਦੀ ਹੈ। ਪਰ ਜੇ ਕੋਈ ਰਾਜਵਿੰਦਰ ਵਰਗਾ ਕਾਬੂ ਆ ਜਾਵੇ ਤਾਂ ਫਿਰ ਉਸ ਦੇ ਪੈਰ ਨਹੀਂ ਲੱਗਣ ਦਿੰਦੇ। ਰਾਜਵਿੰਦਰ ਨੂੰ ਵੀ ਸਭ ਤੋਂ ਔਖੀ ਮੰਨੀ ਜਾਂਦੀ ਪੇਸ਼ੀ ਡਿਊਟੀ 'ਤੇ ਲਗਾ ਦਿੱਤਾ ਗਿਆ, ਅੱਜ ਲੁਧਿਆਣੇ ਤੇ ਕਲ੍ਹ ਨੂੰ ਫਿਰੋਜ਼ਪੁਰ। ਅਜੇ ਰਸਤੇ ਵਿੱਚ ਹੀ ਹੁੰਦਾ ਕਿ ਅਗਲੇ ਦਿਨ ਦੀ ਡਿਊਟੀ ਫੜ੍ਹਾ ਦਿੱਤੀ ਜਾਂਦੀ। ਤੜ੍ਹਕੇ ਉੱਠ ਕੇ ਜੇਲ੍ਹ ਵਿੱਚੋਂ ਬਦਮਾਸ਼ਲੈ ਕੇ ਟਾਈਮ ਸਿਰ ਅਦਾਲਤ ਵਿੱਚ ਪੇਸ਼ ਕਰਨੇ ਪੈਂਦੇ। ਜੇ ਕਿਤੇ ਲੇਟ ਹੋ ਜਾਂਦਾ ਤਾਂ ਜੱਜ ਕੋਲੋਂ ਰੱਜ ਕੇ ਝਿੜ੍ਹਕਾਂ ਪੈਂਦੀਆਂ। ਅੱਗੇ ਬਦਮਾਸ਼ ਵੀ ਪੂਰੇ ਵਿਗੜੇ ਹੋਏ ਹੁੰਦੇ ਹਨ। ਰੰਗ ਬਿਰੰਗੇ ਮੁਕਤਸਰੀ ਕੁੜ੍ਹਤੇ ਪਜਾਮੇ ਪਹਿਨ ਕੇ ਗੁੱਗੂ ਗਿੱਲ ਦੀ ਤਰਾਂ ਆਕੜ ਆਕੜ ਕੇ ਤੁਰਦੇ ਹਨ। ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਬਦਮਾਸ਼ਾਂ ਨੂੰ ਹੱਥ ਕੜ੍ਹੀ ਨਹੀਂ ਲਗਾਈ ਜਾ ਸਕਦੀ। ਪਰ ਜੇ ਕੋਈ ਬਦਮਾਸ਼ ਹੱਥ ਛੁਡਾ ਕੇ ਭੱਜ ਜਾਵੇ ਤਾਂ ਪੁਲਿਸ ਵਾਲਿਆਂ ਨੂੰ ਨੌਕਰੀ ਤੋਂ ਹੱਥ ਜਰੂਰ ਧੋਣੇ ਪੈ ਸਕਦੇ ਹਨ।

ਨਿੱਤ ਦੀ ਡਿਊਟੀ ਦੇ ਝੰਬੇ ਰਾਜਵਿੰਦਰ ਨੂੰ ਇਸ਼ਕ ਮੁਸ਼ਕ ਭੁੱਲ ਗਿਆ। ਜਦੋਂ ਸੜੇ ਫੂਕੇ ਨੇ ਖਾਲੀ ਹੱਥ ਘਰ ਪਹੁੰਚਣਾ ਤਾਂ ਗੁਆਂਢਣ ਦੇ ਗਿੱਝੇ ਹੋਏ ਲੀਚੜ ਮੁੰਡੇ ਨੇ ਚੀਜ਼ੀ ਲੈਣ ਲਈ ਉਸ ਦੇ ਅੱਗੇ ਹੋ ਜਾਣਾ। ਕਈ ਵਾਰ ਤਾਂ ਐਨਾ ਗੁੱਸਾ ਚੜ੍ਹਨਾ ਕਿ ਉਸ ਦੇ ਦੋ ਚਾਰ ਥੱਪੜ ਜੜਨ ਨੂੰ ਦਿਲ ਕਰਨਾ। ਪਰ ਫਿਰ ਵਿਚਾਰੇ ਨੇ ਗੁਆਂਢਣ ਬਾਰੇ ਸੋਚ ਕੇ ਲਹੂ ਦਾ ਘੁੱਟ ਭਰ ਕੇ ਰਹਿ ਜਾਣਾ। ਪਰ ਰੱਬ ਨੂੰ ਅਜੇ ਰਾਜਵਿੰਦਰ ਦੀ ਹੋ ਰਹੀ ਦੁਰਦਸ਼ਾ ਨਾਲ ਸਬਰ ਨਹੀਂ ਸੀ ਆਇਆ। ਕੁਝ ਦਿਨਾਂ ਬਾਅਦ ਰਾਜਵਿੰਦਰ ਦੀ ਪਤਨੀ ਤੇ ਗੁਆਂਢਣ ਗਲੀ ਵਿੱਚ ਖੜੀਆਂ ਰੇਹੜੀ ਵਾਲੇ ਤੋਂ ਸਬਜ਼ੀ ਖਰੀਦ ਰਹੀਆਂ ਸਨ। ਗੁਆਂਢੀ ਹੋਣ ਕਾਰਨ ਦੋਵਾਂ ਵਿੱਚ ਕਾਫੀ ਸਹੇਲਪੁਣਾ ਹੋ ਗਿਆ ਸੀ। ਗੁਆਂਢਣ ਭੋਲੇ ਭਾਅ ਬੋਲੀ, "ਹੈਂ ਭੈਣ ਜੀ, ਅੱਜ ਕਲ੍ਹ ਭਾਜੀ ਪੁਲਿਸ ਲਾਈਨ ਵਿੱਚ ਲੱਗੇ ਹੋਏ ਨੇ?" ਥਾਣੇਦਾਰਨੀ ਨੂੰ ਸੁਣ ਕੇ ਨੂੰਹੇ ਲੜ ਗਏ। ਉਹ ਹੱਥ ਵਿੱਚ ਫੜ੍ਹੀ ਧਨੀਏ ਦੀ ਗੁੱਛੀ ਰੇਹੜ੍ਹੀ 'ਤੇ ਸੁੱਟ ਕੇ ਬੋਲੀ, "ਤੈਨੂੰ ਕਿਵੇਂ ਪਤਾ ਲੱਗਾ ਕਿ ਉਹ ਕਿੱਥੇ ਲੱਗੇ ਹੋਏ ਨੇ?" ਆਉਣ ਵਾਲੀ ਪਰਲੋ ਤੋਂ ਅਣਜਾਣ ਗੁਆਂਢਣ ਨੇ ਸਾਰਾ ਭੇਤ ਖੋਲ੍ਹ ਦਿੱਤਾ, "ਭਾਜੀ ਦੇ ਹਾਵ ਭਾਵ ਤੋਂ। ਪਹਿਲਾਂ ਤਾਂ ਉਹ ਮੇਰੇ ਰਿੰਟੂ ਦੇ ਇੱਕ ਕੇਲਾ ਮੰਗਣ 'ਤੇ ਕੇਲਿਆਂ ਸੇਬਾਂ ਦੇ ਲਿਫਾਫੇ ਫੜ੍ਹਾ ਦਿੰਦੇ ਸਨ, ਹੁਣ ਤੇ ਕਦੇ ਟੌਫੀ ਵੀ ਨਹੀਂ ਦਿੱਤੀ। ਮੈਨੂੰ ਕਿਸੇ ਨੇ ਦੱਸਿਆ ਸੀ ਕਿ ਪੁਲਿਸ ਲਾਈਨ 'ਚ ਲੱਗਣ 'ਤੇ ਪੁਲਿਸ ਵਾਲਿਆਂ ਦੇ ਹੱਥ ਪੱਲੇ ਕੁਝ ਨਹੀਂ ਰਹਿੰਦਾ।" ਥਾਣੇਦਾਰਨੀ ਸਕਿੰਟਾਂ ਵਿੱਚ ਸਾਰਾ ਮਾਜ਼ਰਾ ਸਮਝ ਗਈ ਕਿ ਇਥੇ ਤਾਂ ਉਸ ਦੇ ਨੱਕ ਥੱਲੇ ਹੋਰ ਹੀ ਗੇਮ ਚੱਲ ਰਹੀ ਹੈ। ਉਸ ਨੇ ਸਾਖਸ਼ਾਤ ਚੰਡੀ ਦਾ ਰੂਪ ਧਾਰ ਲਿਆ, "ਤੇਰਾ ਬੇੜਾ ਗਰਕ ਹੋ ਜਾਵੇ ਡੈਣੇ। ਤੇਰਾ ਖਸਮ ਮਰ ਗਿਆ ਜੋ ਤੂੰ ਮੇਰੇ ਵਾਲੇ ਦੇ ਹਾਵ ਭਾਵ ਵੇਖਦੀ ਫਿਰਦੀ ਐਂ। ਖੜ੍ਹ ਜਾ ਤੈਨੂੰ ਬਣਾਉਂਦੀ ਆਂ ਬੰਦੇ ਦੀ। ਦੇਨੀ ਆਂ ਤੈਨੂੰ ਬਦਾਮਾਂ ਦੀ ਬੋਰੀ।"

ਬਹੁਤ ਮੁਸ਼ਕਿਲ ਨਾਲ ਆਂਢ ਗੁਆਂਢ ਨੇ ਦੋਵਾਂ ਨੂੰ ਗੁੱਥਮ ਗੁੱਥਾ ਹੋਣ ਤੋਂ ਬਚਾਇਆ। ਰਾਤ ਨੂੰ ਜਦੋਂ ਰਾਜਵਿੰਦਰ ਹਾੜ੍ਹ ਦੇ ਮਹੀਨੇ ਦੀ ਗਰਮੀ ਕਾਰਨ ਪਸੀਨੇ ਨਾਲ ਪੱਥ ਪੱਥ ਹੋਇਆ ਘਰ ਪਹੁੰਚਿਆ ਤਾਂ ਸਾਰੇ ਘਰ ਦੀਆਂ ਬੱਤੀਆਂ ਬੰਦ ਸਨ।ਘਰ ਵਾਲੀ ਕੈਕਈ ਵਾਂਗ ਕੋਪ ਭਵਨ ਵਿੱਚ ਪਈ ਸੀ। ਨਾ ਪਤੀਲੇ ਵਿੱਚ ਸਬਜ਼ੀ ਤੇ ਨਾ ਛਿੱਕੂ ਵਿੱਚ ਰੋਟੀਆਂ। ਜਦੋਂ ਉਸ ਨੇ ਘਰ ਵਾਲੀ ਤੋਂ ਪਾਣੀ ਮੰਗਿਆ ਤਾਂ ਉਹ ਅੱਗੋਂ ਚਾਰੇ ਚੁੱਕ ਕੇ ਪਈ, "ਜਾ ਉਸ ਚੁੜੇਲ ਕੋਲੋਂ ਖਾ ਜਾ ਕੇ ਰੋਟੀਆਂ ਜਿਸ ਨੂੰ ਫਲਾਂ ਦੇ ਲਿਫਾਫੇ ਦਿੰਦਾ ਰਿਹਾ ਆਂ।" ਸਾਉਣ ਦੇ ਮਹੀਨੇ ਡਿੱਗੀ ਬਿਜਲੀ ਵਾਂਗ ਪਈ ਇਸ ਨਵੀਂ ਮੁਸੀਬਤ ਕਾਰਨ ਰਾਜਵਿੰਦਰ ਡੌਰ ਭੌਰ ਰਹਿ ਗਿਆ। ਉਸ ਦਾ ਕਲੇਜਾ ਮੂੰਹ ਨੂੰ ਆ ਗਿਆ ਤੇ ਜ਼ਿੰਦਗੀ ਦਾ ਪਹਿਲਾ ਦਿਲ ਦਾ ਦੌਰਾ ਪੈਣ ਦੇ ਲੱਛਣ ਦਿਖਾਈ ਦੇਣ ਲੱਗੇ। ਉਸ ਨੇ ਸੋਚਿਆ ਕਿ ਰੁੱਸੇ ਹੋਏ ਲੀਡਰ ਨੂੰ ਤਾਂ ਉਹ ਕਿਸੇ ਨਾ ਕਿਸੇ ਤਰਾਂ ਹੱਥ ਪੈਰ ਜੋੜ ਕੇ ਮਨਾ ਹੀ ਲੈਂਦਾ, ਪਰ ਇਸ ਗ੍ਰਹਿ ਮੰਤਰੀ ਦਾ ਕੀ ਕਰਾਂ? ਅਖੀਰ ਕਿਤੇ ਮਹੀਨੇ ਵੀਹ ਦਿਨ ਬਾਅਦ ਉਦੋਂ ਉਸ ਦੀ ਖਲਾਸੀ ਹੋਈ, ਜਦੋਂ ਕਿਰਾਏਦਾਰ ਕੇਲਾ ਕਾਂਡ ਤੋਂ ਹੋਈ ਬਦਨਾਮੀ ਕਾਰਨ ਘਰ ਖਾਲੀ ਕਰ ਕੇ ਚਲੇ ਗਏ। -0-


# ਗੁਰਮਤਿ ਗਿਆਨ ਮਿਸ਼ਨਰੀ ਕਾਲਜ

**ਪੰਜਾਬੀ ਬਾਗ, ਜਵੱਦੀ, ਲੁਧਿਆਣਾ ਵਲੋਂ**

## ਪੰਜਾਬ ਪੱਧਰ ਦੇ ਧਾਰਮਿਕ ਤੇ ਨਰੋਈ ਸਿਹਤ ਮੁਕਾਬਲੇ

**ਮਿਤੀ:** 27 ਅਕਤੂਬਰ 2024 ਐਤਵਾਰ
**ਸਮਾਂ:** ਸਵੇਰੇ 9 ਤੋਂ 2 ਵਜੇ ਤਕ
**ਸਥਾਨ:** ਗੁਰਦੁਆਰਾ ਚੁਬੱਚਾ ਸਾਹਿਬ, ਸਰਹਾਲੀ ਕਲਾਂ (ਤਰਨਤਾਰਨ)

**ਮੁਕਾਬਲੇ-** ਗੁਰਬਾਣੀ ਕੰਠ, ਸ਼ਬਦ-ਵਿਚਾਰ, ਕਵਿਤਾ, ਭਾਸ਼ਣ, ਕਵੀਸ਼ਰੀ, ਸਵਾਲ-ਜਵਾਬ, ਚਿੱਤਰਕਲਾ, ਦਸਤਾਰ ਸਜਾਉਣੀ।

**ਖੇਡਾਂ-** ਲੰਬੀ ਛਾਲ, ਗੋਲਾ ਸੁੱਟਣਾ, ਰੱਸਾ ਖਿੱਚਣਾ, ਰੱਸੀ ਟੱਪਣਾ, ਇੱਟਾਂ 'ਤੇ ਤੁਰਨਾ।

### ਖੇਤਰ ਪੱਧਰ ਦੇ ਮੁਕਾਬਲਿਆਂ ਦਾ ਵੇਰਵਾ

**ਦੁਆਬਾ : ਮਿਤੀ 2 ਅਕਤੂਬਰ 2024**
**ਸਥਾਨ: ਕੇਂਦਰ ਨਵਾਂਸ਼ਹਿਰ**

**ਲੁਧਿਆਣਾ ਸ਼ਹਿਰੀ: ਮਿਤੀ 4 ਅਕਤੂਬਰ 2024**
**ਸਥਾਨ: ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ**

**ਮਾਲਵਾ: ਮਿਤੀ 6 ਅਕਤੂਬਰ 2024**
**ਸਥਾਨ: ਕੇਂਦਰ ਬੁਗਰਾ**

**ਮਾਝਾ: ਮਿਤੀ 13 ਅਕਤੂਬਰ 2024**
**ਸਥਾਨ: ਕੇਂਦਰ ਪਰਿੰਗੜੀ**

**ਖੇਡ ਮੁਕਾਬਲਿਆਂ ਵਿਚ ਕੇਵਲ ਕੇਸਾਧਾਰੀ ਬੱਚੇ ਹੀ ਭਾਗ ਲੈ ਸਕਦੇ ਹਨ**

**ਰਾਜ ਪੱਧਰੀ ਮੁਕਾਬਲਿਆਂ ਵਿਚ ਖੇਤਰ ਪੱਧਰ ਤੋਂ ਜਿੱਤੇ ਹੋਏ ਪਹਿਲੇ ਚਾਰ ਵਿਦਿਆਰਥੀ ਹੀ ਹਿੱਸਾ ਲੈ ਸਕਦੇ ਹਨ।**

**ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਵੇਗਾ।**

**ਇਨ੍ਹਾਂ ਮੁਕਾਬਲਿਆਂ ਦੇ ਪ੍ਰਬੰਧ ਵਿਚ ਸੇਵਾ ਕਰਨ ਵਾਲੇ ਚਾਹਵਾਨ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰੋ ਜੀ**
**98146-35655, 94177-04970, 97819-90206**

ਸਹਿਯੋਗੀ- ਲੋਕਲ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਸਰਹਾਲੀ ਕਲਾਂ (ਤਰਨਤਾਰਨ)

# GURU RAMDAS JI

On October 9, 2024, we will celebrate the 450th Gurgaddi anniversary of Guru Ram Das Ji, the fourth Guru of Sikhism.

Guru Ram Das Ji was born in Chuna Mandi, Lahore, to Sodhi Haridas Ji and Mata Daya Kaur Ji on September 24, 1534 A.D. He lost his parents at the very young age of seven and moved to Basarke in Amritsar with his maternal grandmother. To earn his livelihood, he set up a small business selling Punjabi savory (boiled and spiced gram). He stayed in Basarke for five years. One day, along with other pilgrims, he went to Goindwal Sahib to participate in the construction of 'Baoli Sahib'. Guru Amar Das Ji was highly impressed by Guru Ram Das Ji's hard work and devotion and subsequently got him married to his younger daughter, Bibi Bhani Ji.



**Gurdwara Janam Asthan Guru Ramdas Ji Choona Mandi, Lahore (Pak)**

Guru Amar Das Ji subjected his two sons, Mohan and Mohri, and his two sons-in-law, Rama and Jetha Ji (Guru Ram Das Ji), to various tests. Guru Ram Das Ji won all the tests through his devotion, patience, and deep humility, and as a result, Guru Amar Das Ji bestowed the Guruship upon him on September 1, 1574.

Baba Sunder Singh Ji has written:

**ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥ (੯੨੩)**

The Guru then blessed the Sodhi Ram Das with the ceremonial tilak mark, the insignia of the True Word of the Shabad.


**Warrant officer**
**Charanjit Singh (Retd.)**
**# 9464748116**




The first task assigned to Guru Ram Das Ji was to develop 'Guru Ka Chak' on the land donated by Emperor Akbar. He settled people from fifty-two trades belonging to all castes in the vicinity of Darbar Sahib and started work on the Sarovar. After completion, 'Guru Ka Chak' was named Amritsar.

**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥**
**ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥**
**(ਵਾਰ-੧, ਪਉੜੀ- ੪੭)**

Now Guru Ram Das, a Sodhi emperor, seated on the Guru-seat, is called the True Guru.

He got the holy tank fully dug, and, settling down at Amritsar, he spread his light.

Upon receiving Guruship, Guru Ram Das Ji, having had a very humble beginning in life, expressed his gratitude thus:

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥ ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥ (੧੬੭)**

My condition, O my True Guru - that condition, O Lord, is known only to You.

I was rolling around in the dirt, and no one cared for me at all. In the Company of the Guru, the True Guru, I, the worm, have been raised up and exalted.

Blessed, blessed is the Guru of servant Nanak; meeting Him, all my sorrows and troubles have come to an end.

Out of the 31 Ragas available in Guru Granth Sahib Ji, Guru Ram Das Ji's Bani is available in 30 Ragas. Of the 22 Vars available in Guru Granth Sahib Ji, Guru Ram Das Ji has composed 8 Vars. Besides Ashtpatis, Shabads, and Chhants, he composed independent Banis:

- **ਪਹਿਰੇ**
- **ਵਣਜਾਰਾ**
- **ਕਰਹਲੇ**
- **ਘੋੜੀਆਂ**
- **ਸੋਲਹੇ**

Guru Nanak Sahib Ji had Guruship for 70 years, Guru Angad Sahib Ji for 12 years, Guru Amar Das Ji for 22 years, and Guru Ram Das Ji had Guriai for only 7 years. Yet, in this brief period, he achieved significant milestones:

"Firstly", the construction of Amritsar City and Darbar Sahib. For a source of water, he had Santokhsar Sahib Sarovar dug. He would supervise the construction of Darbar Sahib while sitting at the Lachi Beri near Darshani Deori. "Chak Guru Ka" was established by merging 12 villages. This new city was named Amritsar, enhancing the respect and prestige of Guru Ram Das Ji. Historian Latif has noted that by establishing Amritsar at a central place, Guru Ram Das Ji laid the foundation of Sikhism.

"Secondly", he established the "Masand System". Although 22 Manjis were already established in Sikhism for systematic preaching and collection of offerings by the Sangat, the 'Masand System' was properly organized by Guru Arjan Sahib Ji. The foundation, however, was laid by the

**Continuing on Page 36**

# धन्नु धन्नु रामदास गुरू

अमृत पाल बंसल

धन्नु धन्नु रामदास गुरु
जिनि सिरिआ तिनै सवारिआ।।
पूरी होई करामाति
आपि सिरजणहारै धारिआ।।
सिखी अतै संगती
पारब्रहमु करि नमसकारिआ।।
अटलु अथाहु अतोलु तू
तेरा अंतु न पारावारिआ।।
जिन्ही तूं सेविआ
भाउ करि से तुधु पारि उतारिआ।।
लबु लोभु कामु क्रोधु मोहु
मारि कढे तुधु सपरवारिआ।।
धन्नु सु तेरा थानु है
सचु तेरा पैसकारिआ।।
नानकु तू लहणा तूहै
गुरु अमरु तू वीचारिआ।।
गुरु डिठा तां मनु साधारिआ।।7।।
(अंग–968)

श्री गुरू ग्रंथ साहिब में दर्ज 'रामकली की वार' में राए बलवंडि और भाई सत्ता जी ने श्री गुरू रामदास जी की उपमा पवित्र अंग–968 में उपरोक्त शब्द के द्वारा इस तरह की है :

श्री गुरू रामदास जी धन्य है, जिस साहिब ने उनको साजा है, उसने ही उनको सुशोभित किया है। मुकंमल है तेरी करामात, करतार (परमात्मा) ने स्वयं ही आप को तख्त पर स्थापित किया है। आप जी को परम प्रभु (अकालपुरख का स्वरूप) जान कर, आप जी के मुरीद और साध–संगत, आप जी को प्रणाम करते हैं। श्री गुरू रामदास जी के गुणों की गिणती नहीं की जा सकती। आप जी अहिल, अगाध और अमाप हैं। आप का कोई अन्त या हदबंदी नहीं। जो आप की प्रेम से सेवा कमाते हैं, आप उनको पार कर देते हो। आप जी ने अपने सेवकों के दिल में से, उनके परिवार कबीलों समेत, काम, क्रोध, लोभ, मोह और अहंकार जैसे विकारों को मार कर बाहर निकाल दिया है। धन्य है आप जी का अस्थान और सत्य हैं आप जी की बख्शिशों (दातें)। आप जी नानक हैं, आप ही अंगद हैं और गुरू अमरदास जी भी आप ही हैं। मैं आप जी का इस तरह ध्यान करता हूँ। जब मैंने गुरूदेव जी को देखा तो मेरे मन को सहारा मिल गया।

इस तरह श्री गुरू रामदास जी अपने व्यक्तिगत गुणों, परमात्मा की कृपा और गुरू जी की दयालूता की कृपा से ही श्री गुरू रामदास जी पातशाह बन गए।

श्री गुरू रामदास जी का प्रकाश लाहौर (पाक्सितान) शहर के बाजार चूना मंडी में 9 अक्तूबर सन् 1534 को हुआ। आप जी के पिता श्री हरदास जी और माता दया कौर जी थे। पहली



**गुरूद्वारा जन्म अस्थान गुरू रामदास जी, चूना मंडी, लाहौर (पाक्सितान)**

संतान होने के कारण, सभी आप जी को जेठा कहकर बुलाने लगे, जिस से आप जी का नाम ही जेठा जी प्रसिद्ध हो गया। आप अभी बहुत ही कम आयु के थे कि आप जी की माता जी का देहांत हो गया। सात वर्ष के हुए तो पिता हरदास जी की भी मृत्यु हो गई। आप के ननिहाल, गांव बासरके (ज़िला अमृतसर) में रहते थे। इस अवस्था में, आप जी की नानी आप को गांव बासरके ले आईं। बासरके में (गुरू) अमरदास जी भी आप को मिले और धैर्य तथा साहस दिया। आप की नानी आप को रोज़ी रोटी के लिए घुंगणीआं (चने) उबाल देती तथा आप गली गली घूम कर बेचते थे। पांच वर्श तक नानी जी के पास टिके रहे। सन् 1546 में (गुरू) अमरदास जी ने गुरू अंगद साहिब जी के हुक्म से गोइंदवाल बसाया तो अपने कई सगे–संबंधियों को भी गोइंदवाल साथ ले आए। जेठा जी भी अपनी वृद्धा नानी के साथ गोइंदवाल आ बसे। उस समय आप की आयु 12 वर्श की थी। यहां आकर भी रोज़ी–रोटी के लिए घुंगणीआं (उबले चने) बेचने का काम जारी रहा और विशेष समय निकालकर आप गुरू–घर की सेवा में भी लगे रहते। (गुरू) अमरदास जी के साथ आप की निक्टता बढ़ती गई। संन् 1552 में गुरू अमरदास जी को गुरगद्दी प्राप्त हुई।

गुरू अमरदास जी भाई जेठा जी की मासूमीयत, मीठे स्वभाव, सहनशीलता, निम्रता तथा आज्ञाकार्ता से बहुत प्रभावित थे। इन गुणों के कारण गुरू अमरदास जी ने संन् 1553 में अपनी छोटी स्पुत्री बीबी भानी जी का विवाह भाई जेठा जी से कर दिया। उस समय आप जी की आयु 19 वर्श की थी। बीबी भानी जी की कोख से, बाबा प्रिथी चन्द, बाबा महांदेव तथा (गुरू) अरजन साहिब जी ने जन्म लिया। विवाह के पश्चात भी भाई जेठा जी पहले की तरह ही गुरू–घर के लंगर और संगत

की सेवा में लगे रहते। जब गुरू अमरदास जी के विरूद्ध अकबर बादशाह के पास, लाहौर में संन् 1557 में काजियों, मौलवीयों तथा ब्राहमणों ने शिकायतें की, तो गुरू अमरदास जी के हुक्म से भाई जेठा जी लाहौर गए तथा अकबर बादशाह को सिख धर्म के आर्दश ऐसे मीठे तथा शिष्टाचारी ढंग से पेश किये कि वह पूरी तरह से संतुष्ट हो गया और वह गोइंदवाल में गुरू अमरदास जी के दर्शन करने आया।

आप, गुरू अमरदास जी के यद्यपि रिशते में दामाद लगते थे परन्तु दुनियावी रिशते भुला कर, गुरू के सिख बन कर सेवा करते रहे। जब गोइंदवाल बाऊली की सेवा हुई तो आपने सेवा की मिसाल कायम की और अन्य सिखों की तरह टोकरी ढोने, गारे, मिट्टी, चूने की सेवा का काम किया। एक बार आप सेवा में मग्न हो कर टोकरी ढो रहे थे। उस समय लाहौर से कुछ रिशतेदार सज्जन आ गये और सोचने लगे कि "भाई जेठा जी तो इस घर के दामाद हो कर, टोकरी ढो रहे हैं। इन्होंने तो हमारी नाक ही कटवा दी है।" जब श्री गुरू अमरदास जी को उलाहना दिया तो उन्होंने मुसकरा कर कहा, "भाई जेठा जी के सिर पर गारे–मिट्टी की टोकरी नहीं, बल्कि यह तो दीन–दुनी का छत्र है।"



सिख कौम की बढ़ती संख्या देख कर और अन्य परिस्थितियों को विचार कर, गुरू अमरदास जी ने यह निर्णय कर लिया था कि सिख धर्म के प्रचार का केन्द्र गोइंदवाल से बदला जाए। संन् 1570 में आप जी ने स्थान पसंद करके, आप ने (गुरू) रामदास जी को 'गुरू का चक्क' बसाने का काम भी सौंप दिया। आप जी के जीवन काल के दौरान ही यह नगर अच्छी आबादी वाला हो गया था। उस समय गुरू अमरदास जी की आयु 91 वर्ष की हो चुकी थी। भाई जेठा जी अपनी भक्ति और सेवा के लिए बहुत प्रसिद्ध हो गये थे। अपना अंतिम समय निकट आता देख कर, गुरू साहिब जी ने उनको प्रत्येक लिहाज से गुरू बनने के योग्य समझा और गुरू नानक साहिब तथा गुरू अंगद जी द्वारा चलाई मर्यादा के अनुसार, पूरी परख के पश्चात संन् 1574 में सारी संगत और परिवार की मौजूदगी में, भाई जेठा जी को चौथे नानक के रूप में स्थापित किया और गुरगद्धी देकर उनको गुरू पद बख्शिश कर दिया। साथ ही श्री गुरू नानक साहिब जी, गुरू अंगद साहिब जी, अपनी बाणी तथा भक्तों की बाणी की पोथी (गुरू) रामदास जी को सौंप दी। उस समय गुरू रामदास जी की आयु 40 वर्ष की थी।

यह कोई सामान्य घटना नहीं थी। गुरू रामदास जी को आज वह ईश्वरीय तख्त मिल रहा था, जिस तख्त के आगे संसार के बड़े–बड़े बादशाहों, राजाओं, महाराजाओं ने शीस निवाया और भविष्य में भी निभाना था। आप की आंखों के आगे चूना मंडी, लाहौर की गलियों का नक्शा आ गया, जब सात वर्श की आयु में पिता जी की भी मुत्यु के पश्चात, संसार में यतीम रह गए थे तब अनाथ बालक को कौन पूछता था? और सहमे हुए अपनी नानी की उंगली पकड़ कर हमेशा के लिए चूना मंडी की गलियों से विदा होकर आए थे। जिस समय गुरू अमरदास जी ने (गुरू) रामदास जी को चौकी पर बिठा कर भरे दीवान में स्वयं इनके आगे माथा टेका तो आप वैराग्य में आ कर बोलने लगे, "पातशाह! आप जानते हैं, जब मैं यतीम लाहौर की गलियों से बेसहारा हो कर निकला था, तो मेरी क्या दशा थी। मैं गलियों में तिनकों की तरह भटक रहा था। लाहौर निवासी मेरे रिशतेदारों में से कोई भी मेरी बाजू पकड़ने के लिए तैयार नहीं था। पातशाह! छोटे से जीव की औकात थी, बस। मेरे सतिगुरू! यह आप की कृपा थी, आप ने मेरे जैसे छोटे से जीव को प्रेम से देखा, आप ने मुझ यतीम की बांह पकड़ी, मुझे मिट्टी में रूलते हुए को आज आप जी ने अर्शों पर पहुँचा दिया है।" गुरू रामदास जी ने वैराग्य की इस बाढ़ का चित्र, फिर अपनी बाणी में इस तरह खींच दिया–

**जे हमरी बिधि होती मेरे सतिगुरा**
**सा बिधि तुम हरि जाणहु आपे।।**
**हम रूलते फिरते कोई बात न पूछता**
**गुर सतिगुर संगि कीरे हम थापे।।**

(पन्ना 167)

गुरू रामदास जी ने गुरू बनने के पश्चात माझे में सिखी के प्रचार पर बल दिया। 22 मंजीओं के अतिरिक्त, 'मसंद प्रथा' का शुभ प्रारम्भ किया। ऊंचे सच्चे गुरसिख अपनी किरत–कार करने के साथ, मसंदों की सेवा निभाने लगे, कार भेट पहुंचाना तथा सिखी का प्रचार करना, मसंदों का काम था। यह काम सिख धर्म की प्रगति के लिए मील का पत्थर साबित हुआ। 'गुरू का चक्क' में आप ने तुंग गांव के

जिम्मीदारों से 700 अकबरी मोहरें दे कर पांच सौ विघा ज़मीन खरीद ली। आप ने अलग–अलग स्थानों से 52 प्रकार के भिन्न भिन्न व्यवसाय के लोगों को प्रेरित कर यहां बसाया। यहां एक बाजार भी बसाया, जिस का नाम गुरू बाजार प्रचलित हुआ। फिर यह नगर 'चक्क रामदास' या 'रामदासपुर' के नाम से जाना जाने लगा। संन् 1517 में आप जी ने सरोवर की खुदवाई शुरू करवाई जिस को बाद में श्री गुरू अरजन साहिब जी ने सम्पूर्ण किया। इस सरोवर का नाम (अमृतसर) रखा गया, जिस के नाम से नगर का नाम अमृतसर प्रसिद्ध हो गया और यह पवित्र स्थान सिख धर्म का मुख्य केन्द्र बन गया। सिख धर्म के महान विद्वान भाई गुरदास जी अपनी वारों में इस तरह लिखा है–

श्री गुरू रामदास जी ने 30 रागों में 638 शब्द उच्चारण किये जिन में 246 पऊड़ीओं, 138 श्लोक, 31 अष्टपदियां और वारें हैं। यह वाणी श्री गुरू ग्रंथ साहिब जी में दर्ज है। आप जी ने राग सूही में सिख धर्म को आनंद कारज (विवाह) करने के लिए चार लावों (फेरों) की रचना और सरल विवाह की गुरमत मर्यादा को समाज के सामने रखा। आप जी ने दो शब्द वडहंस राग में विवाह के समय गाई जाने वाली 'घोडियां' की धारना में उच्चारण किये। इन में 'घोड़ी' के अलंकार को ले कर वाहिगुरू की प्राप्ती का मार्ग दर्शाया। आप जी ने गुरू साहिबान द्वारा प्रारम्भ 'गुरू का लंगर' प्रथा को आगे बढ़ाया। संगत को परमात्मा के नाम से जोड़ कर गुर–शब्द की कमाई की युक्ति सिखाई।

आप जी ने साढे सात वर्ष तक गुरियाई की जिम्मेवारी निभाई। आप जी के सब से छोटे स्पुत्र (गुरू) अरजन साहिब जी में गुरसिख वाले सभी गुण मौजूद थे और वह प्रत्येक तरह से योग्य थे। आप जी ने 16 सितंबर 1581 को (गुरू) अरजन साहिब जी को पांचवें नानक के रूप में स्थापित किया और उनको गुरगद्धी के साथ सिख कौम का नेतृत्व गोइंदवाल साहिब में बख्शा। पहली पातशाहीओं और भक्तों समेत अपनी बाणी, गोइंदवाल साहिब में गुरू अरजन साहिब जी को सौंप दी। आप 16 सितंबर, 1581 को ज्योति ज्योत समा गए।

–0–

**Continuing from Page 33**

fourth Guru. In the Masand System, spiritually evolved and wise devotees were tasked with propagating Sikhism, collecting funds, and depositing them in the central treasury. This was necessary as huge funds were needed to develop "Chak Guru Ka".

"Thirdly", Guru Ram Das Ji emphasized centralized control of the propagation of Sikhism, ensuring proper supervision of the Manjis and the Masand System. This approach prevented any cracks in the progress of Sikhism. There are two important conditions for the development of a community:

1) A desire to live together

2) A rich common heritage

Guru Ram Das Ji provided both to Sikhism in abundance.

**ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ॥ (੩੦੬)**

If we cut a tree from its roots, the branches will dry up automatically.

"Fourthly", he established the "Anand Marriage System", composing the four "Lavan" in Soohi Raag. This established a sound guide for couples to lead an ideal householder's married life.

"Fifthly", the head of the Udasi Sect, Baba Sri Chand Ji, son of Guru Nanak Sahib Ji, had always been in confrontation with Guru Angad Sahib Ji and Guru Amar Das Ji. However, when he visited Guru Ram Das Ji, he was deeply impressed by his humility and organizational abilities. This led to complete reconciliation between the Udasis and Sikhism, and in the future, both complemented each other. We can conclude that Guru Ram Das Ji laid a very sound and strong foundation for the future development of Sikhism.

"Sixthly", Guru Ram Das Ji bestowed Guruship upon his youngest son, Guru Arjan Sahib Ji, despite the displeasure of his eldest son, Prithvi Chand. While the eldest son was proud and vain, the second son, Mahadev, was not worldly. Guru Ram Das Ji explained to Prithvi Chand that Guru Nanak Sahib Ji did not give Guruship to his sons but to his Sewak, Guru Angad Sahib Ji. Likewise, Guru Angad Sahib Ji chose Guru Amar Das Ji strictly on merit.

Guru Arjan Sahib Ji possessed all the qualities of a Gursikh and was capable in every sphere of life. On September 16, 1581 A.D., Guru Ram Das Ji enthroned Guru Arjan Sahib as the fifth Guru of the Sikhs at Goindwal Sahib, handing over the Bani pronounced by himself, earlier Gurus, and the Bhagats. Guru Ram Das Ji departed for his heavenly abode on September 16, 1581 A.D. -0-


## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

# ਕੇਲ ਪੱਤਾ

ਡਾ. ਹਰਸ਼ਿੰਦਰ ਕੌਰ, ਐਮ. ਡੀ.,
0175-2216783

ਕੇਲ ਦਾ ਕੋਈ ਪੰਜਾਬੀ ਨਾਂ ਹਾਲੇ ਤੱਕ ਰੱਖਿਆ ਹੀ ਨਹੀਂ ਗਿਆ ਕਿਉਂਕਿ ਪਹਿਲਾਂ ਪੰਜਾਬ ਵਿੱਚ ਇਹ ਬੀਜਿਆ ਨਹੀਂ ਸੀ ਜਾਂਦਾ। ਮੂਲੀ, ਸਰ੍ਹੋਂ ਤੇ ਪੱਤਾ ਗੋਭੀ ਦੇ ਮਿਸ਼ਰਨ ਵਰਗਾ ਕੇਲ ਪੱਤਾ ਏਨੇ ਕਮਾਲ ਦੇ ਗੁਣਕਾਰੀ ਤੱਤ ਲੁਕਾਈ ਬੈਠਾ ਹੈ ਕਿ ਹੁਣ ਪੂਰੀ ਦੁਨੀਆਂ ਵਿੱਚ ਚੋਟੀ ਦੇ ਲਾਜਵਾਬ 11 ਖਾਣਿਆਂ ਵਿੱਚ ਇਸ ਦਾ ਨਾਂ ਸ਼ੁਮਾਰ ਹੋ ਗਿਆ ਹੈ। ਇੱਕ ਨਹੀਂ, ਅਨੇਕ ਖੋਜਾਂ ਵਿੱਚ ਦਿਲ ਅਤੇ ਕੈਂਸਰ ਦੇ ਮਰੀਜ਼ਾਂ ਲਈ ਬਿਹਤਰੀਨ ਦਵਾਈ ਸਾਬਤ ਹੋ ਚੁੱਕੇ ਹਲਕੇ ਅਤੇ ਗੂੜ੍ਹੇ ਹਰੇ ਰੰਗ ਦੇ ਗੁਣਕਾਰੀ ਪੱਤੇ ਹੁਣ ਸਰੀਰ ਦੇ ਕਈ ਅੰਗਾਂ ਦੇ ਕੰਮਕਾਰ ਨੂੰ ਸਹੀ ਰੱਖਣ ਵਿੱਚ ਵੀ ਸਹਾਈ ਸਾਬਤ ਹੋ ਰਹੇ ਹਨ।

ਹਾਲੇ ਤੱਕ ਦੇ ਮਿਲੇ ਇਤਿਹਾਸਕ ਤੱਥਾਂ ਅਨੁਸਾਰ ਰੋਮ ਵਿੱਚ ਪਹਿਲੀ ਵਾਰ ਕਿਸੇ ਮਨੁੱਖ ਨੇ ਇਨ੍ਹਾਂ ਪੱਤਿਆਂ ਨੂੰ ਚੱਖਿਆ ਤੇ ਉਸ ਨੂੰ ਏਨੇ ਫ਼ਾਇਦੇ ਦਿਸੇ ਕਿ ਉਸ ਨੇ ਆਪ ਬੀਜਣ ਦਾ ਫ਼ੈਸਲਾ ਕਰ ਲਿਆ। ਬਸ ਫਿਰ ਕੀ ਸੀ! ਹਰ ਘਰ ਵਿੱਚ ਕੇਲ ਪੱਤਿਆਂ ਦੀਆਂ ਕਿਆਰੀਆਂ ਤਿਆਰ ਹੋ ਗਈਆਂ।

ਪੁਰਾਣੇ ਸਮਿਆਂ ਵਿੱਚ ਸੋਮ ਰਸ ਪੀਣ ਬਾਅਦ ਚੜ੍ਹੇ ਨਸ਼ੇ ਨੂੰ ਲਾਹੁਣ ਲਈ ਕੇਲ ਪੱਤਿਆਂ ਨੂੰ ਉਬਾਲ ਕੇ ਉਸਦਾ ਪਾਣੀ ਪੀ ਲਿਆ ਜਾਂਦਾ ਸੀ। ਜੇ ਰੋਮਨ ਵਿਚ ਲਿਖੇ ਪੁਰਾਣੇ ਪਤਰੇ ਪੜ੍ਹੇ ਜਾਣ ਤਾਂ ਲਿਖਿਆ ਮਿਲਦਾ ਹੈ ਕਿ 'ਬਰਾਸਿਕਾ' ਸਿਹਤਮੰਦ ਖ਼ੁਰਾਕ ਹੈ। ਬਰਾਸਿਕਾ ਵਿੱਚ ਸ਼ਲਗਮ, ਪੱਤਗੋਭੀ ਤੇ ਕੇਲ ਸ਼ਾਮਲ ਕੀਤੇ ਗਏ ਸਨ। ਹਲਕੇ ਜਾਮਨੀ ਤੋਂ ਲੈ ਕੇ ਹਲਕੇ ਹਰੇ ਰੰਗ ਦੇ ਖਿਲਰੀ ਪੱਤ ਗੋਭੀ ਵਾਂਗ, ਪਰ ਸਿਰਿਆਂ ਤੋਂ ਘੁੰਘਰਾਲੇ ਕੇਲ ਪੱਤੇ ਕੁਦਰਤ ਦੀ ਕੀਤੀ ਕਾਰੀਗਰੀ ਦੀ ਖ਼ੂਬਸੂਰਤ ਮਿਸਾਲ ਹਨ।

ਇਸੇ ਲਈ ਅਨੇਕ ਲੋਕ ਇਨ੍ਹਾਂ ਨੂੰ ਬਾਗ਼ ਵਿੱਚ ਜਾਂ ਗਮਲਿਆਂ ਵਿੱਚ ਘਰ ਦੀ ਖ਼ੂਬਸੂਰਤੀ ਵਧਾਉਣ ਲਈ ਵੀ ਲਾ ਲੈਂਦੇ ਹਨ।

ਈਸਾ ਮਸੀਹ ਤੋਂ 2000 ਸਾਲ ਪਹਿਲਾਂ ਤੋਂ ਹੀ ਕੇਲ ਪੱਤੇ ਉਗਾਏ ਜਾਣ ਲੱਗ ਪਏ ਸਨ। ਯੂਰਪ ਵਿੱਚ ਤੇਰਹਵੀਂ ਸਦੀ ਵਿੱਚ ਕੇਲ ਨੂੰ 'ਸਿਰਲੱਥ ਗੋਭੀ' ਵਜੋਂ ਜਾਣਿਆ ਜਾਂਦਾ ਸੀ ਕਿਉਂਕਿ ਪੱਤੇ ਤਾਂ ਪੱਤਗੋਭੀ ਨਾਲ ਰਲਦੇ ਸਨ ਪਰ ਗੋਭੀ ਵਾਂਗ ਗੰਢ ਕੋਈ ਹੈ ਹੀ ਨਹੀਂ ਸੀ।

ਰੂਸੀ ਕੇਲ ਤਾਂ ਏਨੀ ਖ਼ੂਬਸੂਰਤ ਹੁੰਦੀ ਹੈ ਜਿਵੇਂ ਕਿਸੇ ਮੁਟਿਆਰ ਦੇ ਹਵਾ ਦੇ ਬੁੱਲੇ ਨਾਲ ਘੁੰਘਰਾਲੇ ਵਾਲ ਖਿਲਰ ਗਏ ਹੋਣ। ਉਨੀਵੀਂ ਸਦੀ ਵਿੱਚ ਰੂਸ ਤੋਂ ਕੇਲ ਪੱਤੇ ਅਮਰੀਕਾ ਤੇ ਕੈਨੇਡਾ ਵਿਖੇ ਲਿਜਾਏ ਗਏ ਸਨ।

'ਡੇਵਿਡ ਫੇਅਰਚਾਈਲਡ', ਜੋ ਵਨਸਪਤੀ ਦਾ ਡਾਕਟਰ ਸੀ, ਨੂੰ ਪੱਤਗੋਭੀ ਜਾਂ ਕੇਲ ਉੱਕਾ ਹੀ ਖਾਣੇ ਪਸੰਦ ਨਹੀਂ ਸਨ। ਖੋਜਾਂ ਦੌਰਾਨ ਉਸ ਨੂੰ ਪਤਾ ਲੱਗਿਆ ਕਿ ਕੇਲ ਪੱਤੇ ਧਰਤੀ ਹੇਠਲਾ ਵਾਧੂ ਲੂਣ ਖਿੱਚ ਲੈਂਦੇ ਹਨ ਤੇ ਧਰਤੀ ਉਪਜਾਊ ਬਣਾ ਦਿੰਦੇ ਹਨ। ਸੌਖੇ ਉੱਗ ਜਾਣ ਵਾਲੇ ਇਨ੍ਹਾਂ ਪੱਤਿਆਂ ਨੂੰ ਕਰੋਸ਼ੀਆ ਤੋਂ ਅਮਰੀਕਾ ਲਿਆ ਕੇ ਬਹੁਤ ਵੱਡੀ ਪੱਧਰ ਉੱਤੇ ਉਗਾਉਣ ਵਿੱਚ ਡੇਵਿਡ ਦਾ ਹੀ ਹੱਥ ਹੈ।

ਅਮਰੀਕਨ ਉਦੋਂ ਤੱਕ ਇਨ੍ਹਾਂ ਪੱਤਿਆਂ ਨੂੰ ਖ਼ੂਬਸੂਰਤੀ ਵਜੋਂ ਹੀ ਉਗਾਉਂਦੇ ਤੇ ਵਰਤਦੇ ਰਹੇ ਜਦ ਤਕ ਸੰਨ 1990 ਵਿੱਚ ਇਸ ਵਿਚਲੇ ਕੁਦਰਤੀ ਗੁਣਾਂ ਦੇ ਖ਼ਜ਼ਾਨੇ ਬਾਰੇ ਪਤਾ ਨਾ ਲੱਗਿਆ। ਬਸ ਫਿਰ ਕੀ ਸੀ! ਧੜਾਧੜ ਇਸ ਦੀ ਵਰਤੋਂ ਹਰ ਰੋਜ਼ ਦੇ ਖਾਣਿਆਂ ਵਿੱਚ ਹੋਣ ਲੱਗ ਪਈ।

ਵਿਸ਼ਵ ਜੰਗ ਦੂਜੀ ਵਿੱਚ ਇੰਗਲੈਂਡ ਵਿੱਚ ਫ਼ੌਜੀਆਂ ਦੀ ਸਿਹਤ ਠੀਕ ਰੱਖਣ ਅਤੇ ਖ਼ੁਰਾਕ ਦੀ ਕਮੀ ਨਾਲ ਜੂਝਣ ਲਈ ਕੇਲ ਪੱਤੇ ਹੀ ਖਾਣ ਲਈ ਦਿੱਤੇ ਜਾਂਦੇ ਰਹੇ ਸਨ।



ਗਰਮੀ ਸਰਦੀ ਦੇ ਮੌਸਮ ਨੂੰ ਜਰਨ ਲਈ ਕੇਲ ਪੱਤੇ ਤਗੜੇ ਹਨ। ਕੁਦਰਤ ਨੇ ਮਨਫ਼ੀ 15 ਡਿਗਰੀ ਸੈਲਸੀਅਸ ਤੱਕ ਦੀ ਬਰਫੀਲੀ ਠੰਡ ਵਿੱਚ ਵੀ ਕੇਲ ਪੱਤਿਆਂ ਨੂੰ ਸੁਰੱਖਿਅਤ ਰਹਿਣ ਦੀ ਜਾਚ ਸਿਖਾਈ ਹੋਈ ਹੈ। ਸਗੋਂ ਬਰਫ਼ ਪੈਣ ਬਾਅਦ ਕੇਲ ਪੱਤਿਆਂ ਦਾ ਨਿਖ਼ਾਰ ਦੁਗਣਾ ਹੋ ਜਾਂਦਾ ਹੈ ਤੇ ਇਹ ਖਾਣ ਵਿੱਚ ਵੀ ਹੋਰ ਮਿੱਠੇ ਹੋ ਜਾਂਦੇ ਹਨ। ਇਨ੍ਹਾਂ ਦਾ ਰੰਗ ਵੀ ਹੋਰ ਗੂੜ੍ਹਾ ਜਾਮਨੀ ਤੇ ਭੂਰਾ ਹੋ ਜਾਂਦਾ ਹੈ।

ਹਲਕਾ ਜਿਹਾ ਰੰਗ ਦਾ ਹੇਰ ਫੇਰ ਹੀ ਕੇਲ ਪੱਤਿਆਂ ਨੂੰ ਢੇਰ ਸਾਰੇ ਵੱਖੋ-ਵੱਖ ਨਾਂ ਦੇ ਦਿੰਦਾ ਹੈ। ਕੋਈ ਘੁੰਘਰਾਲੇ ਪੱਤੇ, ਕਾਲੀ ਗੋਭੀ, ਲੈਸੀਨਾਟੋ, ਡਾਇਨਾਸੋਰ ਕੇਲ, ਟਸਕਨ ਕੇਲ, ਕਵੋਲੋ ਨੀਰੋ (ਇਟਲੀ ਵਿੱਚ), ਸਕਾਟ ਕੇਲ, ਨੀਲੀ ਘੁੰਘਰਾਲੀ ਕੇਲ, ਚਿੱਟੀ ਰੂਸੀ ਕੇਲ, ਲਾਲ ਰੂਸੀ ਕੇਲ ਤੇ ਕੋਈ ਸਖ਼ਤ ਜਾਨ ਕੇਲ ਦੇ ਨਾਂ ਨਾਲ ਕੇਲ ਨੂੰ ਜਾਣਦੇ ਹਨ।

ਕਈ ਥਾਈਂ ਤਾਂ ਕੇਲ ਪੱਤੇ ਵਧੀਆ ਤੋਂ ਵਧੀਆ ਫ਼ੁੱਲ ਦੀ ਖ਼ੂਬਸੂਰਤੀ ਨੂੰ ਵੀ ਮਾਤ ਪਾਉਂਦੇ ਹਨ। ਬਾਹਰੋਂ ਹਰੇ ਤੇ ਅੰਦਰੋਂ ਹਲਕੇ ਗੁਲਾਬੀ, ਲਾਲ, ਜਾਮਨੀ ਜਾਂ ਚਿੱਟੇ ਗੋਲੇ ਮਨ ਮੋਹ ਲੈਂਦੇ ਹਨ। ਇਸ ਕਿਸਮ ਦੀ ਕੇਲ ਨੂੰ 'ਮੋਰ ਕੇਲ', ਕਾਮੋਨ ਕੋਰਲ ਰਾਣੀ, ਕੋਰਲ ਰਾਜਾ ਆਦਿ ਵੀ ਕਿਹਾ ਜਾਂਦਾ ਹੈ। ਇਹ ਜਿੰਨੀ ਖਾਣ ਲਈ ਫ਼ਾਇਦੇਮੰਦ ਹੋਣ ਕਾਰਨ ਵਰਤੀ ਜਾ ਰਹੀ ਹੈ, ਓਨੀ ਹੀ ਵਿਆਹਾਂ ਵਿੱਚ ਸਜਾਵਟ ਲਈ ਵਰਤੀ ਜਾਂਦੀ ਹੈ।

ਰਤਾ ਝਾਤ ਮਾਰੀਏ ਕਿ ਰੱਬ ਨੇ ਵਿਹਲੇ ਵੇਲੇ ਬਹਿ ਕੇ ਕੇਲ ਪੱਤਿਆਂ ਵਿੱਚ ਭਰਿਆ ਕੀ ਹੈ?

ਸੌ ਗ੍ਰਾਮ ਤਾਜ਼ੇ ਪੱਤਿਆਂ ਵਿੱਚ :-

- 49 ਕੈਲਰੀਆਂ
- 2.3 ਗ੍ਰਾਮ ਮਿੱਠਾ
- 3.6 ਗ੍ਰਾਮ ਫਾਈਬਰ
- 0.9 ਗ੍ਰਾਮ ਥਿੰਦਾ
- 4.3 ਗ੍ਰਾਮ ਪ੍ਰੋਟੀਨ
- ਵਿਟਾਮਿਨ ਏ
- ਵਿਟਾਮਿਨ ਬੀ ਇੱਕ, ਦੋ, ਤਿੰਨ, ਪੰਜ, ਛੇ
- ਫੋਲੇਟ
- ਕੋਲੀਨ
- ਵਿਟਾਮਿਨ ਸੀ (120 ਮਿਲੀਗ੍ਰਾਮ)
- ਵਿਟਾਮਿਨ ਕੇ (390 ਮਾਈਕਰੋਗ੍ਰਾਮ)
- ਵਿਟਾਮਿਨ ਈ
- 150 ਮਿਲੀਗ੍ਰਾਮ ਕੈਲਸ਼ੀਅਮ
- ਲੋਹ ਕਣ
- ਮੈਗਨੀਸ਼ੀਅਮ
- ਮੈਂਗਨੀਜ਼
- ਫੌਸਫੋਰਸ, ਪੋਟਾਸ਼ੀਅਮ, ਸੀਲੀਨੀਅਮ
- ਸੋਡੀਅਮ, ਜ਼ਿੰਕ
- 84 ਗ੍ਰਾਮ ਪਾਣੀ

ਜੇ ਕੇਲ ਪੱਤਿਆਂ ਨੂੰ ਜ਼ਿਆਦਾ ਉਬਾਲ ਲਿਆ ਜਾਵੇ ਜਾਂ ਰਿੰਨ੍ਹ ਲਿਆ ਜਾਵੇ ਤਾਂ ਏਨੇ ਸਾਰੇ ਤੱਤਾਂ ਵਿੱਚੋਂ ਕਾਫ਼ੀ ਬਾਹਰ ਨਿਕਲ ਜਾਂਦੇ ਹਨ। ਭਾਫ਼ ਜਾਂ ਮਾਈਕਰੋਵੇਵ ਵਿਚ ਬਣਾਉਣ ਨਾਲ ਕਾਫ਼ੀ ਤੱਤ ਬਚ ਜਾਂਦੇ ਹਨ।

ਇਨ੍ਹਾਂ ਤੋਂ ਇਲਾਵਾ ਕੈਰੋਟੀਨਾਇਡ, ਲਿਊਟੀਨ ਤੇ ਜ਼ੀਜ਼ੈਂਥੀਨ ਵੀ ਭਰੇ ਪਏ ਹਨ। ਕੇਲ ਪੱਤਿਆਂ ਵਿਚਲਾ ਗਲੂਕੋਰਾਫੈਨਿਨ ਹੀ ਮਨੁੱਖੀ ਖੋਜ ਦਾ ਆਧਾਰ ਬਣ ਕੇ ਇਸ ਨੂੰ ਗੁਣਾਂ ਦੀ ਖਾਣ ਬਣਾ ਰਿਹਾ ਹੈ। ਪੌਲੀਫੀਨੋਲ ਵੀ ਕੇਲ ਵਿਚ ਕਾਫੀ ਮਾਤਰਾ ਵਿਚ ਹਨ।

ਕੇਲ ਵਿਚਲਾ ਓਗਜ਼ੈਲਿਕ ਏਸਿਡ ਨੁਕਸਾਨ ਕਰ ਸਕਦਾ ਹੈ ਪਰ ਮਾਈਕਰੋਵੇਵ ਵਿਚ ਬਣਾਉਣ ਨਾਲ ਉਸ ਦੀ ਮਾਤਰਾ ਘੱਟ ਹੋ ਜਾਂਦੀ ਹੈ।

ਸਕਾਟਲੈਂਡ ਦੀ ਇਕ ਮਜ਼ੇਦਾਰ ਕਹਾਣੀ ਕੇਲ ਪੱਤਿਆਂ ਬਾਰੇ ਮਸ਼ਹੂਰ ਹੈ। ਕਿਲਮੌਰ ਵਿਚ ਖ਼ੂਬਸੂਰਤ ਕੇਲ ਪੱਤਿਆਂ ਦੀ ਭਰਮਾਰ ਸੀ। ਨਾਲ

ਦੇ ਪਿੰਡ ਵਾਲਿਆਂ ਨੇ ਇਸ ਦੀ ਖ਼ੂਬਸੂਰਤੀ ਉੱਤੇ ਮੋਹਿਤ ਹੋ ਬਹੁਤ ਸਾਰੇ ਪੈਸੇ ਦੇ ਕੇ ਪੱਤੇ ਖ਼ਰੀਦਣੇ ਚਾਹੇ।

ਕਿਲਮੌਰ ਵਾਲਿਆਂ ਨੇ ਚੁਸਤੀ ਵਰਤਦਿਆਂ ਪੈਸੇ ਲੈ ਲਏ ਪਰ ਕੋਲਿਆਂ ਦੀ ਹਲਕੀ ਅੱਗ ਉੱਤੇ ਰਤਾ ਰਤਾ ਭੁੰਨ ਕੇ ਪੱਤੇ ਵੇਚ ਦਿੱਤੇ ਤਾਂ ਜੋ ਇੱਕ ਵਾਰ ਭਾਵੇਂ ਉਹ ਵਰਤ ਲੈਣ ਪਰ ਇਹ ਪੱਤੇ ਕਦੇ ਦੂਜੀ ਥਾਂ ਪੁੰਗਰਨ ਨਾ ਅਤੇ ਪਿੰਡ ਵਾਲੇ ਹਮੇਸ਼ਾ ਵਾਸਤੇ ਪੱਤੇ ਖ਼ਰੀਦਣ ਉਨ੍ਹਾਂ ਕੋਲ ਹੀ ਆਉਂਦੇ ਰਹਿਣ!

**ਫ਼ਾਇਦੇ :-**

1. **ਸ਼ੱਕਰ ਰੋਗੀ :-** ਅਮਰੀਕਨ ਡਾਇਆਬੀਟੀਜ਼ ਐਸੋਸੀਏਸ਼ਨ ਨੇ ਤਾਂ ਐਲਾਨ ਹੀ ਕਰ ਦਿੱਤਾ ਹੈ ਕਿ ਜੇ ਸ਼ੱਕਰ ਰੋਗ ਹੋਣ ਤੋਂ ਬਚਣਾ ਹੈ ਤਾਂ ਕੇਲ ਪੱਤਾ ਰੋਜ਼ਾਨਾ ਖਾ ਲੈਣਾ ਚਾਹੀਦਾ ਹੈ। ਇਸ ਵਿਚਲੇ ਵਿਟਾਮਿਨ, ਮਿਨਰਲ ਕਣ, ਫਾਈਬਰ ਅਤੇ ਐਂਟੀਆਕਸੀਡੈਂਟ ਸ਼ੱਕਰ ਰੋਗੀਆਂ ਲਈ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕੇ ਹਨ।

ਸੰਨ 2018 ਵਿੱਚ ਹੋਈ ਖੋਜ ਅਨੁਸਾਰ ਜਿਹੜੇ ਬੰਦੇ ਜ਼ਿਆਦਾ ਫਾਈਬਰ ਵਾਲੀ ਖ਼ੁਰਾਕ ਖਾਂਦੇ ਹੋਣ, ਉਨ੍ਹਾਂ ਦੇ ਲਹੂ ਵਿਚਲੀ ਸ਼ੱਕਰ ਦੀ ਮਾਤਰਾ ਕਾਬੂ ਵਿੱਚ ਰਹਿੰਦੀ ਹੈ।

ਸਰੀਰ ਅੰਦਰ ਵਧੀ ਸ਼ੱਕਰ ਦੀ ਮਾਤਰਾ ਨਾਲ ਫਰੀ ਰੈਡੀਕਲ ਅੰਸ਼ ਨਿਕਲ ਪੈਂਦੇ ਹਨ ਜੋ ਸਾਰੇ ਅੰਗਾਂ ਦਾ ਨੁਕਸਾਨ ਕਰ ਸਕਦੇ ਹਨ। ਇਨ੍ਹਾਂ ਤੋਂ ਹੋ ਰਹੇ ਨੁਕਸਾਨ ਨੂੰ ਰੋਕਣ ਲਈ ਕੁਦਰਤੀ ਵਿਟਾਮਿਨ ਸੀ ਅਤੇ ਐਲਫਾ ਲਿਨੋਲਿਨਿਕ ਏਸਿਡ ਵਧੀਆ ਸਾਬਤ ਹੋ ਚੁੱਕੇ ਹਨ ਜੋ ਕੇਲ ਵਿਚ ਭਰੇ ਪਏ ਹਨ।

2. **ਦਿਲ ਦੇ ਰੋਗ :-** ਦਿਲ ਨੂੰ ਸਿਹਤਮੰਦ ਰੱਖਣ ਲਈ ਜੋ ਅੰਸ਼ ਚਾਹੀਦੇ ਹਨ, ਉਹ ਸਾਰੇ ਕੇਲ ਪੱਤੇ ਵਿਚ ਹਨ।

ਅਮਰੀਕਨ ਹਾਰਟ ਐਸੋਸੀਏਸ਼ਨ ਅਨੁਸਾਰ ਦਿਲ ਵਾਸਤੇ ਪੋਟਾਸ਼ੀਅਮ ਵੱਧ ਤੇ ਲੂਣ ਘੱਟ ਠੀਕ ਰਹਿੰਦਾ ਹੈ ਕਿਉਂਕਿ ਬਲੱਡ ਪ੍ਰੈੱਸ਼ਰ ਕਾਬੂ ਵਿਚ ਰਹਿੰਦਾ ਹੈ। ਇਕ ਕੱਪ ਭੁੰਨੇ ਕੇਲ ਵਿਚ ਰੋਜ਼ ਦੇ ਲੋੜੀਂਦੇ ਪੋਟਾਸ਼ੀਅਮ ਦਾ 3.6 ਫੀਸਦੀ ਹਿੱਸਾ ਪਹੁੰਚ ਜਾਂਦਾ ਹੈ।

ਸੰਨ 2016 ਦੀ ਕੋਕਰੇਨ ਖੋਜ ਵਿਚ ਵੀ ਵੱਧ ਫਾਈਬਰ ਨਾਲ ਕੋਲੈਸਟਰੋਲ ਦਾ ਘਟਣਾ ਜੋੜਿਆ ਗਿਆ ਹੈ। ਇੰਜ ਬਲੱਡ ਪ੍ਰੈੱਸ਼ਰ ਵੀ ਕਾਬੂ ਵਿਚ ਰਹਿੰਦਾ ਹੈ। ਇਸੇ ਲਈ ਕੇਲ ਸਹਾਈ ਸਾਬਤ ਹੋ ਰਿਹਾ ਹੈ।

3. **ਕੈਂਸਰ :-** ਜਦੋਂ ਮੀਟ-ਚਿਕਨ ਤੇਜ਼ ਅੱਗ ਉੱਤੇ ਗਰਿੱਲ ਕਰ ਕੇ ਪਕਾਇਆ ਜਾਵੇ ਤਾਂ ਉਸ ਵਿੱਚੋਂ 'ਹੈਟਰੋਸਾਈਕਲਿਕ ਅਮੀਨ' ਅੰਸ਼ ਨਿਕਲ ਪੈਂਦੇ ਹਨ ਜੋ ਲਗਾਤਾਰ ਖਾਂਦੇ ਰਹਿਣ ਨਾਲ ਕੈਂਸਰ ਦਾ ਕਾਰਨ ਬਣਦੇ ਹਨ। ਕੇਲ ਵਿਚਲਾ ਕਲੋਰੋਫਿਲ ਸਰੀਰ ਹਜ਼ਮ ਨਹੀਂ ਕਰ ਸਕਦਾ ਪਰ ਉਹ ਇਨ੍ਹਾਂ ਮਾੜੇ ਅੰਸ਼ਾਂ ਨੂੰ ਆਪਣੇ ਨਾਲ ਮਿਲਾ ਕੇ ਸਰੀਰ ਅੰਦਰ ਨੁਕਸਾਨ ਕਰਨ ਤੋਂ ਪਹਿਲਾਂ ਹੀ ਬਾਹਰ ਕੱਢ ਦਿੰਦਾ ਹੈ।

ਵਿਟਾਮਿਨ ਸੀ, ਬੀਟਾ ਕੈਰੋਟੀਨ, ਸੀਲੀਨੀਅਮ ਤੇ ਹੋਰ ਕੇਲ ਵਿਚਲੇ ਐਂਟੀਆਕਸੀਡੈਂਟ ਕੈਂਸਰ ਵਾਲੇ ਸੈੱਲਾਂ ਨੂੰ ਵਧਣ ਤੋਂ ਰੋਕਦੇ ਹਨ। ਕੇਲ ਵਿਚਲਾ ਫਾਈਬਰ ਵੀ ਅੰਤੜੀਆਂ ਦੇ ਕੈਂਸਰ (ਕੋਲੋਰੈਕਟਲ) ਤੋਂ ਬਚਾਓ ਕਰਦਾ ਹੈ (ਸੰਨ 2015 ਵਿਚ ਛਪੀ ਖੋਜ)।

4. **ਹੱਡੀਆਂ ਲਈ :-** ਕੇਲ ਵਿਚਲੇ ਕੈਲਸ਼ੀਅਮ ਤੇ ਫਾਸਫੋਰਸ ਹੱਡੀਆਂ ਤਗੜੀਆਂ ਕਰਨ ਵਿਚ ਮਦਦ ਕਰਦੇ ਹਨ। ਵਿਟਾਮਿਨ ਕੇ ਹੱਡੀਆਂ ਟੁੱਟਣ ਤੋਂ ਬਚਾਓ ਕਰਦਾ ਹੈ ਤੇ ਲਹੂ ਵਗਣ ਤੋਂ ਵੀ ਰੋਕਦਾ ਹੈ।

ਹੁਣ ਧਿਆਨ ਕਰੋ ਕਿ ਭੁੰਨੇ ਕੇਲ ਦੇ ਪੱਤਿਆਂ ਦਾ ਇੱਕ ਕੱਪ ਰੋਜ਼ ਦੇ ਲੋੜੀਂਦੇ ਵਿਟਾਮਿਨ ਕੇ ਤੋਂ ਪੰਜ ਗੁਣਾ ਵੱਧ ਹਿੱਸਾ ਸਰੀਰ ਅੰਦਰ ਪਹੁੰਚਾ ਦਿੰਦਾ ਹੈ, ਕੈਲਸ਼ੀਅਮ ਦਾ 18 ਫੀਸਦੀ ਤੇ ਫਾਸਫੋਰਸ ਦਾ ਸੱਤ ਫੀਸਦੀ ਹਿੱਸਾ!

5. **ਹਾਜ਼ਮਾ :-** ਕੇਲ ਵਿਚਲਾ ਫਾਈਬਰ ਤੇ ਪਾਣੀ ਦਾ ਮਿਸ਼ਰਣ ਜਿੱਥੇ ਕਬਜ਼ ਹੋਣ ਤੋਂ ਰੋਕਦਾ ਹੈ, ਉੱਥੇ ਹਾਜ਼ਮਾ ਵੀ ਸਹੀ ਕਰ ਦਿੰਦਾ ਹੈ।

6. **ਚਮੜੀ ਤੇ ਵਾਲ :-** ਬੀਟਾ ਕੈਰੋਟੀਨ ਸਰੀਰ ਅੰਦਰ ਵਿਟਾਮਿਨ ਏ ਵਿਚ ਤਬਦੀਲ ਹੋ ਕੇ ਵਾਲ ਤੇ ਚਮੜੀ ਨੂੰ ਸਿਹਤਮੰਦ ਰੱਖਦੇ ਹਨ। ਕੇਲ ਵਿਚਲਾ ਵਿਟਾਮਿਨ ਸੀ ਚਮੜੀ ਵਿਚਲੇ ਕੋਲਾਜਨ ਨੂੰ ਮਜ਼ਬੂਤ ਕਰ ਕੇ ਚਮੜੀ ਦੀ ਲਚਕ ਬਰਕਰਾਰ ਰੱਖਦਾ ਹੈ।

ਇੱਕ ਕੌਲੀ ਭੁੰਨਿਆ ਕੇਲ ਰੋਜ਼ਾਨਾ ਦੀ ਲੋੜੀਂਦੀ ਵਿਟਾਮਿਨ ਏ ਦਾ 20 ਫੀਸਦੀ ਹਿੱਸਾ ਤੇ ਵਿਟਾਮਿਨ ਸੀ ਦਾ 23 ਫੀਸਦੀ ਹਿੱਸਾ ਪੂਰਾ ਕਰ ਦਿੰਦਾ ਹੈ।

7. **ਅੱਖਾਂ ਲਈ :-** ਕੇਲ ਵਿਚਲੇ ਲਿਊਟੀਨ ਅਤੇ ਜ਼ੀਜ਼ੈਂਥੀਨ ਤਗੜੇ ਐਂਟੀਆਕਸੀਡੈਂਟ ਹਨ ਜੋ ਵਧਦੀ ਉਮਰ ਨਾਲ ਅੱਖ ਅੰਦਰਲੀ ਪਰਤ ਦਾ ਸੁੰਗੜਨਾ ਰੋਕ ਦਿੰਦੇ ਹਨ ਤੇ ਅੰਨ੍ਹੇ ਹੋਣ ਤੋਂ ਬਚਾ ਦਿੰਦੇ ਹਨ। ਵਿਟਾਮਿਨ ਸੀ, ਈ, ਬੀਟਾ ਕੈਰੋਟੀਨ ਤੇ ਜ਼ਿੰਕ ਵੀ ਅੱਖਾਂ ਨੂੰ ਸਿਹਤਮੰਦ ਰੱਖਣ ਲਈ ਵਧੀਆ ਰੋਲ ਅਦਾ ਕਰਦੇ ਹਨ। ਇਹ ਸਾਰੇ ਹੀ ਸਹੀ ਮਾਤਰਾ ਵਿਚ ਕੇਲ ਵਿਚ ਹਨ।

**ਕਿਵੇਂ ਖਾਈਏ :-**

- ਕੱਚੇ ਸਲਾਦ ਵਿਚ ਪੱਤੇ
- ਹਲਕਾ ਉਬਾਲ ਕੇ
- ਭੁੰਨ ਕੇ
- ਸੂਪ ਵਿਚ
- ਬਰੈੱਡ ਵਿਚ ਲਾ ਕੇ/ਬਰਗਰ ਆਦਿ।
- ਥੋਮ, ਪਿਆਜ਼ ਤੇ ਕੇਲ ਦੇ ਪੱਤੇ ਤੇਜ਼ ਅੱਗ ਉੱਤੇ ਹਲਕਾ ਭੁੰਨ ਕੇ ਓਲਿਵ ਤੇਲ ਪਾ ਕੇ ਖਾਧੇ ਜਾ ਸਕਦੇ ਹਨ ਜਾਂ ਹਲਕਾ ਉਬਾਲ ਕੇ, ਪਾਣੀ ਰੋੜ੍ਹ ਕੇ, ਬਾਕੀ ਪੱਤਿਆਂ ਵਿਚ ਸੋਇਆ ਚਟਨੀ ਪਾ ਕੇ ਖਾਧੇ ਜਾ ਸਕਦੇ ਹਨ।
- ਕੇਲ ਪੱਤਿਆਂ ਦੇ ਚਿੱਪਸ ਵੀ ਬਣਾਏ ਜਾ ਸਕਦੇ ਹਨ। ਮਸਾਲੇ ਪਾ ਕੇ ਓਵਨ ਵਿਚ 20 ਮਿੰਟ ਪਕਾਏ ਜਾ ਸਕਦੇ ਹਨ। ਜ਼ਿਆਦਾਤਰ ਡਾਇਨਾਸੌਰ ਕੇਲ ਦੇ ਹੀ ਚਿੱਪਸ ਬਣਾਏ ਜਾਂਦੇ ਹਨ ਕਿਉਂਕਿ ਇਸਦੇ ਪੱਤੇ ਵੱਡੇ ਹੁੰਦੇ ਹਨ।
- ਕਿਸੇ ਵੀ ਤਰ੍ਹਾਂ ਦੇ ਫਲਾਂ ਦੇ ਰਸ ਵਿਚ ਪਾਏ ਜਾ ਸਕਦੇ ਹਨ ਜਾਂ ਸਮੂਦੀ ਬਣਾਈ ਜਾ ਸਕਦੀ ਹੈ।
- ਤਾਜ਼ੇ ਛੋਟੇ ਪੱਤੇ ਕੌੜੇ ਨਹੀਂ ਹੁੰਦੇ ਤੇ ਉਨ੍ਹਾਂ ਵਿਚ ਫਾਈਬਰ ਵੀ ਵੱਧ ਹੁੰਦਾ ਹੈ।
- ਲਾਲ ਰੂਸੀ ਕੇਲ ਕਾਫ਼ੀ ਮਿੱਠੀ ਹੁੰਦੀ ਹੈ ਤੇ ਕੱਚੀ ਹੀ ਜ਼ਿਆਦਾਤਰ ਸਲਾਦ ਵਿਚ ਖਾਧੀ ਜਾਂਦੀ ਹੈ।

**ਖ਼ਤਰੇ :-**

1. ਕੇਲ ਵਿਚ ਅੱਜਕਲ ਏਨਾ ਕੀਟਨਾਸ਼ਕ ਸਪਰੇਅ ਕੀਤਾ ਜਾਂਦਾ ਹੈ ਕਿ ਬਿਨਾਂ ਚੰਗੀ ਤਰ੍ਹਾਂ ਧੋਤਿਆਂ ਖਾਣ ਨਾਲ ਇਨ੍ਹਾਂ ਵਿਚਲਾ ਜ਼ਹਿਰ ਸਰੀਰ ਅੰਦਰ ਪਹੁੰਚ ਕੇ ਕਹਿਰ ਢਾਅ ਸਕਦਾ ਹੈ।

2. ਜਿਹੜੇ ਮਰੀਜ਼ ਬੀਟਾ ਬਲੌਕਰ ਦਵਾਈ ਖਾ ਰਹੇ ਹੋਣ, ਉਨ੍ਹਾਂ ਨੂੰ ਕੇਲ ਪੱਤੇ ਘੱਟ ਖਾਣੇ ਚਾਹੀਦੇ ਹਨ ਕਿਉਂਕਿ ਇਨ੍ਹਾਂ ਵਿਚ ਪੋਟਾਸ਼ੀਅਮ ਕਾਫੀ ਵੱਧ ਹੁੰਦਾ ਹੈ।

3. ਗੁਰਦੇ ਦੀ ਬੀਮਾਰੀ ਵਾਲੇ ਮਰੀਜ਼ਾਂ ਲਈ ਵੀ ਵੱਧ ਪੋਟਾਸ਼ੀਅਮ ਹਾਨੀਕਾਰਕ ਹੋ ਸਕਦੀ ਹੈ।

4. ਵਾਰਫੈਰਿਨ ਦਵਾਈ ਲੈ ਰਹੇ ਮਰੀਜ਼ਾਂ ਨੂੰ ਵੀ ਕੇਲ ਪੱਤੇ ਜ਼ਿਆਦਾ ਨਹੀਂ ਖਾਣੇ ਚਾਹੀਦੇ ਕਿਉਂਕਿ ਕੇਲ ਲਹੂ ਜਮਾਉਣ ਵਿਚ ਮਦਦ ਕਰਦੀ ਹੈ ਜਦਕਿ ਵਾਰਫੈਰਿਨ ਲਹੂ ਜੰਮਣ ਤੋਂ ਰੋਕਦੀ ਹੈ।

**ਸਾਰ :-**

ਕੁਦਰਤ ਵਿੱਚ ਏਨੀਆਂ ਬੇਸ਼ਕਮੀਤੀ ਚੀਜ਼ਾਂ ਲੁਕੀਆਂ ਪਈਆਂ ਹਨ ਜਿਨ੍ਹਾਂ ਬਾਰੇ ਹਾਲੇ ਖੋਜਾਂ ਹੋਈਆਂ ਹੀ ਨਹੀਂ ਜਾਂ ਹਾਲੇ ਖੋਜਾਂ ਜਾਰੀ ਹਨ। ਇਹ ਪੱਕਾ ਹੈ ਕਿ ਸਿਹਤਮੰਦ ਰਹਿਣ ਲਈ ਅਤੇ ਬੀਮਾਰੀਆਂ ਤੋਂ ਬਚਣ ਲਈ ਕੁਦਰਤ ਦੇ ਨੇੜੇ ਹੋਣਾ ਜ਼ਰੂਰੀ ਹੈ ਤੇ ਕੁਦਰਤ ਨੂੰ ਸੰਭਾਲਣ ਦੀ ਲੋੜ ਹੈ। ਹਵਾ, ਪਾਣੀ, ਧਰਤੀ, ਹਰ ਚੀਜ਼ ਨੂੰ ਸੰਭਾਲ ਕੇ ਪਲੀਤ ਹੋਣ ਤੋਂ ਬਚਾ ਲਈਏ ਤਾਂ ਕੇਲ ਵਰਗੀਆਂ ਅਨੇਕ ਹੋਰ ਕੁਦਰਤੀ ਸੁਗ਼ਾਤਾਂ ਸਾਨੂੰ ਲੰਮੀ ਉਮਰ ਦੇਣ ਲਈ ਤਿਆਰ ਬੈਠੀਆਂ ਹਨ।

-0-

# ਮੱਕੀ ਦੀ ਹਰੇ ਚਾਰੇ ਲਈ ਕਾਸ਼ਤ

**ਡਾ. ਬਲਵਿੰਦਰ ਸਿੰਘ ਢਿੱਲੋਂ 94654-20097**

ਡੇਅਰੀ ਦੇ ਧੰਦੇ ਵਿੱਚ ਖ਼ਰਚਿਆਂ ਦਾ ਹਿਸਾਬ ਰੱਖਣਾ ਬਹੁਤ ਜ਼ਰੂਰੀ ਹੈ। ਡੇਅਰੀ ਖ਼ਰਚਿਆਂ ਵਿੱਚ ਵੱਡਾ ਖ਼ਰਚ ਖ਼ੁਰਾਕ 'ਤੇ 70 ਤੋਂ 75 ਫ਼ੀਸਦੀ ਹੁੰਦਾ ਹੈ, ਇਸ ਵਿੱਚ ਹਰੇ ਚਾਰੇ ਦਾ ਅਹਿਮ ਯੋਗਦਾਨ ਹੈ। ਬੇਸ਼ੱਕ ਪਸ਼ੂ ਪਾਲਣ ਇੱਕ ਪੁਰਾਤਨ ਧੰਦਾ ਹੈ ਪਰ ਅਜੋਕੀ ਸਿਖਲਾਈ, ਨਵੀਂ ਤਕਨੀਕ ਅਤੇ ਖੋਜ-ਕਾਰਜ ਇਸ ਧੰਦੇ ਨੂੰ ਵਧੀਆ ਚਲਾਉਣ ਵਿੱਚ ਸਹਾਈ ਹੁੰਦੇ ਹਨ। ਪੰਜਾਬ ਵਿੱਚ ਵਰਤਮਾਨ ਪਸ਼ੂਆਂ ਦੀ ਗਿਣਤੀ ਲਗਪਗ 81.2 ਲੱਖ ਹੈ, ਜਿਨ੍ਹਾਂ ਵਿੱਚ 62.4 ਲੱਖ ਵੱਡੇ ਪਸ਼ੂ ਹਨ। ਪਸ਼ੂਆਂ ਨੂੰ ਪੂਰਾ ਤੇ ਚੰਗੀ ਗੁਣਵੱਤਾ ਦਾ ਚਾਰਾ ਦੇਣ ਲਈ ਹਰੇ ਚਾਰੇ ਦੀ ਵਰਤਮਾਨ ਉਪਜ ਵਿੱਚ ਚੋਖੇ ਵਾਧੇ ਦੀ ਲੋੜ ਹੈ। ਇੱਕ ਪਸ਼ੂ ਨੂੰ ਪ੍ਰਤੀ ਦਿਨ ਕੇਵਲ 30.65 ਕਿਲੋ ਚਾਰਾ ਮਿਲਦਾ ਹੈ, ਜੋ ਕਿ ਬਹੁਤ ਘੱਟ ਹੈ। ਜੇ ਇੱਕ ਵੱਡੇ ਪਸ਼ੂ ਨੂੰ 40 ਕਿਲੋ ਹਰਾ ਚਾਰਾ ਰੋਜ਼ਾਨਾ ਪਾਇਆ ਜਾਵੇ ਤਾਂ ਕੁੱਲ 911 ਲੱਖ ਟਨ ਹਰੇ ਚਾਰੇ ਦੀ ਸਾਲਾਨਾ ਲੋੜ ਹੈ।

ਮੱਕੀ ਸਾਉਣੀ ਦੇ ਮੌਸਮ ਦਾ ਮੁੱਖ ਚਾਰਾ ਹੈ ਅਤੇ ਪੰਜਾਬ ਵਿੱਚ ਤਕਰੀਬਨ 0.77 ਲੱਖ ਹੈਕਟੇਅਰ ਭੂਮੀ ਵਿੱਚ ਬੀਜੀ ਜਾਂਦੀ ਹੈ। ਇਹ 50-60 ਦਿਨਾਂ ਵਿੱਚ ਕਟਾਈ ਲਈ ਤਿਆਰ ਹੋ ਜਾਂਦੀ ਹੈ। ਦੁੱਧ ਦੇਣ ਵਾਲੇ ਪਸ਼ੂਆਂ ਲਈ ਇਸ ਨੂੰ ਬਹੁਤ ਚੰਗਾ ਸਮਝਿਆ ਜਾਂਦਾ ਹੈ।

**ਮੱਕੀ ਦੀਆਂ ਉੱਨਤ ਕਿਸਮਾਂ:**

ਜੇ 1006: ਹਰੇ ਚਾਰੇ ਲਈ ਮੱਕੀ ਦੀ ਇਸ ਕਿਸਮ ਦੇ ਪੌਦੇ ਫੈਲਵੇਂ ਅਤੇ ਚੌੜੇ ਪੱਤਿਆਂ ਵਾਲੇ ਹੁੰਦੇ ਹਨ। ਇਸ ਕਿਸਮ ਨੂੰ ਝੁਲਸ ਰੋਗ ਅਤੇ ਭੂਰੀਆਂ ਧਾਰੀਆਂ ਦਾ ਰੋਗ ਘੱਟ ਲਗਦਾ ਹੈ। ਇਹ ਤਕਰੀਬਨ 165 ਕੁਇੰਟਲ ਹਰਾ ਚਾਰਾ ਪ੍ਰਤੀ ਏਕੜ ਦਿੰਦੀ ਹੈ।

**ਕਾਸ਼ਤ ਦੇ ਢੰਗ**

ਬੀਜ ਦੀ ਮਾਤਰਾ ਅਤੇ ਬਿਜਾਈ ਦਾ ਸਮਾਂ: ਬੀਜ ਦੀ ਮਾਤਰਾ 30 ਕਿਲੋ ਪ੍ਰਤੀ ਏਕੜ ਹੈ ਅਤੇ ਬਿਜਾਈ ਮਾਰਚ ਦੇ ਪਹਿਲੇ ਹਫ਼ਤੇ ਤੋਂ ਲੈ ਕੇ ਅੱਧ ਸਤੰਬਰ ਤੱਕ ਕੀਤੀ ਜਾ ਸਕਦੀ ਹੈ। ਬਿਜਾਈ ਕੇਰੇ ਜਾਂ ਪੋਰੇ ਨਾਲ ਕਰੋ ਅਤੇ ਕਤਾਰਾਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਰੱਖੋ। ਫ਼ਸਲ ਦੀ ਬਿਜਾਈ ਖਾਦ-ਬੀਜ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਜੇ ਮੱਕੀ ਅਤੇ ਰਵਾਂਹ ਰਲਾ ਕੇ ਬੀਜਣੇ ਹੋਣ ਤਾਂ ਮੱਕੀ ਅਤੇ ਰਵਾਂਹ 88 ਦਾ ਬੀਜ 15-15 ਕਿਲੋ ਅਤੇ ਮੱਕੀ ਤੇ ਰਵਾਂਹ 367 ਦਾ ਬੀਜ 15 ਅਤੇ 6 ਕਿਲੋ ਪ੍ਰਤੀ ਏਕੜ ਕ੍ਰਮਵਾਰ ਪਾਓ।

**ਖਾਦਾਂ ਦਾ ਪ੍ਰਬੰਧ:** ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ ਪਾਓ। ਇਹ ਜ਼ਿੰਕ, ਫਾਸਫੋਰਸ, ਪੋਟਾਸ਼ ਅਤੇ ਇੱਕ ਤਿਹਾਈ ਨਾਈਟ੍ਰੋਜਨ ਦੀ ਘਾਟ ਨੂੰ ਪੂਰਾ ਕਰਦੀ ਹੈ। ਚਾਰੇ ਵਾਲੀ ਮੱਕੀ ਨਾਈਟ੍ਰੋਜਨ ਖਾਦ ਨੂੰ ਬਹੁਤ ਮੰਨਦੀ ਹੈ। ਅੱਧੀ ਨਾਈਟ੍ਰੋਜਨ, ਸਾਰੀ ਫਾਸਫੋਰਸ ਅਤੇ ਪੋਟਾਸ਼ ਖਾਦਾਂ ਬਿਜਾਈ ਸਮੇਂ ਪਾਓ ਅਤੇ ਅੱਧੀ ਨਾਈਟ੍ਰੋਜਨ ਖਾਦ 3-4 ਹਫ਼ਤੇ ਮਗਰੋਂ ਪਾਓ।

**ਸਿੰਜਾਈ ਪ੍ਰਬੰਧ:** ਗਰਮ ਰੁੱਤ ਦੀ ਚਾਰੇ ਦੀ ਮੱਕੀ ਨੂੰ 4-5 ਪਾਣੀਆਂ ਦੀ ਜ਼ਰੂਰਤ ਹੁੰਦੀ ਹੈ, ਜਦੋਂਕਿ ਸਾਉਣੀ ਰੁੱਤ ਵਿੱਚ ਪਾਣੀ ਬਰਸਾਤ ਦੇ ਹਿਸਾਬ ਨਾਲ ਲਗਾਓ।

**ਨਦੀਨਾਂ ਦੀ ਰੋਕਥਾਮ:** ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਦਰਮਿਆਨੀਆਂ ਤੋਂ



ਭਾਰੀਆਂ ਜ਼ਮੀਨਾਂ ਵਿੱਚ ਅਤੇ 500 ਗ੍ਰਾਮ ਹਲਕੀਆਂ ਜ਼ਮੀਨਾਂ ਵਿੱਚ ਬਿਜਾਈ ਤੋਂ 10 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਕਿਸਾਨ ਆਮ ਤੌਰ 'ਤੇ ਮੱਕੀ ਦਾ ਖਾਲਸ ਚਾਰਾ ਸਤੰਬਰ ਦੇ ਅਖੀਰ ਤੱਕ ਬੀਜਦੇ ਹਨ ਅਤੇ ਬਾਅਦ ਵਿੱਚ ਉੱਥੇ ਕਣਕ ਬੀਜਦੇ ਹਨ। ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) ਦੀ ਵਰਤੋਂ ਸਤੰਬਰ ਦੇ ਪਹਿਲੇ ਪੰਦਰਵਾੜੇ ਤੱਕ ਵੀ ਕੀਤੀ ਜਾ ਸਕਦੀ ਹੈ। ਜੇ ਮੱਕੀ ਦੇ ਚਾਰੇ ਵਿੱਚ ਰਵਾਂਹ ਰਲਾ ਕੇ ਬੀਜਿਆ ਹੋਵੇ ਤਾਂ ਐਟਰਾਜ਼ੀਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਮੱਕੀ ਤੇ ਰਵਾਂਹ ਦੇ ਮਿਸ਼ਰਤ ਚਾਰੇ ਵਿੱਚ ਸਟੌਂਪ 30 ਈਸੀ (ਪੈਂਡੀਮੈਥਾਲੀਨ) ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 2 ਦਿਨਾਂ ਅੰਦਰ ਛਿੜਕਾਅ ਕਰੋ।

**ਮੱਕੀ ਦੇ ਕੀੜੇ-ਮਕੌੜੇ ਅਤੇ ਰੋਕਥਾਮ:**

**ਮੱਕੀ ਦਾ ਗੰਡੂਆਂ:** ਇਹ ਕੀੜਾ ਮਾਰਚ ਤੋਂ ਅਕਤੂਬਰ ਤੱਕ ਬਹੁਤ ਨੁਕਸਾਨ ਕਰਦਾ ਹੈ। ਇਸ ਦੀ ਰੋਕਥਾਮ ਲਈ ਫ਼ਸਲ ਬੀਜਣ ਤੋਂ 2-3 ਹਫ਼ਤੇ ਬਾਅਦ ਜਾਂ ਜਦੋਂ ਗੰਡੂਏ ਦਾ ਹਮਲਾ ਨਜ਼ਰ ਆਵੇ ਤਾਂ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦੇਣੇ ਚਾਹੀਦੇ ਹਨ। ਇਸ ਫ਼ਸਲ ਨੂੰ ਗੰਡੂਏ ਤੋਂ ਬਚਾਉਣ ਲਈ 40 ਮਿਲੀਲਿਟਰ ਕੋਰਾਜ਼ਨ 18.5 ਐਸਸੀ (ਕਲੋਰਐਂਟਰਾਨਿਲੀਪਰੋਲ) ਪ੍ਰਤੀ ਏਕੜ 60-80 ਲੀਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ। ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 50,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ-ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਅਤੇ ਦੂਜੀ ਵਾਰ ਇੱਕ ਹਫ਼ਤੇ ਬਾਅਦ ਵਰਤੋ। ਇਹ ਅੰਡੇ ਗੂੰਦ ਨਾਲ ਟਰਾਈਕੋਕਾਰਡਾਂ ਉੱਪਰ ਚਿਪਕਾਏ ਹੋਏ ਹੁੰਦੇ ਹਨ। ਇਨ੍ਹਾਂ ਕਾਰਡਾਂ ਨੂੰ 50 ਬਰਾਬਰ ਹਿੱਸਿਆਂ ਵਿੱਚ ਕੱਟ ਲਵੋ, ਹਰ ਛੋਟੇ ਹਿੱਸੇ ਉੱਪਰ ਤਕਰੀਬਨ 1000 ਅੰਡੇ ਲੱਗੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਸ਼ਾਮ ਦੇ ਸਮੇਂ ਖੇਤ ਵਿੱਚ ਇਕਸਾਰ ਦੂਰੀ ਤੇ ਬੂਟਿਆਂ ਦੀ ਗੋਭ ਵਿੱਚ ਰੱਖੋ। ਇਹ ਟਰਾਈਕੋਕਾਰਡ ਬਾਇਓ-ਕੰਟਰੋਲ ਲੈਬ, ਕੀਟ ਵਿਗਿਆਨ ਵਿਭਾਗ, ਪੀਏਯੂ ਲੁਧਿਆਣਾ ਅਤੇ ਖੇਤਰੀ ਖੋਜ ਕੇਂਦਰਾਂ, ਅਬੋਹਰ, ਗੁਰਦਾਸਪੁਰ ਅਤੇ ਬਠਿੰਡਾ ਵਿੱਚ ਉਪਲੱਬਧ ਹਨ।

ਤੇਲੇ ਅਤੇ ਘੋੜੇ ਆਦਿ ਦੀ ਰੋਕਥਾਮ ਲਈ 250 ਤੋਂ 400 ਮਿਲੀਲਿਟਰ ਮੈਲਾਥੀਆਨ 50 ਈ ਸੀ ਪ੍ਰਤੀ ਏਕੜ ਛਿੜਕੋ। ਵਾਲਾਂ ਵਾਲੀ ਸੁੰਡੀ ਦੀ ਰੋਕਥਾਮ ਲਈ 15 ਕਿਲੋ ਮੈਲਾਥੀਆਨ 5 ਪ੍ਰਤੀਸ਼ਤ ਪ੍ਰਤੀ ਏਕੜ ਦੇ ਹਿਸਾਬ ਧੂੜਾ ਦੇਵੋ।

**ਧਿਆਨਯੋਗ ਗੱਲਾਂ:**

* ਮੱਕੀ ਦੀ ਚਾਰੇ ਵਾਲੀ ਫ਼ਸਲ ਤੇ ਉਹ ਕੀਟਨਾਸ਼ਕ ਨਹੀਂ ਵਰਤਣੇ ਚਾਹੀਦੇ, ਜੋ ਮੱਕੀ ਦੇ ਦਾਣਿਆਂ ਵਾਲੀ ਫ਼ਸਲ ਲਈ ਸਿਫ਼ਾਰਸ਼ ਕੀਤੇ ਗਏ ਹਨ।

* ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਛਿੜਕਾਅ ਕਰਨ ਤੋਂ 21 ਦਿਨਾਂ ਪਿੱਛੋਂ ਫ਼ਸਲ ਚਾਰੇ ਲਈ ਵਰਤੋ।

* ਮੈਲਾਥੀਆਨ ਦੇ ਛਿੜਕਾਅ ਤੋਂ 14 ਦਿਨ ਤੱਕ ਫ਼ਸਲ ਚਾਰੇ ਲਈ ਨਾ ਵਰਤੋ।

**ਕਟਾਈ:** ਬਿਜਾਈ ਤੋਂ 50-60 ਦਿਨਾਂ ਪਿੱਛੋਂ ਜਦੋਂ ਮੱਕੀ ਦੀ ਫ਼ਸਲ ਦੋਧੇ 'ਤੇ ਹੋਵੇ ਅਤੇ ਦਾਣੇ ਨਰਮ ਹੋਣ ਤਾਂ ਇਹ ਕਟਾਈ ਲਈ ਤਿਆਰ ਹੋ ਜਾਂਦੀ ਹੈ। ਚਾਰੇ ਵਾਲੀ ਫ਼ਸਲ ਵਿੱਚੋਂ ਛੱਲੀਆਂ ਨਹੀਂ ਉਤਾਰਨੀਆਂ ਚਾਹੀਦੀਆਂ ਕਿਉਂਕਿ ਪੌਦੇ ਦੇ ਬਹੁਤੇ ਪੌਸ਼ਟਿਕ ਤੱਤ ਇਨ੍ਹਾਂ ਵਿੱਚ ਹੁੰਦੇ ਹਨ। ਵਾਧੂ ਚਾਰੇ ਦਾ ਆਚਾਰ ਬਣਾ ਕੇ ਰੱਖਿਆ ਜਾ ਸਕਦਾ ਹੈ। -0-

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

-0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਅਗਸਤ ਮਹੀਨੇ ਦੀਆਂ ਸਰਗਰਮੀਆਂ

**ਮਾਝਾ**

**1. ਪਰਿੰਗੜੀ (ਤਰਨਤਾਰਨ) (79731-15345)-** ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਜੀ ਵਲੋਂ ਸ਼ਨੀਵਾਰ, ਐਤਵਾਰ, ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਨੂੰ ਪਿੰਡ ਪਰਿੰਗੜੀ ਵਿਖੇ ਸ਼ਾਮ ਨੂੰ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ। ਵੀਰਵਾਰ ਅਤੇ ਸ਼ੁੱਕਰਵਾਰ ਨੂੰ ਪਿੰਡ ਕੋਟਦਾਤਾ ਵਿਖੇ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ। ਸ਼ੁੱਕਰਵਾਰ ਨੂੰ ਸਵੇਰੇ ਸ.ਸ.ਸ.ਸ. ਹਰੀ ਸਿੰਘ ਸਕੂਲ ਨੰਦਪੁਰ ਵਿਖੇ ਕਲਾਸਾਂ ਲਗਾਈਆਂ ਜਾਂਦੀਆਂ ਹਨ। ਐਤਵਾਰ ਨੂੰ ਰੂੜੇ ਆਸਲ ਵਿਖੇ ਕਲਾਸ ਲਗਾਈ ਜਾਂਦੀ ਹੈ। 2 ਬੱਚੇ ਸਹਿਜ ਪਾਠ ਕਰ ਰਹੇ ਹਨ।

**2. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਹਫਤਾਵਾਰੀ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਬੱਚਿਆਂ ਨਾਲ ਇਤਿਹਾਸ ਅਤੇ ਗੁਰਬਾਣੀ ਵੀਚਾਰ ਸਾਂਝੀ ਕੀਤੀ ਗਈ। ਗੁਰਬਾਣੀ ਸੰਥਿਆ ਤੋਂ ਇਲਾਵਾ ਦਸਤਾਰ ਮੁਕਾਬਲਿਆਂ ਵਿੱਚ ਹਾਜ਼ਰੀ ਭਰੀ ਗਈ।

**ਮਾਲਵਾ:-**

**3. ਖਨਾਲ ਖੁਰਦ (62390-80242)-** ਕੇਂਦਰ ਦੇ ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਸਵੇਰੇ ਨਿਤਨੇਮ ਅਤੇ ਹਰ ਰੋਜ਼ ਲੜੀਵਾਰ ਕਥਾ ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ਼ 10 ਵਜੇ ਤੋਂ 12 ਵਜੇ ਤੱਕ ਮਾਤਾਵਾਂ ਦੀ ਕਲਾਸ ਲਗਾਈ ਜਾਂਦੀ ਹੈ। ਹਰ ਬੁੱਧਵਾਰ ਅਤੇ ਐਤਵਾਰ ਨੂੰ ਬੱਚਿਆਂ ਦੀ ਕੀਰਤਨ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ 7.30 ਵਜੇ ਤੋਂ 8.30 ਵਜੇ ਤੱਕ ਵੀਰਾਂ ਦੀ ਕਲਾਸ ਲਗਾਈ ਜਾਂਦੀ ਹੈ। ਹਰ ਸ਼ਨੀਵਾਰ ਅਤੇ ਐਤਵਾਰ ਨੂੰ 2 ਪਿੰਡਾਂ ਵਿੱਚ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇੱਕ ਸਕੂਲ ਵਿੱਚ ਬੱਚਿਆਂ ਦੀ ਕਲਾਸ ਲਗਾਈ ਜਾਂਦੀ ਹੈ। 60 ਬੱਚੇ ਸਹਿਜ ਪਾਠ ਕਰ ਰਹੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।



**4. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 3 ਅਗਸਤ ਨੂੰ ਪਿੰਡ ਸਿੱਧਵਾਂ ਕਲਾਂ ਵਿਖੇ ਸਾਲਾਨਾ ਜੋੜ ਮੇਲੇ ਦੌਰਾਨ ਕਿਤਾਬਾਂ ਦੀ ਸਟਾਲ ਲਗਾਈ ਗਈ, ਫ੍ਰੀ ਲਿਟਰੇਚਰ ਵੰਡਿਆ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਬਲਿਕ ਲਾਇਬ੍ਰੇਰੀ ਪਿੰਡ ਕਾਲਖ ਵਿਖੇ ਬੱਚਿਆਂ ਦੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ, ਸੁਖਮਨੀ ਸਾਹਿਬ ਦੇ ਪਾਠ ਦੀ ਸਮਾਪਤੀ ਤੋਂ ਉਪਰੰਤ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ, ਵੀਰ ਅਮਰਪ੍ਰੀਤ ਸਿੰਘ ਗੁੱਜਰਵਾਲ ਨੇ ਲੈਕਚਰ ਦੁਆਰਾ ਸਾਂਝ ਪਾਈ। ਪਿੰਡ ਬੜੂੰਦੀ ਵਿਖੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ, ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ ਦਿੱਤੇ ਗਏ, ਦਾਸ ਵਲੋਂ ਜੱਜਮੈਂਟ ਦੀ ਭੂਮਿਕਾ ਨਿਭਾਈ ਗਈ, ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਗਏ। 10 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**5. ਗੁੱਜਰਵਾਲ (94655-66666)-**ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਆਦਰਸ਼ ਸਕੂਲ ਡੇਹਲੋਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਹਲੋਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਲ੍ਹਾ ਰਾਇਪੁਰ, ਜੀ. ਐਚ. ਜੀ. ਮੰਡੀ ਅਹਿਮਦਗੜ, ਪ੍ਰੀਤ ਗੋਬਿੰਦ ਸਕੂਲ ਜੋਧਾਂ, ਅਜੀਤਸਰ ਸਕੂਲ ਮੋਹੀ, ਡਾ: ਭਰਪੂਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਵਿੱਚ ਪੰਦਰਾਂ ਦਿਨਾਂ ਬਾਅਦ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਜੜਤੌਲੀ ਅਤੇ ਕਿਲ੍ਹਾ ਰਾਇਪੁਰ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। 20 ਬੱਚੇ ਸਹਿਜ ਪਾਠ ਕਰ ਰਹੇ ਹਨ।

**6. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 5 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਅਕੈਡਮੀ ਜਗਰਾਉ ਵਲੋਂ ਬੱਚਿਆਂ ਦਾ ਧਾਰਮਿਕ ਪੇਪਰ ਲਿਆ ਗਿਆ ਹੈ, ਜਿਸ ਵਿੱਚ ਪਿੰਡ ਚੁੱਪਕੀਤੀ ਦੇ ਬੱਚਿਆਂ ਨੇ ਪਹਿਲਾ, ਦੂਜਾ ਸਥਾਨ ਪ੍ਰਾਪਤ ਕੀਤਾ ਹੈ। 30 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ- ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਵੇਰ ਦੀ ਸਭਾ ਵਿੱਚ ਬੱਚੇ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ। ਬੱਚੇ ਸਕੂਲ ਵਿੱਚ ਸਹਿਜ ਪਾਠ ਕਰਦੇ ਹਨ। ਬੱਚਿਆਂ ਨੂੰ ਗੁਰਮਤਿ ਮੁਕਾਬਲਿਆਂ ਲਈ ਵੀ ਤਿਆਰ ਕੀਤਾ ਜਾਂਦਾ ਹੈ। ਅਗਸਤ ਮਹੀਨੇ ਵਿੱਚ ਮੋਰਚਾ ਗੁਰੂ ਕਾ ਬਾਗ ਤੇ ਬੱਚਿਆਂ ਨੂੰ ਲੈਕਚਰ ਦਿੱਤਾ ਗਿਆ ਤੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਜਾਣਕਾਰੀ ਦਿੱਤੀ ਗਈ। 58 ਬੱਚੇ ਸਹਿਜ ਪਾਠ ਕਰ ਰਹੇ ਹਨ, 15 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 8 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਬੁਗਰਾ (70097-82466)-** ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਬੀਬੀਆਂ ਵਲੋਂ 10 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਅਤੇ ਗੁਰਮਤਿ ਕਲਾਸ ਦੇ ਬੱਚਿਆਂ ਵਲੋਂ ਕੀਰਤਨ ਕੀਤਾ ਗਿਆ ਅਤੇ ਕਥਾ-ਵੀਚਾਰ ਕੀਤੀ ਗਈ। ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸ਼ਾਮ ਨੂੰ ਕੰਪਿਊਟਰ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ 15 ਬੱਚੇ ਹਾਜ਼ਰੀ ਭਰਦੇ ਹਨ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਵਜੀਰ ਕੇ ਖੁਰਦ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਲਖਵਿੰਦਰ ਸਿੰਘ ਵਲੋਂ ਸਵੇਰੇ ਸ਼ਾਮ ਦਾ ਨਿਤਨੇਮ ਅਤੇ ਹਰ ਰੋਜ਼ ਕਥਾ ਵੀਚਾਰ ਕੀਤੀ ਜਾਂਦੀ ਹੈ। ਹਰ ਐਤਵਾਰ ਸਵੇਰੇ ਨਿਤਨੇਮ ਦੀਆਂ ਬਾਣੀਆਂ ਤੋਂ ਬਾਅਦ ਆਸਾ ਦੀ ਵਾਰ ਬਾਣੀ ਦਾ ਪਾਠ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ ਗਿਆ ਅਤੇ ਸੰਗਤ ਨਾਲ ਗੁਰਮਤਿ ਵਿਚਾਰਾਂ

ਦੀ ਸਾਂਝ ਪਾਈ ਗਈ।

**10. ਕੁਲਾਰ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਰੋਜ਼ਾਨਾ ਅੰਮ੍ਰਿਤ ਵੇਲੇ ਸ਼ਬਦ ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸਵੇਰੇ ਸੰਗਤ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਵੱਖ-ਵੱਖ ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵਿਚਾਰਾਂ ਕੀਤੀਆਂ ਗਈਆਂ।

**ਦੁਆਬਾ**

**11. ਮੋਹਨਵਾਲ (9815107941) –** ਪ੍ਰਚਾਰਕ ਭਾਈ ਸਤਿਨਾਮ ਸਿੰਘ ਵਲੋਂ ਗੁਰਦੁਆਰਾ ਪ੍ਰਚਾਰ ਕੇਂਦਰ ਮੋਹਨਵਾਲ, ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ/ਪ੍ਰਚਾਰਕ ਦੀ ਸੇਵਾ ਨਿਭਾਈ ਜਾ ਰਹੀ ਹੈ। ਰੋਜ਼ਾਨਾ ਸਵੇਰੇ ਸ਼ਾਮ ਨਿਤਨੇਮ ਤੋਂ ਇਲਾਵਾ ਆਸਾ ਦੀ ਵਾਰ ਗੁਰਬਾਣੀ ਕਥਾ-ਵੀਚਾਰ ਲੜੀਵਾਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਰੋਜ਼ਾਨਾ ਸ਼ਾਮ ਨੂੰ ਬੀਬੀਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਸ਼ੁਰੂ ਕੀਤੀ ਗਈ ਹੈ। ਪਿੰਡ ਬੁਗਵਾਂਈ ਅਤੇ ਪਿੰਡ ਮੋਹਨਵਾਲ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਹਿਯੋਗ ਨਾਲ ਹਰ ਮਹੀਨੇ ਕੇਂਦਰ ਦੇ ਵੱਖ-ਵੱਖ ਪਿੰਡਾਂ ਦੇ ਬੱਚਿਆਂ ਨੂੰ ਵਜੀਫੇ ਵੰਡੇ ਜਾ ਰਹੇ ਹਨ। ਪਿੰਡ ਕਾਲੇਵਾਲ ਵਿਖੇ ਹੋਏ ਸਮਾਗਮਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ।

**12. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨ ਅਕੈਡਮੀ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਦੇ ਦੋ ਗੁਰਦੁਆਰਿਆਂ ਵਿਖੇ ਗੁਰਮਤਿ ਦੀਆਂ ਕਲਾਸਾਂ ਦੇ ਨਾਲ-ਨਾਲ ਕੀਰਤਨ ਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਪਿੰਡ ਚੱਕ ਕਲਾਂ ਅਤੇ ਚੱਕ ਖੁਰਦ ਵਿਖੇ ਗੁਰਮਤਿ ਕਲਾਸਾਂ ਦੇ ਨਾਲ-ਨਾਲ ਗੁਰਬਾਣੀ ਕੀਰਤਨ ਦੀ ਕਲਾਸ ਲਗਾਈ ਜਾਂਦੀ ਹੈ। 3 ਬੱਚਿਆਂ ਨੇ ਸਹਿਜ ਪਾਠਾਂ ਦੀ ਸਮਾਪਤੀ ਕੀਤੀ ਅਤੇ ਨਾਲ ਹੀ 3 ਸਹਿਜ ਪਾਠ ਆਰੰਭ ਕੀਤੇ ਹਨ। ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।

**13. ਨਵਾਂ ਸ਼ਹਿਰ (87290-86035)-** ਕੇਂਦਰ ਦੇ ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਹਰ ਰੋਜ਼ ਬੱਚਿਆਂ ਦੀ ਗੁਰਮਤਿ ਕਲਾਸ, ਫ੍ਰੀ ਟਿਊਸ਼ਨ ਕਲਾਸ ਅਤੇ ਫ੍ਰੀ ਕੰਪਿਊਟਰ ਦੀ ਕਲਾਸ ਲਗਾਈ ਜਾਂਦੀ ਹੈ। ਹਰ ਸੋਮਵਾਰ ਜੈ ਭਾਰਤ ਸਕੂਲ ਸਮੁੰਦੜਾ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਵੀਰਵਾਰ ਬਾਬਾ ਵਜੀਰ ਸਿੰਘ ਪਬਲਿਕ ਸਕੂਲ ਨਵਾਂ ਸ਼ਹਿਰ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਪਿੰਡ ਪਨਾਮ, ਮਜਾਰੀ, ਭੌਰਾ ਅਤੇ ਸਾਹਲੋਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਆਰੰਭ ਕੀਤੇ ਹਨ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**14. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਦੀ ਸੇਵਾ ਅਤੇ ਹੁਕਮਨਾਮੇ ਦੀ ਕਥਾ-ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸ਼ਾਮ ਨੂੰ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਚ ਸੰਗਤ ਵਲੋਂ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**15. ਅੱਪਰਾ- (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 12 ਪਿੰਡਾਂ ਵਿੱਚ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਮਹੀਨੇ 3 ਸਕੂਲਾਂ ਵਿੱਚ ਨੈਤਿਕ ਸਿਖਿਆ ਦੀਆਂ ਕਲਾਸਾਂ ਆਰੰਭ ਕੀਤੀਆਂ ਗਈਆਂ ਹਨ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ ਅਤੇ 17 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**16. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 11 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਪਿੰਡ ਫਿੰਦੜ ਆਰ. ਐਸ. ਪੁਰਾ ਵਿਖੇ, 11.30 ਵਜੇ ਤੋਂ 1 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਆਰ. ਐਸ. ਪੁਰਾ ਵਿਖੇ, 4.30 ਵਜੇ ਤੋਂ 6.15 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**17. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**18. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**19. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜਨੰਦਗਾਓ ਛੱਤੀਸਗੜ੍ਹ 'ਚ ਗੁਰਮਤਿ ਕਲਾਸਾਂ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਗਈ। ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਬੱਚਿਆਂ ਵਲੋਂ ਕੀਰਤਨ ਕੀਤਾ ਗਿਆ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**20. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਅੱਪਰਾ ਵਲੋਂ ਦਸਮੇਸ਼ ਹਾਈ ਸਕੂਲ ਪਿੰਡ ਅੱਟੀ (ਜਲੰਧਰ) ਵਿਖੇ ਨੈਤਿਕ ਸਿੱਖਿਆ ਦੀ ਕਲਾਸ ਲਗਾਈ ਗਈ।



ਕੇਂਦਰ ਅੱਪਰਾ ਵਲੋਂ ਪਿੰਡ ਹੁਸੈਨਪੁਰ (ਲੁਧਿਆਣਾ) ਵਿਖੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਖਨਾਲ ਕਲਾਂ ਵਿਖੇ ਵੀਰਾਂ ਦੀ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਖਨਾਲ ਕਲਾਂ ਦੇ ਪਿੰਡ ਮੁਨਸ਼ੀਵਾਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਖਨਾਲ ਕਲਾਂ ਦੇ ਸਰਕਾਰੀ ਸਕੂਲ ਪਿੰਡ ਜਨਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਮਾਲੂਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਪੱਧਰੀ ਵਿਖੇ ਬੱਚਿਆਂ ਦੀ ਲੱਗ ਰਹੀ ਗੁਰਮਤਿ ਕਲਾਸ।



ਕੇਂਦਰ ਮਾਲੂਵਾਲ ਦੇ ਪਿੰਡ ਭੁੱਚਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ


ਕੇਂਦਰ ਬੁਗਰਾ ਵਿਖੇ ਲੱਗ ਰਹੀ ਬੱਚਿਆਂ ਦੀ ਕੰਪਿਊਟਰ ਕਲਾਸ


ਕੇਂਦਰ ਬੁਗਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਕੇਂਦਰ ਅੱਪਰਾ ਦੇ ਬਾਬਾ ਦੀਪ ਸਿੰਘ ਕਾਨਵੈਂਟ ਸਕੂਲ ਰੁੜਕਾ ਵਿਖੇ ਲੱਗ ਰਹੀ ਗੁਰਮਤਿ ਕਲਾਸ


ਕੇਂਦਰ ਗੁੱਜਰਵਾਲ ਵਲੋਂ ਸਰਕਾਰੀ ਸਕੂਲ ਡੇਹਲੋਂ ਵਿਖੇ ਲੱਗ ਰਹੀ ਗੁਰਮਤਿ ਕਲਾਸ।


ਕੇਂਦਰ ਚੱਕ ਕਲਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।


ਕੇਂਦਰ ਦੁਰਗ (ਛੱਤੀਸਗੜ੍ਹ) ਦੇ ਗੁ: ਸਿੰਘ ਸਭਾ ਵਿਖੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ।




ਪਿਛਲੇ ਦਿਨੀਂ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਿਖੇ 27ਵੇਂ ਬੈਚ ਦੇ ਪੰਜਾਬ ਅਤੇ ਨਾਗਪੁਰ ਦੇ ਵਿਦਿਆਰਥੀਆਂ ਦਾ ਵਿਦਾਇਗੀ ਸਮਾਰੋਹ ਕੀਤਾ ਗਿਆ।